

# ਪ੍ਰੀਤ ਲੜੀ

Since 1933
Preet Lari Magazine
*The Oldest Punjabi Literary Journal*

93 ਵਾਂ ਸਾਲ

ਅੰਕ 6

ਕੁਲ ਅੰਕ #943

ਜੂਨ 2026 | ₹50

# Gandhi's letter to the Viceroy for commuting the death sentence to Bhagat Singh

M. K. Gandhi

1 DARYAGANJ,
DELHI,
March 23, 1931

The Viceroy,
Govt. of India.

DEAR FRIEND,

It seems cruel to inflict this letter on you, but the interest of peace demands a final appeal.

Though you were frank enough to tell me that there was little hope of your commuting the sentence of death on Bhagat Singh and two others, you said you would consider my submission of Saturday.


Dr. Sapru met me yesterday and said that you were troubled over the matter and taxing your brain as to the proper course to adopt.

If there is any room left for reconsideration, I invite your attention to the following.

Popular opinion rightly or wrongly demands commutation. When there is no principle at stake, it is often a duty to respect it. In the present case the chances are that, if commutation is granted, internal peace is most likely to be promoted. In the event of execution, peace is undoubtedly in danger. Seeing that I am able to inform you that the revolutionary party has assured me that, in the event of these lives being spared, that party will stay its hands, suspension of sentence pending cessation of revolutionary murders becomes in my opinion a peremptory duty. Political murders have been condoned before now. It is worthwhile saving these lives, if thereby many other innocent lives are likely to be saved and maybe even revolutionary crime almost stamped out. Since you seem to value my influence such as it is in favour of peace, do not please unnecessarily make my position, difficult as it is, almost too difficult for future work. Execution is an irretrievable act. If you think there is the slightest chance of error of judgment, I would urge you to suspend for further review an act that is beyond recall. If my presence is necessary, I can come. Though I may not speak. I may hear and write what I want to say. "Charity never faileth."

I am,
Your sincere friend,
M. K. Gandhi

From a Photostat : C.W. 9343.
Courtesy: India Office Library



No. 18.
(To be submitted in Duplicate)

GOVERNMENT OF INDIA

PUNJAB GOVERNMENT

DEATH WARRANT

(FORM OF)

(Section 359 and 374, Criminal Procedure Code)

To The Superintendent of Jail, Lahore

WHEREAS the undermentioned person has been sentenced to death by the Court of Special Tribunal on the 7th day of October 1930. I hereby authorise and direct you to cause the said sentence to be carried into execution on 23rd day of March 1931 between the hours of 6 and 7 in the morning, by causing him to be hanged by the neck till he is dead.

| Name of the Condemned. | Offence for which Condemned. | Date of Sentence. | By what Court Sentenced. |
|---|---|---|---|
| 1. Bhagat Singh | Waging war against the King-Emperor and murder | 7-10-1930 | Special Tribunal Lahore. |
| 2. Shivaram Rajguru | " " " | 7-10-1930 | " " |
| 3. Sukhdev Thapar | " " " | 7-10-1930 | " " |

Given under my hand and seal this 20th day of March 1931

Herbert Edward Rayson
(Herbert Edward Rayson)
Lieutenant Governor of the Punjab.

GOVERNMENT OF THE PUNJAB

No. 218 Dated Lahore the 20th March 1931

To The Superintendent of Jail, Lahore

R. H. Jackson
Home Secretary to Government of the Punjab.

March 1931 at 7 A.M. By me,
J. B. Ironside

# ਬਿੱਲੀ ਤੋਂ ਸ਼ੇਰ ਬਣ ਗਿਆ ਹੈ- ਚੀਨ; ਆਦਤ ਪਾ ਲਈਏ: ਮਹਿਬੂਬਾਨੀ



**"ਹੁਣ ਨਹੀਂ ਕਿਸੇ ਤੋਂ ਰੁਕਦਾ ਚੀਨ" -ਕਿਸ਼ੋਰ ਮਹਿਬੂਬਾਨੀ**

ਜੇ ਦੁਨੀਆ ਵਿਚ ਅੱਜ ਚੱਲ ਰਹੀਆਂ ਲੜਾਈਆਂ ਅਸਲ ਵਿਚ ਅਮਰੀਕਾ ਅਤੇ ਚੀਨ ਵਿਚ ਚੌਧਰ ਕਾਇਮ ਰੱਖਣ ਅਤੇ ਚੌਧਰ ਹਾਸਲ ਕਰਨ ਦੀ ਜੰਗ ਵੱਲੋਂ ਲਿਆ ਹੋਇਆ ਰੂਪ ਹਨ, ਤਾਂ, ਜਿਵੇਂ ਅਸੀਂ ਇੱਕ ਵਾਰ ਬਹੁਤ ਪਹਿਲਾਂ ਵੀ ਕਿਹਾ ਸੀ: ਸਭ ਤੋਂ ਚੰਗਾ ਇਹੋ ਹੈ ਨਾ ਕਿ ਇਹ ਦੋਨੋਂ ਤਾਕਤਾਂ ਆਪਸ ਵਿਚ ਬੈਠ ਕੇ ਗੱਲ ਕਰ ਲੈਣ ਅਤੇ ਖੇਤਰ/ਤਾਕਤ ਬਾਰੇ ਸਹਿਮਤੀ ਬਣਾਅ ਲੈਣ! ਦੁਨੀਆ ਵਿਚ ਅੰਨ੍ਹੀ ਮਾਰ ਕਾਟ ਅਤੇ ਆਰਥਕ ਨੁਕਸਾਨ ਨਾ ਹੋਣ ਦੇਣ।

ਪਰ ਪ੍ਰੋ. ਕਿਸ਼ੋਰ ਮਹਿਬੂਬਾਨੀ (ਭਾਰਤ ਦੀ ਵੰਡ ਤੋਂ ਬਾਅਦ ਸਿੰਧ ਤੋਂ ਸਿੰਗਾਪੋਰ ਜਾ ਵਸੇ ਗਰੀਬੀ ਹੰਢਾਉਂਦੇ ਸਿੰਧੀ ਬੋਲਦੇ ਹਿੰਦੂ ਪਰਿਵਾਰ ਵਿਚ 1948 ਵਿਚ ਪੈਦਾ ਹੋਏ ਭਾਰਤੀ ਮੂਲ ਦੇ ਸਿੰਗਾਪੋਰੀ ਵਿਦਵਾਨ, ਲੇਖਕ ਅਤੇ ਰਾਜਦੂਤ- ਸਿੰਗਾਪੋਰ ਦੇ ਯੂਐੱਨ ਵਿਚ ਪੱਕੇ ਨੁਮਾਇੰਦੇ, ਸਾਬਕਾ ਪ੍ਰਧਾਨ ਯੂਐਨ ਸਕਿਓਰਿਟੀ ਕਾਉਂਸਲ, ਚੀਨ ਨਾਲ ਵਾਹਵਾ ਵਾਹ ਰੱਖਦੇ ਆਏ), ਸਤਿਕਾਰੇ ਬੁੱਧੀਜੀਵੀ, ਕਹਿ ਰਹੇ ਹਨ ਕਿ 'ਹਾਲਾਂਕਿ ਆਪਸ ਵਿਚ ਸਹਿਮਤੀ ਬਣਾਅ ਕੇ ਚੱਲਣਾ ਸਭ ਤੋਂ ਚੰਗਾ ਹਲ ਹੁੰਦੀ, ਪਰ ਅਸਲ ਦੁਨੀਆ ਵਿਚ ਅਕਸਰ ਇਹ ਸੰਭਵ ਨਹੀਂ ਹੁੰਦਾ'। ਉਨ੍ਹਾਂ ਕਿਤਾਬ ਲਿਖੀ ਹੈ - **"ਹੈਜ਼ ਚਾਈਨਾ ਵਨ?"** (ਕੀ ਚੀਨ ਜਿੱਤ ਚੁੱਕਾ ਹੈ?) ਜਿਸ ਵਿਚ ਉਹ ਕਹਿੰਦੇ ਹਨ ਕਿ ਅਮਰੀਕਾ ਨੂੰ ਚੀਨ ਵੱਲ ਆਪਣੀ ਨੀਤੀ ਬਦਲਣੀ ਹੀ ਚਾਹੀਦੀ ਹੈ, ਅਤੇ ਰਲ ਕੇ ਚੱਲਣ ਵੱਲ ਆਉਣਾ ਚਾਹੀਦਾ ਹੈ।

ਚੀਨ ਦੇ ਨਵੇਂ ਰੁਤਬੇ ਬਾਰੇ ਮਹਿਬੂਬਾਨੀ ਕਹਿੰਦੇ ਹਨ- ਆਓ ਆਦਤ ਪਾ ਲਈਏ ਕਿ ਉਹ ਚੀਨ ਜੋ ਕਦੇ ਬਿੱਲੀ ਸੀ (ਅਤੇ ਜਿਸ ਦੀ ਸਾਨੂੰ ਨਿੱਕੀ ਜਿਹੀ ਤਾਕਤ ਹੋਣ ਦੀ ਆਦਤ ਸੀ)- ਉਹ ਹੁਣ ਸ਼ੇਰ ਬਣ ਗਿਆ ਹੈ।

ਇੱਥੋਂ ਤੱਕ ਕਿ ਹੁਣ ਇਹ ਸੁਆਲ ਵੀ ਸਿਰ ਚੁੱਕਣ ਲੱਗ ਪਿਆ ਹੈ - ਕੀ ਅਸਲ ਵਿਚ ਚੀਨ ਜਿੱਤ ਵੀ ਚੁੱਕਾ ਹੈ? ਜੁਆਬ ਵਿਚ ਮਹਿਬੂਬਾਨੀ ਕਹਿੰਦੇ ਹਨ ਕਿ: ਅਜੇ ਨਹੀਂ- ਪਰ ਅਮਰੀਕਾ ਕੋਲ ਨਵੇਂ ਚੀਨ ਦੇ ਉਭਾਰ ਦੇ ਖ਼ਿਲਾਫ਼, ਬਰਾਬਰ ਦੀ ਕੋਈ ਚੰਗੀ ਨੀਤੀ ਵੀ ਤਾਂ ਨਹੀਂ ਹੈ।

"ਬਲੂਮਬਰਗ ਪੌਡਕੱਾਸਟਸ" ਦੇ "ਦ ਮਿਸ਼ਾਲ ਹੁਸੈਨ ਸ਼ੋਅ" ਵਿਚ ਮਿਸ਼ਾਲ ਹੁਸੈਨ ਨਾਲ ਕਿਸ਼ੋਰ ਮਹਿਬੂਬਾਨੀ ਦੀ ਹੋਈ ਲੰਮੀ ਗੱਲ ਬਾਤ ਉੱਤੇ ਖ਼ੂਬ ਚਰਚਾ ਹੋ ਰਹੀ ਹੈ। ਵਿਸ਼ਾ ਸੀ - "ਚੀਨ ਵਰਸਜ਼ ਯੂਐੱਸ: ਕਿਸ਼ੋਰ ਮਹਿਬੂਬਾਨੀ ਔਨ ਅ ਜ਼ੀਰੋ ਸਮ ਗੇਮ" ("ਚੀਨ ਬਨਾਮ ਅਮਰੀਕਾ: ਜ਼ੀਰੋ ਸਮ ਗੇਮ (ਇੱਕ ਧਿਰ ਦੀ ਜਿੱਤ ਦਾ ਦੂਜੇ ਦੀ ਹਾਰ ਦੇ ਐਨ ਬਰਾਬਰ ਹੋਣਾ-ਸੰ.) ਬਾਰੇ ਕਿਸ਼ੋਰ ਮਹਿਬੂਬਾਨੀ ਨਾਲ ਗੱਲਬਾਤ"))।

ਗੱਲਬਾਤ ਵਿੱਚੋਂ ਨਿੱਕਲੇ ਕੁਝ ਨਿਚੋੜ-

**ਇਤਿਹਾਸ ਮੁੜ ਕੇ ਸਾਹਮਣੇ ਆਇਆ ਹੈ:** ਪਿਛਲੇ 2000 ਸਾਲਾਂ ਵਿਚੋਂ 1800 ਸਾਲ ਚੀਨ ਅਤੇ ਭਾਰਤ ਹੀ ਦੁਨੀਆ ਦੇ ਸਭ ਤੋਂ ਵੱਡੇ ਦੋ ਅਰਥਚਾਰੇ ਰਹੇ ਸਨ। ਜੇ ਅੱਜ ਇਹ ਸਦੀ ਏਸ਼ੀਆਈ ਸਦੀ ਮੰਨੀ ਜਾ ਰਹੀ ਹੈ, ਤਾਂ ਇਹ ਸਿਰਫ਼ ਇੱਕ ਇਤਿਹਾਸਕ ਵਾਪਸੀ ਹੈ; ਇਨ੍ਹਾਂ ਦੋ ਮੁਲਕਾਂ ਨੇ ਅੱਜ ਖੁੱਲ੍ਹੀ ਮੰਡੀ ਅਤੇ ਨਵੀਂ ਤਕਨਾਲੋਜੀ ਉੱਤੇ ਸਫ਼ਲਤਾ ਨਾਲ ਮੁਹਾਰਤ ਵੀ ਪਾਈ ਹੋਈ ਹੈ।

**ਅਮਰੀਕਾ ਕੋਲ ਚੀਨ ਦੇ ਖ਼ਿਲਾਫ਼ ਜੇਤੂ ਨੀਤੀ ਕੋਈ ਨਹੀਂ:** ਹਾਵੀ ਤਾਕਤ ਨੇ ਆਪਣੇ ਖ਼ਿਲਾਫ਼ ਉੱਠ ਰਹੀ ਆਰਥਕ ਤਾਕਤ ਨੂੰ ਨੱਪਣਾ ਹੁੰਦਾ ਹੈ ਪਰ ਅਮਰੀਕਾ ਕੋਲ ਅਜਿਹੀ ਕੋਈ ਕਾਮਯਾਬ ਨੀਤੀ ਨਹੀਂ ਹੈ।

**ਅਮਲੀ ਰਾਹ:** ਚੀਨ ਦੀ ਤਰੱਕੀ ਨੂੰ ਰੋਕਣਾ ਅਸੰਭਵ ਹੈ- ਇਸ ਦੇ ਵਾਸਤੇ ਚੀਨ ਦੇ ਲੋਕਾਂ ਤੋਂ ਆਪਣੇ ਹਲਾਤ ਬਦਲਣ ਦਾ ਮੌਕਾ ਖੋਹਣਾ ਪਏਗਾ। ਇਸਦੀ ਥਾਂ, ਕਿਉਂ ਨਾ ਅਮਰੀਕਾ ਅਤੇ ਚੀਨ, ਮੌਸਮਾਂ ਦੀ ਤਬਦੀਲੀ, ਆਦਿ, ਅਸਲੀ ਅਤੇ ਸਾਂਝੇ ਵਿਸ਼ਿਆਂ ਉੱਤੇ ਤਾਂ, ਘੱਟੋਘੱਟ, ਮਿਲਵਰਤਣ ਦੇ ਨਾਲ ਚੱਲਣ?

**ਚੀਨ ਸ਼ੇਰ ਬਣ ਗਿਆ ਹੈ ਪਰ ਇਸ ਨਾਲ ਸਿੱਝੀਏ:** ਚੀਨ ਦੇ ਗੁਆਂਢੀ ਮੁਲਕਾਂ ਨੂੰ ਚੀਨ ਅੱਗੇ ਗੋਡੇ ਟੇਕਣ ਦੀ ਥਾਂ ਇਸ ਨਾਲ ਸਿੱਝਣ ਦੇ ਰਾਹ ਲੱਭਣੇ ਅਤੇ ਸਿੱਖਣੇ ਚਾਹੀਦੇ ਹਨ।

**– ਪੂਨਮ ਸਿੰਘ**

THE OLDEST
LITERARY
PUNJABI MAGAZINE
IN THE WORLD

ਅੰਕ # 6
ਕੁਲ ਅੰਕ 943
ਜੂਨ 2026

ਬਾਨੀ
ਗੁਰਬਖ਼ਸ਼ ਸਿੰਘ,
ਨਵਤੇਜ ਸਿੰਘ

ਬਾਨੀ ਪ੍ਰਧਾਨ
ਪ੍ਰੀਤਲੜੀ ਟ੍ਰਸਟ
ਪੀ.ਐਚ.ਵੈਸ਼ਨਵ

ਪ੍ਰੀਤ ਲੜੀ ਨੌਜਵਾਨ
ਸੰਪਾਦਕ ਸੁਮੀਤ
ਸਿੰਘ ਦੀ ਯਾਦ
ਵਿਚ ਅਤੇ ਸ੍ਰੀ
ਪੀ ਐੱਚ ਵੈਸ਼ਨਵ
(IAS) ਮਰਹੂਮ ਦੇ
ਅਨੂਠੇ ਉਤਸ਼ਾਹ
ਦੇਣ ਸਦਕਾ
ਜ਼ਿੰਦਾ ਹੈ।

ਸੰਪਾਦਕਾ
ਪੂਨਮ ਸਿੰਘ
ਸੰਚਾਲਕ
ਰੱਤੀ ਕੰਤ ਸਿੰਘ
Art Direction/
Design
ਸਮੀਆ ਸਿੰਘ
ਰਚਨਾਤਮਕ ਸਹਿਯੋਗ
ਰਤਿਕਾ ਸਿੰਘ

ਛਾਪਕ-ਪ੍ਰਕਾਸ਼ਕ ਰੱਤੀ ਕੰਤ ਸਿੰਘ ਨੇ ਪ੍ਰੀਤ ਲੜੀ ਟ੍ਰਸਟ ਲਈ ਪ੍ਰਿੰਟਵੈਲ, 146 ਫ਼ੋਕਲ ਪੌਇੰਟ ਅਮ੍ਰਿਤਸਰ ਤੋਂ ਛਪਵਾਅ ਪ੍ਰੀਤਨਗਰ ਜ਼ਿਲ੍ਹਾ ਅਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

PREET LARI IS AN INDEPENDENT, NON-PROFIT PUBLICATION. WE RELY ON THE SUPPORT OF OUR READERS AND PATRONS. TO ENQUIRE ABOUT WAYS YOU CAN COLLABORATE AND SUPPORT PREET LARI, PLEASE CONTACT PREETLARHI@GMAIL.COM

| | |
|---|---|
| ₹ 50 | ਮੁੱਲ |
| ₹ 600 | ਸਾਲਾਨਾ ਚੰਦਾ |
| ₹ 25,000 | ਜੀਵਨ ਸਾਥ (ਭਾਰਤ) |
| ₹ 4,000 | ਵਿਦੇਸ਼ ਸਲਾਨਾ |
| ₹ 8,000 | ਵਿਦੇਸ਼ ਸੰਸਥਾਵਾਂ ਸਲਾਨਾ |

https://preetlari.in
Preet Lari's Blog

@preetlarimagazine on Instagram

facebook.com/groups/preetlari magazine

PUBLISHED BY:
PREET LARI TRUST
PREET NAGAR,
DISTT. AMRITSAR
PUNJAB 143 109

**FOR BANK TRANSFER,
OUR BANK ACCOUNT :**
"Preet Lari Trust";
PNB (134810)
6379002100000349
IFSC: PUNB0134810
SWIFT: PUNBINBBAHB
*FOR UPI/GOOGLEPAY*
*9876263725*

CONTACT:
PREET LARI,
VILLAGE PREET NAGAR
(DISTT AMRITSAR ) PUNJAB,
INDIA 143 109

2. PREET LARI,
81, 10 A,
CHANDIGARH 160 011

PUBLISHER
+91 98762 63725

EDITOR
+9173476 42206

"ਸਰਬੱਤ ਦਾ ਭਲਾ ਚੈਰੀਟੇਬਲ ਟ੍ਰੱਸਟ ਦੁਆਰਾ ਮਿਲੇ ਵਿਤੀ ਸਹਿਯੋਗ ਸਦਕਾ ਪ੍ਰੀਤ ਲੜੀ ਰਸਾਲਾ ਸਾਹਿਤਕ ਜਗਤ ਵਿੱਚ ਹੋਰ ਬੁਲੰਦੀਆਂ ਛੂਹੇਗਾ ਅਤੇ ਸ. ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਜੀ ਦੇ ਸਮੇਂ ਵਾਲੀ ਮਹਿਕ ਨਾਲ ਸਾਹਿਤਕ ਜਗਤ ਮੁੜ ਮਹਿਕ ਉੱਠੇਗਾ। ਇਹ ਸਾਡਾ ਭਰੋਸਾ ਵੀ ਹੈ ਅਤੇ ਦਾਅਵਾ ਵੀ ।"

ਮੁੱਖ ਸਫ਼ਾ : ਨਹਾਉਣ ਤੋਂ ਬਾਅਦ – ਕਲਾਕਾਰ: ਅਸਿਤ ਸਰਕਾਰ ਪੇਸ਼ਕਾਰੀ: ਸਮੀਆ ਸਿੰਘ

*After a Bath- by Asit Sarkar (Acrylic on Canvas-30x24"(2010) Verandah Art Gallery, Kolkata)*



## ਪੰਜਾਬੀਆਂ ਲਈ ਖ਼ੁਸ਼-ਖ਼ਬਰੀ:

### Shadows of the Moonless Nights –ਪਰਛਾਵੇਂ ਮੱਸਿਆ ਰਾਤਾਂ ਦੇ

ਇਹ ਪੰਜਾਬੀ ਭਾਸ਼ਾ ਦੀ ਬੜੀ ਵਾਹ ਵਾਹ ਖੱਟ ਰਹੀ 24-ਮਿਨਟਾਂ ਦੀ ਨਿੱਕੀ ਫ਼ਿਲਮ, FTII ਦੀ ਵਿਦਿਆਰਥਣ ਮਿਹਰ ਮਲਹੌਤ੍ਰਾ ਵੱਲੋਂ ਨਿਰਦੇਸ਼ਿਤ ਹੈ। "ਰਾਜਨ" ਮੁੰਬਈ ਵਿਚ ਰਾਤਾਂ ਦੀ ਸ਼ਿਫ਼ਟ ਕਰਦਾ ਅੱਕਿਆ ਰਹਿੰਦਾ ਫ਼ੈਕਟ੍ਰੀ ਕਾਮਾ ਹੈ, ਜਿਸਨੂੰ ਸਖ਼ਤ ਥਕੇਵੇਂ, ਉਨੀਂਦਰੇ, ਅਤੇ ਮਹਾਨਗਰ ਵਿਚ ਕਿਸੇ ਤਰ੍ਹਾਂ ਬਚੇ ਰਹਿਣ ਲਈ ਭਾਵੁਕ ਤਰਥੱਲੀਆਂ ਵਿਚੋਂ ਲੰਘਣਾ ਪੈ ਰਿਹਾ ਹੈ। ਇਸ ਫ਼ਿਲਮ ਨੂੰ 79ਵੇਂ Cannes Film Festival ਦੇ ਉੱਚ-ਦੁਮਾਲੜੇ ਮੁਕਾਬਲੇ La Cinef ਵਿਚ ਭਾਰਤ ਵੱਲੋਂ ਸਾਰੀ ਦੁਨੀਆ ਦੇ ਫ਼ਿਲਮ ਸਕੂਲਾਂ ਤੋਂ ਆਈਆਂ ਫ਼ਿਲਮਾਂ ਨੂੰ ਮੁਕਾਬਲਾ ਦੇਣ ਲਈ ਮਨਜ਼ੂਰ ਕੀਤਾ ਗਿਆ ਹੈ। ਨਿਰਦੇਸ਼ਕਾ ਅਤੇ ਸਕ੍ਰੀਨ ਪਲੇਅ ਲੇਖਕਾ: ਮਿਹਰ ਮਲਹੋਤਰਾ, ਮੁੱਖ ਕਲਾਕਾਰ: ਪ੍ਰੇਰਕ ਮਹਿਤਾ, ਨਿਕਿਤਾ ਗਰੋਵਰ, ਹਿਮਾਂਸ਼ੂ ਕੋਹਲੀ। ਨਿਰਮਾਤਾ: FTII. ਬਣਨ-ਸਾਲ: 2026।

ਮਿਹਰ ਮਲਹੌਤਰਾ ਮੁਤਾਬਕ ਉਸਨੂੰ ਪ੍ਰੇਰਣਾ ਖ਼ੁਦ ਆਪਣੇ ਮੁੰਬਈ ਜਾ ਵਸਣ ਦੇ ਤਜਰਬੇ ਤੋਂ ਅਤੇ ਇਸ ਕਦੇ ਨਾ ਸੌਣ ਵਾਲੇ ਮਹਾਨਗਰ ਦੇ ਅਣਦਿਸਦੇ ਸੰਘਰਸ਼ਾਂ ਨੂੰ ਅਤੇ ਮਜ਼ਦੂਰਾਂ ਨੂੰ ਗਹੁ ਨਾਲ ਵੇਖਣ ਤੋਂ ਮਿਲੀ ਹੈ। ਕਹਾਣੀ, ਖਹਿੜਾ ਨਾ ਛੱਡਦੇ ਤਣਾਅ, ਇਕਲਾਪੇ, ਅਤੇ ਅ-ਲੱਭ ਅਰਾਮ ਦੀ ਡਰਾਉਣੀ ਬੇਚੈਨ ਭਾਲ ਨੂੰ ਫਰੋਲਦੀ ਹੈ।



ਗੁਰਬਖ਼ਸ਼ ਸਿੰਘ, ਨਵਤੇਜ ਸਿੰਘ


03 ਸ ਬਿੱਲੀ ਤੋਂ ਸ਼ੇਰ ਬਣ ਗਿਆ ਹੈ ਚੀਨ, ਆਦਤ ਪਾ ਲਈਏ — ਪ੍ਰੋ. ਮਹਿਬੂਬਾਨੀ

02 ਖ Gandhi's last appeal for Bhagat Singh

06 ਕਿ ਧਰਮ ਦਾ ਜੁਗਰਾਫ਼ੀਆ — ਰਮੇਂਦ੍ਰ ਜਾਖੂ 'ਸਾਹਿਲ'

06 ਕ ਆਪਾਂ ਇਕ ਦੂਜੇ ਨੂੰ; ਉਡੀਕ ਨਾ ਰੱਖੀਂ — ਜਸਵੰਤ ਗਿੱਲ ਸਮਾਲਸਰ

44 ਦ ਇੱਕ ਬਰਕਤ ਜੋ ਆਈ ਆਫ਼ਤ ਦੇ ਰੂਪ ਵਿਚ — ਗੁਰਬਖ਼ਸ਼ ਸਿੰਘ

07 ਕ ਮੇਰਾ ਕੋਈ ਕਸੂਰ ਨਹੀਂ — ਜਿੰਦਰ

17 ਕ ਪ੍ਰੇਤ — ਅਸ਼ੋਕ ਸਕਸੈਨਾ

30 ਕ ਜ਼ਿੰਦਗੀ ਦੀ ਹਕੀਕਤ — ਵਿਜੈ ਗਰਗ

32 ਕ ਤੋਹਫ਼ਾ — ਸੁਰਿੰਦਰ ਗੀਤ

16 ਕਿ ਧੀ ਤੋਂ ਮਾਂ ਤੱਕ – ਰੂਹਾਂ ਦਾ ਰਿਸ਼ਤਾ — ਸੁਖਪ੍ਰੀਤ ਕੌਰ ਪਵਾਰ

29 ਕਿ ਉਹ ਅਤੇ ਮੈ — ਜਸਵੀਰ ਤਿਆਗੀ

31 ਕਿ ਕਸ਼ਮੀਰ ਤੋਂ ਗ਼ਜ਼ਲਾਂ — ਜੋਗਿੰਦਰ ਸਿੰਘ ਪਾਂਧੀ

25-28 ਨਿੱਕਿਆਂ ਦੀ ਨੁੱਕਰ

23 ਯ ਬਿਹਾਰ ਦੀਆਂ ਬਾਤਾਂ — ਮਨਮੋਹਨ ਸਿੰਘ ਆਈਪੀਐੱਸ (ਰਿ)

29 ਯ ਆਪਣੇ ਘਰ ਵਿੱਚ ਪਰਦੇਸੀ — ਰਾਹੁਲ ਵੋਹਰਾ

41 ਖ ਜੇਮਜ਼ ਬਾਂਡ- ਨੰਬਰ ਪਹਿਲਾ

38 ਲ ਰੇਡੀਓ ਦੀਆਂ ਯਾਦਾਂ –28 — ਦੇਵਿੰਦਰ ਮਹਿੰਦਰੂ

40 ਲ ਉਹ ਜਿਊਂਦੀ ਏ –35 ਅੰਗ੍ਰੇਜ਼ੀ ਕਿਤਾਬ (2018) (ਇਮਰੋਜ਼ ਨਾਲ ਅੰਮ੍ਰਿਤਾ, ਪਿਆਰ ਬਾਰੇ ਗੱਲਾਂ) — ਡਾ. ਉਮਾ ਤ੍ਰਿਲੋਕ

43 ਲ ਰੌਸ਼ਨ ਅੱਖਰ — ਡਾ. ਨਵਦੀਪ ਕੌਰ

47 E Parallels Between Buddha's Dhamma and Communism — KBS Sidhu

49 E Upon arriving in Brazil and witnessing slavery up close, Charles Darwin wrote

50 E 12 Clues You Might Have Heart Disease

51 E How Van Gogh's sister in law decided his work was invaluable

# ਧਰਮ ਦਾ ਜੁਗਰਾਫ਼ੀਆ

**ਕਦੇ** ਰਾਵੀ ਦੇ ਕੰਢੇ
ਕਦੇ ਡੱਲ ਝੀਲ ਦੇ ਕਿਨਾਰੇ
ਜਾਂ ਕਦੇ ਸਰਯੂ ਨਦੀ ਦੇ ਬੰਨੇ ਬੈਠਾ
ਧਰਮ
ਜੁਗਰਾਫ਼ੀਆ ਪੜ੍ਹ ਰਿਹਾ ਹੈ।

ਧਰਮ ਜਾਣਦਾ ਹੈ
ਉਸਦੀ ਵੀ ਕੋਈ ਸੀਮਾ ਹੁੰਦੀ ਹੈ
ਅਤੇ ਹੁੰਦੀਆਂ ਹਨ ਕੁਝ
ਦੇਸ-ਦੱਸੂ ਲਕੀਰਾਂ
ਜੋ ਉਹ ਪਾਰ ਨਹੀਂ ਕਰ ਸਕਦਾ
ਨਾ ਨਮਾਜ਼ ਨਾਲ
ਨਾ ਆਰਤੀ ਨਾਲ
ਨਾ ਅਰਦਾਸ-ਅਰਜੋਈ ਨਾਲ।

ਧਰਮ ਇਹ ਵੀ ਜਾਣਦਾ ਹੈ
ਕਿ ਕੰਡਿਆਲੀਆਂ ਤਾਰਾਂ ਦਾ
ਅਰਥ ਕੀ ਹੁੰਦਾ ਹੈ
ਕਿਸ ਨੂੰ ਕਹਿੰਦੇ ਨੇ ਘੁਸਪੈਠੀਆ
ਅਤੇ ਬਰੂਦ ਨੂੰ ਕਿਉਂ ਪਸੰਦ ਹੈ
ਆਦਮਜਾਏ ਦਾ ਗੋਸ਼ਤ।

ਧਰਮ ਨਹੀਂ ਜਾਣਦਾ ਤਾਂ
ਬੱਸ ਇਹੀ
ਕਿ ਬਰਫ਼ੀਲੇ ਪਹਾੜ ਨੂੰ ਚੀਰ ਕੇ
ਵਹਿੰਦੀ ਨਦੀ
ਕਿਉਂ ਤੋੜ ਦਿੰਦੀ ਹੈ ਹੱਦਾਂ-ਬੰਨੇ
ਕਿਉਂ ਵਹਿੰਦੀ ਹੈ ਖਹਿੜਾ ਕਰਦੀ

ਧਰਮ ਨਹੀਂ ਜਾਣਦਾ ਤਾਂ ਬੱਸ ਇਹੀ
ਕਿ ਕਿਉਂ ਉੱਠਦੀਆਂ ਹਨ
ਮਾਨਸੂਨੀ ਹਵਾਵਾਂ
ਅਤੇ ਵਰ੍ਹ ਪੈਂਦੀਆਂ
ਕਦੇ ਪੂਰਬ ਵਿਚ
ਕਦੇ ਪੱਛਮ ਵਿਚ
ਜਾਂ ਉੱਤਰ ਦੱਖਣ ਵਿਚ।

ਕਿਉਂ ਆਉਂਦੇ ਨੇ ਪਰਵਾਸੀ ਪੰਛੀ
ਕਿਸੇ ਦੁਰੇਡੇ ਦੇਸੋਂ
ਅਤੇ ਬਣਾਉਂਦੇ ਨੇ ਘਰ
ਮਨਚਿੰਦੀਆਂ ਟਾਹਣੀਆਂ 'ਤੇ
ਧਰਮ ਨਹੀਂ ਜਾਣਦਾ ਤਾਂ
ਬੱਸ ਇਹੀ
ਕਿ ਸਤਰੰਗੀ ਪੀਂਘ ਦਾ
ਸੱਤ ਰੰਗਾਂ ਨਾਲ ਰਿਸ਼ਤਾ ਕੀ ਹੈ?
ਕਿਉਂ ਨਹੀਂ ਹੈ ਉਸ ਦਾ
ਜੁਗਰਾਫ਼ੀਆ।

ਨਹੀਂ ਧਰਮ ਜਾਣ ਸਕਦਾ ਕਦੇ ਵੀ
ਕਿ ਜੁਗਰਾਫ਼ੀਏ ਦੀ ਦਹਿਲੀਜ਼ 'ਤੇ
ਪੈਰ ਰੱਖਣ ਤੋਂ ਪਹਿਲਾਂ ਹੀ
ਦਮ ਤੋੜ ਦਿੰਦਾ ਹੈ ਧਰਮ

ਮਰ ਜਾਂਦਾ ਹੈ ਉਹ
ਮਰ ਜਾਂਦਾ ਹੈ ਉਹ।

ਰਮੇਂਦ੍ਰ ਜਾਖੂ 'ਸਾਹਿਲ'
93161 21884

# ਆ ਆਪਾਂ ਇੱਕ ਦੂਜੇ ਨੂੰ..

**ਆ** ਆਪਾਂ ਇਕ ਦੂਜੇ ਨੂੰ ਖ਼ਤ ਲਿਖੀਏ
ਤੇ ਲਿਖੀਏ,
ਕਿੱਦਾਂ ਕੱਟ ਰਹੀ ਐ ਜ਼ਿੰਦਗੀ,
ਤੇਰੇ ਦਿਲ ਦੀਆਂ ਤਰੇੜਾਂ ਭਰ ਗਈਆਂ
ਕਿ ਤਿੜਕੇ ਦਿਲ 'ਤੇ ਹਾਸੇ ਦੀ ਚੇਪੀ ਲਾ
ਕਰ ਰਹੀ ਹੈਂ ਖੁਸ਼ ਹੋਣ ਦਾ ਦਿਖਾਵਾ...?

ਮੇਰਾ ਦਿਲ ਜੁੜਿਆ ਨਈਂ
ਉਵੇਂ ਹੀ ਟੁਕੜੇ-ਟੁਕੜੇ ਹੈ
ਜਿਵੇਂ ਤੂੰ ਖਿਲਾਰ ਗਈ ਸੈਂ
ਕਿਸੇ ਜਵਾਕ ਦੇ ਖਿਡੌਣੇ ਵਾਂਗ...

ਤੂੰ ਤਾਂ ਘਰ 'ਚ ਬਹਿ ਕੇ
ਆਨੇ-ਬਹਾਨੇ ਰੋ ਲੈਨੀਂ ਏਂ
ਕਦੇ ਮਾਂ ਦੀ ਗੱਲ ਤੋਂ ਗੁੱਸੇ ਹੋ ਕੇ
ਕਦੇ ਪੁੱਤ ਨੂੰ ਗੁੱਸੇ 'ਚ ਬੋਲ ਕੇ
ਤੇ ਮੈਨੂੰ ਤਾਂ ਰੋਣ ਲਈ ਵੀ
ਨਹਿਰ 'ਤੇ ਜਾਣਾ ਪੈਂਦੈ
ਸੰਘਣੇ ਮੀਲ 'ਚੋਂ ਲੱਭਦਾ ਹਾਂ
ਆਪਣੇ ਵਰਗਾ ਰੁੱਖ ਕੋਈ
ਜਿਸ ਨੂੰ ਖਾ ਰਿਹਾ ਹੋਵੇ
ਗ਼ਮ ਦਾ ਘੁਣ ਅੰਦਰੋ-ਅੰਦਰੀ
ਮੈਂ ਉਸ ਨੂੰ ਬਾਹਾਂ 'ਚ ਭਰਦਾ ਹਾਂ
ਤੇ ਧਾਹਾਂ ਮਾਰਦਾ ਹਾਂ
ਤੈਨੂੰ ਪਤੈ ਅਸੀਂ ਮੁੰਡੇ ਤਾਂ
ਘਰ 'ਚ ਖੁੱਲ੍ਹ ਕੇ ਰੋ ਵੀ ਨਈਂ ਸਕਦੇ...

ਆ ਆਪਾਂ ਇੱਕ ਦੂਜੇ ਨੂੰ ਖ਼ਤ ਲਿਖੀਏ
ਤੇ ਦੱਸੀਏ
ਇਕ ਦੂਜੇ ਤੋਂ ਵਿਛੜ ਕੇ
ਕਿੰਨੇ ਦੁਖੀ ਹਾਂ ਅਸੀਂ
ਕੀ-ਕੀ ਦਰਦ ਸਹਿ ਰਹੇ ਆਂ
ਚੰਗੇ-ਮਾੜੇ ਕਿਸ ਹਾਲ 'ਚ ਰਹਿ ਰਹੇ ਹਾਂ
ਮਰੇ ਤਾਂ ਨਹੀਂ
ਐਪਰ ਮਰਿਆਂ ਵਰਗੇ ਹਾਂ...

ਰਾਤਾਂ ਯਾਦਾਂ ਦਾ ਜਾਲਾ
ਅੱਖਾਂ ਵਿੱਚ ਲੈ ਆਉਂਦੀਆਂ ਹਨ
ਤੇ ਮੈਂ ਦਿਮਾਗ ਤੋਂ ਦਿਲ ਤੱਕ
ਆਪਣਾ ਆਪ ਗੁਆ ਕੇ
ਤੈਨੂੰ ਨਿਹਾਰਨ ਲੱਗਦਾ ਹਾਂ
ਹੰਝੂਆਂ 'ਚ ਆਪਣੀ ਮੁਹੱਬਤ ਦੀਆਂ
ਮੁਰਗਾਬੀਆਂ ਤੈਰਨ ਲੱਗਦੀਆਂ ਨੇ
ਖੁਸ਼ੀਆਂ ਦੀਆਂ ਲਹਿਰਾਂ 'ਚ ਆਪਣੀ
ਮਿਲਣੀ ਦੇ
ਸੁਨਹਿਰੀ ਪਲ ਚੁੱਭੀਆਂ ਲਾਉਣ ਲੱਗਦੇ ਨੇ
ਤੇ ਅਸੀਂ
ਵਿਛੋੜੇ ਦੀ ਅਸਹਿ ਪੀੜ 'ਚ ਤੜਫਦੇ
ਹੋਏ ਵੀ
ਉਹਨਾਂ ਪਲਾਂ ਦੀ ਯਾਦ 'ਚ ਗੁਆਚੇ
ਬੁੱਲ੍ਹਾਂ 'ਤੇ ਸ਼ਰਾਰਤੀ ਹਾਸਾ ਲੈ
ਸੌਂ ਜਾਂਦੇ ਹਾਂ
ਸੁਪਨਿਆਂ ਦੀ ਗੂੜ੍ਹੀ ਨੀਂਦਰ ਅੰਦਰ...

ਸਵੇਰੇ ਜਾਗਦੇ ਹਾਂ
ਤਾਂ ਆਪਾਂ ਇੱਕ ਦੂਜੇ ਦੀਆਂ
ਬਾਹਾਂ 'ਚ ਨਹੀਂ ਹੁੰਦੇ...

# ਉਡੀਕ ਨਾ ਰੱਖੀਂ...

ਰੋ ਲਵਾਂਗਾ
ਮੈਂ ਤੇਰੀ ਯਾਦ ਨੂੰ
ਦਿਲ ਦੇ ਕਿਸੇ
ਕੋਨੇ 'ਚ ਦਬਾਅ ਕੇ...

ਤੂੰ ਹੁਣ ਹਰਗਿਜ਼
ਆਸ ਨਾ ਲਾਵੀਂ
ਕਿ ਜੁੜ ਜਾਵੇਗਾ ਰਿਸ਼ਤਾ-
ਜੋ ਟੁੱਟ ਗਿਆ ਸੀ
ਚੀਨੀ ਦੇ ਕੱਪ ਵਾਂਗਰਾਂ...

ਮੇਰੇ ਮੁੜ ਪਰਤ ਆਉਣ ਦੀ
ਉਡੀਕ ਨਾ ਰੱਖੀਂ
ਕਿਉਂਕਿ ਟੁੱਟੇ ਪੱਤੇ
ਬਿਰਖ ਦੇ ਪੈਰ ਚੁੰਮਦੇ,
ਮਿੱਟੀ 'ਚ ਰੁਲ਼ਦੇ
ਜਾਂ
ਹਵਾ ਸੰਗ ਹੋ ਤੁਰਦੇ...

ਜਸਵੰਤ ਗਿੱਲ ਸਮਾਲਸਰ
97804-51878

# ਮੇਰਾ ਕੋਈ ਕਸੂਰ ਨਹੀਂ

## ਜਿੰਦਰ

**ਮੈਂ** ਕਹਾਣੀ ਦੇ ਅੰਤ 'ਤੇ ਆ ਕੇ ਰੁਕ ਗਿਆ ਸਾਂ।

ਆਈਪੈਡ ਮੈਂ ਆਪਣੇ ਸੱਜੇ ਹੱਥ ਪਏ ਮੇਜ਼ 'ਤੇ ਰੱਖ ਦਿੱਤਾ। ਰਸੋਈ ਵਿੱਚ ਚਲਾ ਗਿਆ। ਮੈਗੀ ਬਨਾਉਣ ਲੱਗਾ। ਮੇਰੀਆਂ ਨਜ਼ਰਾਂ ਫ਼ਰਾਈਪੈਨ ਵੱਲ ਲੱਗੀਆਂ ਸਨ। ਖ਼ਿਆਲ ਗਿਆਨ ਸਿੰਘ ਵੱਲ। ਜਦੋਂ ਮੈਂ ਗਿਆਨ ਸਿੰਘ ਨੂੰ ਲੈ ਕੇ ਕਹਾਣੀ ਲਿਖਣੀ ਸ਼ੁਰੂ ਕੀਤੀ ਸੀ, ਮੇਰੇ ਸਾਹਮਣੇ ਪੰਜਾਬ ਦੇ ਤਿੰਨ ਦੌਰ ਸਨ। ਪਹਿਲਾ, 1984 ਦੇ ਅੱਤਵਾਦ ਵੇਲੇ ਰੁਲੀ ਜਵਾਨੀ; ਦੂਜਾ, ਨਸ਼ਿਆਂ ਨੇ ਮੁੰਡਿਆਂ ਤੇ ਕੁੜੀਆਂ ਦੇ ਸੁੰਨ ਕੀਤੇ ਦਿਮਾਗ। ਤੀਜਾ, ਅਸਟ੍ਰੇਲੀਆ, ਕੈਨੇਡਾ, ਅਮਰੀਕਾ ਤੇ ਹੋਰ ਯੂਰਪੀਨ ਦੇਸ਼ਾਂ ਵੱਲ ਮੁੰਡੇ-ਕੁੜੀਆਂ ਦੀ ਲੱਗੀ ਅੰਨ੍ਹੀ ਦੌੜ। ਮੈਂ ਤਿੰਨਾਂ ਨੂੰ ਇੱਕ ਲੜੀ ਵਿੱਚ ਪਰੋਣਾ ਚਾਹੁੰਦਾ ਸਾਂ ਪਰ ਜਦੋਂ ਮੈਂ ਕਹਾਣੀ ਲਿਖਣੀ ਸ਼ੁਰੂ ਕੀਤੀ, ਮੇਰਾ ਸੋਚਿਆ ਤੇ ਵਿਚਾਰਿਆ ਹੋਇਆ ਮੇਰੇ ਵੱਸ ਵਿੱਚ ਨਾ ਰਿਹਾ। ਇਹ ਤਾਂ ਹੋਰ ਹੀ ਕਹਾਣੀ ਬਣ ਗਈ ਸੀ। ਮੈਂ ਅਜਿਹੀ ਕਹਾਣੀ ਨਹੀਂ ਲਿਖਣਾ ਚਾਹੁੰਦਾ ਸਾਂ। ਦੋ ਕੁ ਘੰਟਿਆਂ ਵਿੱਚ ਜੋ ਲਿਖਿਆ ਸੀ, ਉਸ ਨੂੰ ਪੜ੍ਹ ਕੇ ਮੇਰੇ ਧੁਰ ਅੰਦਰੋਂ ਅਵਾਜ਼ ਆਈ ਸੀ, "ਇਸੇ ਨੂੰ ਹੀ ਤਾਂ ਕਰੀਏਸ਼ਨ ਕਹਿੰਦੇ ਨੇ।" ਬੈੱਡ 'ਤੇ ਬੈਠਣ ਸਾਰ ਮੈਂ ਅੱਖਾਂ ਬੰਦ ਕਰ ਲਈਆਂ। ਆਤਮ-ਧਿਆਨ ਹੁੰਦਾ ਗਿਆ। ਕਿੰਨਾ ਚਿਰ ਕਹਾਣੀ ਦੇ ਅੰਗ-ਸੰਗ ਤੁਰਦਾ ਰਿਹਾ। ਕਹਾਣੀ ਵੀ ਮੇਰੇ ਅੰਗ-ਸੰਗ ਤੁਰਦੀ ਰਹੀ। ਅਸੀਂ ਦੋਵੇਂ ਇੱਕ-ਮਿਕ ਹੋ ਗਏ। ਮੈਂ ਫੇਰ ਆਈਪੈਡ ਚੁੱਕ ਲਿਆ। ਕਹਾਣੀ ਦਾ ਆਖ਼ਰੀ ਪੈਰਾ ਲਿਖਣ ਲੱਗਾ। ਲਿਖ ਲਿਆ। ਆਪਣੇ ਲਿਖੇ ਨੂੰ ਪੜ੍ਹਨ ਲੱਗਾ। ਗਿਆਨ ਸਿੰਘ ਮੇਰੇ ਹੁੱਝਾਂ ਮਾਰਨ ਲੱਗਾ, "ਯਾਰ ਮੈਂ ਅਜਿਹਾ ਨ੍ਹੀਂ ਸੀ ਜਿਹੋ ਜਿਹਾ ਤੂੰ ਮੈਨੂੰ ਬਣਾ ਦਿੱਤਾ।" ਸਿਮਰਨ ਬੋਲੀ, "ਤੁਸੀਂ ਮੇਰੇ ਪਾਤਰ ਨੂੰ ਛੋਟਾ ਕਰ ਦਿੱਤਾ।" ਸਾਰਿਆਂ ਤੋਂ ਜ਼ਿਆਦਾ ਲਵਜੀਤ ਔਖੀ ਹੋਈ, "ਤੁਸੀਂ ਕਹਾਣੀ ਤਾਂ ਗਿਆਨ ਸਿੰਘ-ਸਿਮਰਨ ਦੀ ਲਿਖਣੀ ਸੀ, ਮੈਨੂੰ ਖਾਹਮਖਾਹ ਵਿੱਚ ਘਸੋੜ ਦਿੱਤਾ। ਕਸੂਰ ਮੇਰਾ ਨ੍ਹੀਂ - ਮੇਰੇ ਡੈਡੀ ਦਾ ਏ।" ਮੈਂ ਚੁੱਪ ਰਿਹਾ। ਮੇਰੀ ਚੁੱਪ ਤੋਂ ਉਕਤਾ ਕੇ ਉਹ ਆਪਸ ਵਿੱਚ ਮਿਹਣੇ-ਕੁਮਿਹਣੇ ਹੋਣ ਲੱਗੇ। ਹੱਥੋਪਾਈ ਹੋਣ ਤੱਕ ਗਏ। ਮੈਂ ਉਨ੍ਹਾਂ ਦਾ ਤਮਾਸ਼ਾ ਦੇਖੀ ਗਿਆ। ਇੱਕ ਸਮਾਂ ਆਇਆ ਕਿ ਉਹ ਏਨੀ ਕਾਹਲੀ-ਕਾਹਲੀ ਬੋਲੇ ਕਿ ਮੈਨੂੰ ਕੰਨਾਂ ਵਿੱਚ ਉਂਗਲਾਂ ਦੇਣੀਆਂ ਪਈਆਂ। ਉਨ੍ਹਾਂ ਨੇ ਮੇਰੇ ਵੱਲ ਪ੍ਰਸ਼ਨਾਂ ਨਾਲ ਭਰੀਆਂ ਨਜ਼ਰਾਂ ਨਾਲ ਦੇਖਿਆ। ਮੈਂ ਉਨ੍ਹਾਂ ਵੱਲ ਦੇਖਣ ਲੱਗਾ। ਬੁੱਲ੍ਹਾਂ ਵਿੱਚ ਹੀ ਮਿੰਨਾ-ਮਿੰਨਾ ਮੁਸਕਰਾਇਆ। ਉਹ ਵੀ ਮੇਰੀ ਰੀਸ ਕਰਨ ਲੱਗੇ। ਮੈਂ ਗੰਭੀਰ ਹੋ ਗਿਆ। ਉਹ ਵੀ ਗੰਭੀਰ ਰੂਪ ਵਿੱਚ ਦਿਸੇ। ਫੇਰ ਉਨ੍ਹਾਂ ਤਿੰਨਾਂ ਨੇ ਇੱਕੋ ਅਵਾਜ਼ ਵਿੱਚ ਪੁੱਛਿਆ। ਕੀ ਪੁੱਛਿਆ- ਇਸ ਨੂੰ ਭੇਤ ਹੀ ਰਹਿਣ ਦਿਓ। ਮੈਂ ਉਨ੍ਹਾਂ ਨੂੰ ਕੀ ਜੁਆਬ ਦਿੱਤਾ, ਇਸ ਬਾਰੇ ਮੈਂ ਤੁਹਾਨੂੰ ਕੁਝ ਨਹੀਂ ਦੱਸਣਾ।

ਹੁਣ ਮੇਰੇ ਅਲੋਪ ਹੋਣ ਦਾ ਸਮਾਂ ਆ ਗਿਆ। ਤੁਸੀਂ ਸਿੱਧੇ ਉਨ੍ਹਾਂ ਨਾਲ ਜੁੜੋ।

***

ਵੱਡੀ ਸੜਕ ਤੋਂ ਪੰਦਰਾਂ ਕੁ ਮੀਲ ਹਟਵਾਂ ਪੈਂਦਾ ਹੈ ਪਿੰਡ ਬਾਗਪੁਰ। ਜੇ ਕਪੂਰਥਲੇ ਵਾਲੇ ਪਾਸੇ ਜਾਣਾ ਹੁੰਦਾ ਤਾਂ ਵਈਂ ਦਾ ਪੱਤਣ ਟੱਪਣਾ ਪੈਂਦਾ। ਗੋਡੇ-ਗੋਡੇ ਪਾਣੀ ਵਿੱਚ ਦੀ ਲੰਘ ਕੇ। ਜੇ ਨਕੋਦਰ ਜਾਣਾ ਹੁੰਦਾ ਤਾਂ ਦੋ ਰਸਤੇ ਸਨ। ਇੱਕ ਵਾਇਆ ਨੂਰਪੁਰ। ਦੂਜਾ ਵਾਇਆ ਕੋਟਲਾ। ਵਾਇਆ ਕੋਟਲਾ ਬੜਾ ਗੰਦਾ ਰਸਤਾ ਸੀ। ਚਾਲੀ ਪੰਜਾਹ ਫੁਟ ਚੰਗੀ ਭਲੀ ਸੜਕ ਆ ਜਾਂਦੀ, ਅਗਲਾ



**ਜਿੰਦਰ** (ਹਰਜਿੰਦਰ ਪਾਲ), 72 ਸਾਲ, ਜਲੰਧਰ, ਐੱਮ ਏ ਅੰਗ੍ਰੇਜ਼ੀ, ਕਹਾਣੀ ਲੇਖਕ, "ਸ਼ਬਦ" ਦੇ ਕਈ ਦਹਾਕੇ ਸੰਪਾਦਕ, "ਸਾਹਿਤ ਅਕਾਦਮੀ, ਭਾਰਤ" ਦੇ ਇਨਾਮ ਯਾਫ਼ਤਾ ਅਨੁਵਾਦਕ - ਹੁਣ "ਸੇਫ਼ਟੀ ਕਿੱਟ" ਲਈ "ਸਾਹਿਤ ਅਕਾਦਮੀ, ਭਾਰਤ" ਦਾ ਇਨਾਮ ਵੀ! ਇਸੇ ਕਿਤਾਬ ਲਈ "ਢਾਹਾਂ ਸਨਮਾਨ" ਮਿਲਿਆ ਸੀ। ਦਹਾਕਿਆਂ ਤੋਂ ਲਿਖਦੇ, ਉਨ੍ਹਾਂ ਦੇ ਵਿਸ਼ੇ ਆਸ ਪਾਸ ਹੀ ਵਾਪਰ ਰਹੇ ਫ਼ੌਰੀ ਨਾਲ ਦੋ-ਚਾਰ ਹੁੰਦੇ ਹਨ। ਇੱਕ ਬਹਾਦਰੀ ਦਾ ਕਾਰਜ- ਜਦੋਂ ਤੁਸੀਂ ਨਵੀਆਂ ਪੈਦੀਆਂ ਲੀਹਾਂ ਬਾਰੇ ਰਾਇ ਜਾਂ ਤੱਕਣੀ, ਸਮੇਂ ਦੀ ਦੌੜ ਦੇ ਨਾਲ ਨਾਲ, ਬਣਾਅ ਰਹੇ ਹੋਵੋ- ਜੋ ਸਮਾਜ ਨੂੰ ਸਮਝ ਵੀ ਰਹੀ ਹੋਏ ਅਤੇ ਸਿਰਜ ਵੀ। ਖ਼ਾਸਕਰ, ਨਾਰੀ ਅਤੇ ਲਤਾੜੇ ਵਰਗ ਬਾਰੇ ਜ਼ਮਾਨੇ ਦੇ ਨਾਲ ਦੀ ਅਤੇ ਅਗਲੀ ਸੋਚ! ਬੇਬਾਕੀ -ਅਤੇ ਵਿਸ਼ਿਆਂ ਵੱਲੋਂ ਆਤਮਵਿਸ਼ਵਾਸੀ, ਰੂਹਾਨੀ ਦਲੇਰੀ ਉਨ੍ਹਾਂ ਦੇ ਹਰ ਲਫ਼ਜ਼ ਵਿੱਚੋਂ ਸਾਹ ਲੈਂਦੀ ਦਿਸੇਗੀ। - ਸੰ.



khlalsavox.com

# ਮੇਰਾ ਕੋਈ ਕਸੂਰ ਨਹੀਂ

ਸੌ ਫੁਟ ਉੱਬੜ-ਖਾਬੜ। ਥਾਂ-ਥਾਂ 'ਤੇ ਟੋਏ। ਵਾਇਆ ਨੂਰਪੁਰ ਥ੍ਰੀਵੀਲ੍ਹਰ-ਵਾਲਾ ਦਿਨ ਵਿੱਚ ਦੋ ਗੇੜੇ ਲਾਉਂਦਾ। ਉਸ ਦਾ ਕੋਈ ਪੱਕਾ ਸਮਾਂ ਨਾ ਹੁੰਦਾ। ਏਨਾ ਜ਼ਰੂਰ ਹੁੰਦਾ ਕਿ ਉਸ ਦੇ ਥ੍ਰੀਵੀਲ੍ਹਰ ਦੀ ਅਵਾਜ਼ ਦੋ ਫ਼ਰਲਾਂਗਾਂ ਤੋਂ ਸੁਣਨ ਲੱਗ ਪੈਂਦੀ। ਇਸੇ ਪਿੰਡ ਦਾ ਗਿਆਨ ਸਿੰਘ ਦੋ ਰਾਤਾਂ ਦਾ ਉਨੀਂਦਰਾ ਲਾਹੁਣ ਲਈ ਮੰਜੇ 'ਤੇ ਪਿਆ ਹੀ ਸੀ ਕਿ ਉਸ ਨੂੰ ਮਾਸਟਰ ਜਗਦੀਸ਼ ਸਿੰਘ ਦੇ ਕੱਲ੍ਹ ਆਏ ਫ਼ੋਨ ਦਾ ਚੇਤਾ ਆ ਗਿਆ। ਮਾਸਟਰ ਨੇ ਉਸ ਨੂੰ ਬੜੀ ਰੁੱਖੀ ਅਵਾਜ਼ ਵਿੱਚ ਪੁੱਛਿਆ ਸੀ, ''ਕੀ ਸੋਚ ਕੇ ਤੂੰ ਕੁੜੀ ਨੂੰ ਕੈਨੇਡਾ ਭੇਜ ਰਿਹਾਂ?'' ਕੰਮਾਂ ਦੇ ਝਮੇਲਿਆਂ ਵਿੱਚ ਫਸੇ ਨੂੰ ਮਾਸਟਰ ਦੀ ਗੱਲ ਭੁੱਲ ਗਈ ਸੀ। ਪਿਛਲੇ ਤਿੰਨ ਦਿਨਾਂ ਤੋਂ ਉਹ ਭੰਬੀਰੀ ਵਾਂਗੂੰ ਘੁੰਮਦਾ ਰਿਹਾ ਸੀ। ਘਰ ਵਿੱਚ ਉਹ ਇਕੱਲਾ ਮਰਦ-ਮੈਂਬਰ ਸੀ। ਪੈਂਤੀ ਸੌ ਕਰਨ ਵਾਲੇ ਕੰਮ ਸਨ। ਉਸ ਨੇ ਤਾਰੋ ਨੂੰ ਬਹੁਤ ਕਿਹਾ ਸੀ, ''ਛੱਡ ਪਰਾਂ ਘਰ ਨੂੰ। ਆਪਾਂ ਗੁਰਦੁਆਰੇ ਹੀ ਅਖੰਡ ਪਾਠ ਰਖਵਾਅ ਲੈਨੇ ਆਂ। ਉੱਥੇ ਕਾਫ਼ੀ ਖੁੱਲ੍ਹੀ ਥਾਂ ਏ। ਖਾਣ-ਪੀਣ ਦਾ ਵਧੀਆ ਪ੍ਰਬੰਧ ਹੋ ਜਾਣਾ।'' ਤਾਰੋ ਕੁਝ ਹੋਰ ਹੀ ਸੋਚੀ ਬੈਠੀ ਸੀ, ''ਨਹੀਂ। ਆਪਾਂ ਘਰੇ ਹੀ ਰੱਖਣਾ। ਇਸੇ ਬਹਾਨੇ ਮਹਾਰਾਜ ਦੇ ਚਰਨ ਘਰੇ ਪੈ ਜਾਣਗੇ। ਘਰ ਪਵਿੱਤਰ ਹੋ ਜਾਊ। ਤੂੰ ਕੰਮ ਦਾ ਫ਼ਿਕਰ ਨਾ ਕਰੀਂ। ਮੈਂ ਆਪਣੇ ਭਾਣਜਿਆਂ ਨੂੰ ਬੁਲਾਅ ਲੈਣਾ। ਉਨ੍ਹਾਂ ਨੂੰ ਕੰਮ ਸਮਝਾਉਣ ਦੀ ਲੋੜ ਅ- ਫੇਰ ਤੂੰ ਭਾਵੇਂ ਮਹਾਰਾਜ ਦੀ ਤਾਬਿਆ 'ਚ ਬੈਠਾ ਰਹੀਂ।'' ਜਦੋਂ ਦਾ ਕੁਲਵੰਤ ਦਾ ਐਕਸੀਡੈਂਟ ਹੋਇਆ ਸੀ ਤੇ ਉਹ, ਤਿੰਨ ਦਿਨ ਹਸਪਤਾਲ ਵਿੱਚ ਰਹਿ ਕੇ ਉਨ੍ਹਾਂ ਨੂੰ ਇਕੱਲਾ ਛੱਡ ਗਿਆ ਸੀ, ਉਦੋਂ ਦਾ ਉਸ ਨੇ ਬਹੁਤ ਕੁਝ ਤਾਰੋ ਤੇ ਸਿਮਰਨ 'ਤੇ ਛੱਡ ਦਿੱਤਾ ਸੀ। ਉਹ ਨੌਂ ਕਰਨ ਜਾਂ ਤੇਰਾਂ, ਉਸ ਨੇ ਪੁੱਛਣਾ-ਗਿੱਛਣਾ ਛੱਡ ਦਿੱਤਾ ਸੀ। ਪੁੱਤ ਦੀ ਮੌਤ ਨੇ ਉਸ ਦਾ ਲੱਕ ਤੋੜ ਦਿੱਤਾ ਸੀ। ਇਹ ਤਾਂ ਸਿਮਰਨ ਸੀ ਜਿਸ ਨੇ ਉਸ ਨੂੰ ਡੋਲਣ ਨਹੀਂ ਦਿੱਤਾ ਸੀ, ''ਪਾਪਾ ਜੀ, ਭਾ ਜੀ ਚਲਾ ਗਿਆ। ਇਹ ਕਿਹੜਾ ਆਪਣੇ ਵੱਸ ਦੀ ਗੱਲ ਸੀ। ਉਸ ਨੂੰ ਹੋਣੀ ਖਿੱਚ ਕੇ ਲੈ ਗਈ। ਦੇਖ ਲਓ- ਮਿੰਦਾ ਮੋਟਰਸਾਈਕਲ ਚਲਾਅ ਰਿਹਾ ਸੀ। ਭਾ ਜੀ ਪਿੱਛੇ ਬੈਠਾ ਸੀ। ਮਿੰਦੇ ਨੇ ਬਚਣ ਲਈ ਐਨੀ ਜ਼ੋਰ ਦੀ ਬ੍ਰੇਕ ਮਾਰੀ ਕਿ ਭਾ ਜੀ ਬੁੜ੍ਹਕ ਕੇ ਬੱਸ ਅੱਗੇ ਜਾ ਡਿੱਗਿਆ। ਮਿੰਦਾ ਇੱਕ ਪਾਸੇ ਨੂੰ। ਉਸ ਦੇ ਸਿਰਫ਼ ਗੋਡੇ 'ਤੇ ਝਰੀਟ ਆਈ। ਮੈਨੂੰ ਪਤਾ ਕਿ ਹੁਣ ਮੈਂ ਹੀ ਤੁਹਾਡਾ ਪੁੱਤ ਆਂ, ਮੈਂ ਹੀ ਤੁਹਾਡੀ ਧੀ ਆਂ। ਮੈਨੂੰ ਥੋੜ੍ਹਾ ਕੁ ਟਾਈਮ ਦਿਓ। ਮੈਂ ਸਭ ਕੁਛ ਨੂੰ ਸੰਭਾਲਾਂਗੀ।'' ਉਹ ਮੈਟ੍ਰਿਕ ਵਿੱਚ ਪੜ੍ਹਦੀ ਸੀ। ਪੜ੍ਹਨ ਤੇ ਘਰ ਦੇ ਕੰਮਾਂ ਦੀ ਛੋਹਲੀ ਸੀ। ਉਸ ਦੇ ਜ਼ੋਰ ਪਾਉਣ 'ਤੇ ਗਿਆਨ ਸਿੰਘ ਨੇ ਧੀਮਾਨ ਪੇਪਰ ਮਿੱਲ ਵਿੱਚ ਨੌਕਰੀ ਕਰਨੀ ਸ਼ੁਰੂ ਕੀਤੀ ਸੀ। ''ਤੁਸੀਂ ਜਿੰਨਾ ਆਪਣੇ ਆਪ ਨੂੰ ਕੰਮ 'ਚ ਬਿਜ਼ੀ ਰੱਖੋਂਗੇ, ਓਨੇ ਹੀ ਤੰਦਰੁਸਤ ਰਹੋਂਗੇ। ਆਪਣੇ ਚਾਰ ਖੇਤਾਂ ਨੂੰ ਸੰਭਾਲਣ ਲਈ ਕਿੰਨਾ ਕੁ ਸਮਾਂ ਲੱਗਦਾ! ਹਾੜ੍ਹੀ-ਸਾਉਣੀ ਸਰਬਜੀਤ ਕੋਲੋਂ ਟਰੈਕਟਰ ਨਾਲ ਵਹਾਅ ਕੇ ਬੀਜ ਲਿਆ ਕਰਾਂਗੇ। ਦੋ ਮੱਝਾਂ ਲਈ ਪੱਠੇ ਵੱਢ ਕੇ ਲਿਆਉਣ ਨੂੰ ਕਿੰਨਾ ਕੁ ਚਿਰ ਲੱਗਦਾ! ਪੈਸੇ ਘਰੇ ਆਉਣਗੇ। ਲੋਕਾਂ ਨੇ ਸਾਨੂੰ ਕੀ ਦੇਣਾ। ਆਪਣੇ ਕੰਮ ਨਾਲ ਮਤਲਬ ਰੱਖੋ। ਕੰਮ 'ਤੇ ਜਾਓਗੇ ਤਾਂ ਤੁਹਾਡੀ ਇੱਕ ਰੁਟੀਨ ਬਣੇਗੀ। ਆਹ ਕੀ ਗੱਲ ਹੋਈ। ਕਦੇ ਕਿਸੇ ਕੋਲ ਜਾ ਕੇ ਖੜ੍ਹ ਗਏ, ਕਦੇ ਕਿਸੇ ਕੋਲ ਜਾ ਕੇ ਬੈਠ ਗਏ। ਉੱਲੂਆਂ ਵਾਂਗੂੰ ਇੱਕ ਦੂਜੇ ਵੱਲ ਝਾਕਦੇ ਰਹੇ। ਬੇਸਿਰ ਪੈਰ ਦੀਆਂ ਗੱਲਾਂ ਮਾਰੀ ਗਏ।'' ਉਹ ਆਪਣੇ ਪਾਪਾ ਨੂੰ ਸਮਝਾਉਂਦੀ ਤਾਂ ਉਹ ਸਿਮਰਨ ਨੂੰ ਆਪਣੀ ਵੱਖੀ ਨਾਲ ਘੁੱਟ ਲੈਂਦਾ, ''ਮੇਰਾ ਪੁੱਤ ਬੜਾ ਸਿਆਣਾ ਹੋ ਗਿਆ।'' ਉਹ ਕਹਿੰਦੀ, ''ਬਸ, ਮੈਨੂੰ ਪੜ੍ਹਾਉਣ ਤੋਂ ਨ੍ਹੀਂ ਹਟਾਉਣਾ।'' ਉਹ ਵਾਅਦਾ ਕਰਦਾ, ''ਜ਼ਰੂਰ।'' ਸਿਮਰਨ ਆਪਣੇ ਮਨ ਦੀ ਗੱਲ ਦੱਸਦੀ, ''ਮੈਂ ਸੋਚਿਆ ਹੋਇਆ ਕਿ 10+2 ਕਰ ਕੇ ISLETS ਕਰਨੀ ਐ। ਕੈਨੇਡਾ ਜਾਣਾ। ਫੇਰ ਤੁਹਾਨੂੰ ਆਪਣੇ ਕੋਲ ਲੈ ਜਾਣਾ।'' ਉਹ ਉਸ ਨੂੰ ਕਹਿੰਦਾ, ''ਸਭ ਕੁਛ ਤੇਰਾ ਐ। ਹੁਣ ਤੇਰੇ ਬਿਨਾਂ ਸਾਡਾ ਕੌਣ ਐ। ਮੈਂ ਤੈਨੂੰ ਜ਼ਰੂਰ ਭੇਜੂੰਗਾ।''

ਉਸ ਨੇ ਸਿਮਰਨ ਨੂੰ ਨਿੱਕੀ ਹੁੰਦੀ ਨੂੰ ਦੇਖ ਲਿਆ ਸੀ ਕਿ ਉਹ ਪੜ੍ਹਨ ਨੂੰ ਬੜੀ ਤੇਜ਼ ਨਿੱਕਲੇਗੀ। ਇੱਕ ਵਾਰ ਉਸ ਨੇ ਜਲੰਧਰ ਜਾਣਾ ਸੀ। ਨਕੋਦਰ ਦੇ ਬੱਸ ਸਟੈਂਡ ਵਿੱਚੋਂ ਬੱਸ ਨਿਕਲ ਕੇ ਮੇਨ ਰੋਡ 'ਤੇ ਆ ਖੜ੍ਹੀ। ਸਿਮਰਨ ਖੱਬੇ ਪਾਸੇ ਸ਼ੀਸ਼ੇ ਵਾਲੀ ਤਾਕੀ ਕੋਲ ਬੈਠੀ ਬੈਂਕ ਦੀ ਬਿਲਡਿੰਗ ਵੱਲ ਦੇਖਣ ਲੱਗੀ। ਇਕੱਲਾ-ਇਕੱਲਾ ਅੱਖਰ ਪੜ੍ਹਨ ਲੱਗੀ। ਬੀ ਏ ਐਨ ਕੇ, ਬੈਂਕ। ਉਸ ਨੇ ਕਿਹਾ, ''ਹੁਣ ਮੋਹਰਲੇ ਅੱਖਰ ਬੋਲ।'' ਉਹ ਬੋਲਣ ਲੱਗੀ, ''ਐਸ ਟੀ ਏ ਟੀ ਈ।'' ਉਸ ਨੇ ਕਿਹਾ, ''ਬੋਲ ਸਟੇਟ।'' ਉਸ ਨੇ ਪਹਿਲਾ ਅੱਖਰ ਪੜ੍ਹਿਆ, ''ਓ ਐਫ਼- ਔਫ਼।'' ਫੇਰ ਉਹ ਪੜ੍ਹਨ ਲੱਗੀ, ''ਪੀ ਏ ਟੀ ਆਈ ਏ ਐਲ ਏ।'' ਉਸ ਨੇ ਸਿਮਰਨ ਨੂੰ ਦੱਸਿਆ ਕਿ ਇਹ ਪਟਿਆਲਾ ਬਣ ਗਿਆ। ਸਿਮਰਨ ਨੇ ਸਾਰੇ ਅੱਖਰ ਇੱਕੋ ਵਾਰੀ ਬੋਲੇ, ''ਸਟੇਟ ਬੈਂਕ ਆਫ਼ ਪਟਿਆਲਾ।'' ਉਨ੍ਹਾਂ ਦੀ ਅਗਲੀ ਸੀਟ 'ਤੇ ਬੈਠੇ ਬਾਬੂ ਨੇ ਪਿਛਾਂਹ ਨੂੰ ਮੂੰਹ ਕਰ ਕੇ ਦੇਖਿਆ। ਸਿਮਰਨ ਦੇ ਸਿਰ 'ਤੇ ਪਿਆਰ ਦਿੱਤਾ। ਬੋਲਿਆ, ''ਸਰਦਾਰ ਜੀ, ਜ਼ਿੰਦਗੀ 'ਚ ਤੁਸੀਂ ਆਪ ਭਾਵੇਂ ਤੰਗ ਹੋ ਲਿਓ- ਇਸ ਬੱਚੀ ਨੂੰ ਪੜ੍ਹਨੋਂ ਨਾ ਹਟਾਇਓ। ਸਵੇਰ ਦਾ ਵੇਲਾ ਏ। ਮੇਰਾ ਕਿਹਾ ਯਾਦ ਰੱਖਣਾ। ਇਹ ਬੱਚੀ ਬਹੁਤ ਤਰੱਕੀ ਕਰੇਗੀ।''

ਉਨ੍ਹੀਂ ਦਿਨੀਂ ਉਹ ਦੂਜੀ ਕਲਾਸ ਵਿੱਚ ਹੋਈ ਸੀ। ਘਰ ਆ ਕੇ ਉਸ ਨੇ ਤਾਰੋ ਨੂੰ ਦੱਸਿਆ ਤਾਂ ਉਹ ਬੜੀ ਖੁਸ਼ ਹੋਈ ਸੀ। ਉਸ ਨੇ ਗੁਆਂਢ ਵਿੱਚ ਰਹਿੰਦੇ ਰਮੇਸ਼ ਕੁਮਾਰ ਦੀ ਨੂੰਹ ਕੋਲ ਸਿਮਰਨ ਦੀ ਟਿਊਸ਼ਨ ਰੱਖ ਦਿੱਤੀ। ਉਹ ਦੋ ਵਜੇ ਸਕੂਲੋਂ ਆਉਂਦੀ, ਤਿੰਨ ਤੋਂ ਸਾਢੇ ਚਾਰ ਵੱਜੇ ਤੱਕ ਟਿਊਸ਼ਨ ਪੜ੍ਹਦੀ। ਤਾਰੋ ਨੇ ਮੈਟ੍ਰਿਕ ਤੱਕ ਇਹ ਰੁਟੀਨ ਟੁੱਟਣ ਨਹੀਂ ਦਿੱਤੀ ਸੀ।

ਦਿਨ ਬੀਤਦਿਆਂ ਦਾ ਕਿਹੜਾ ਪਤਾ ਲੱਗਦਾ। ਸਿਮਰਨ ਨੇ "ਟਚਸਟੋਨ ISLETS ਸੈਂਟਰ" ਤੋਂ ਕੋਚਿੰਗ

ਲਈ। ਸੱਤ ਬੈਂਡ ਲਏ। ਕੰਡਾ ਟ੍ਰੈਵਲਜ਼, ਨਕੋਦਰ ਵਾਲਿਆਂ ਰਾਹੀਂ ਟੋਰਾਂਟੋ ਦੇ ਟ੍ਰੀਵਨ ਕਾਲਜ ਵਿੱਚ ਦਾਖਲਾ ਲੈਣ ਲਈ ਅਪਲਾਈ ਕਰ ਦਿੱਤਾ। ਉਹ ਜੋ ਕੁਝ ਕਰਦੀ, ਰਾਤ ਨੂੰ ਆਪਣੇ ਪਾਪੇ ਨੂੰ ਦੱਸਦੀ। ਬਹੁਤੀਆਂ ਗੱਲਾਂ ਗਿਆਨ ਦੇ ਸਿਰ ਉਪਰੋਂ ਦੀ ਲੰਘ ਜਾਂਦੀਆਂ। ਉਹ ਕਹਿ ਦਿੰਦਾ, ''ਪੁੱਤ ਮੇਰਿਆ, ਮੈਨੂੰ ਅਨਪੜ੍ਹ ਜਿਹੇ ਬੰਦੇ ਨੂੰ ਕੁਛ ਸਮਝ ਨ੍ਹੀਂ ਲੱਗਦੀ। ਜਿੱਦਾਂ ਤੈਨੂੰ ਚੰਗਾ ਲੱਗਦਾ, ਕਰੀ ਚੱਲ। ਪੈਸਿਆਂ ਦਾ ਪ੍ਰਬੰਧ ਕਰਨਾ ਮੇਰੀ ਜੁੰਮੇਵਾਰੀ ਐ। ਬਾਕੀ ਤੁਸੀਂ ਮਾਂ-ਧੀ ਜਾਣੋ।''
ਪਹਿਲਾਂ ਸਿਮਰਨ ਜ਼ਮੀਨ ਵੇਚਣ ਦੇ ਹੱਕ ਵਿੱਚ ਨਹੀਂ ਸੀ। ਉਸ ਦਾ ਅਧਿਆਪਕ ਦੀਪਕ ਅਰੋੜਾ ਸਮਝਾਇਆ ਕਰਦਾ ਸੀ ਕਿ ਜਿਹੜੀ ਚੀਜ਼ ਇੱਕ ਵਾਰ ਹੱਥੋਂ ਨਿਕਲ ਗਈ, ਉਸ ਨੂੰ ਮੁੜ ਹਾਸਲ ਕਰਨਾ ਡਾਢਾ ਔਖਾ ਹੋ ਜਾਂਦਾ। ਉਹ ਕਹਿੰਦੀ, ''ਇੱਕ ਮੇਰਾ ਮਨ ਕਰਦਾ ਕਿ ਬੈਂਕ 'ਚੋਂ ਲੋਨ ਲੈ ਲਿਆ ਜਾਵੇ। ਸਟੱਡੀ ਲਈ ਲੋਨ ਮਿਲ ਜਾਂਦਾ। ਪਰ ਜਸਬੀਰੋ ਦੱਸਦੀ ਸੀ ਕਿ ਬੈਂਕ ਵਾਲੇ ਗੇੜੇ ਬਹੁਤ ਮਰਵਾਉਂਦੇ ਨੇ। ਇੱਕ ਮਨ 'ਚ ਇਹ ਵੀ ਆਉਂਦਾ ਰਹਿੰਦਾ ਕਿ ਲੋਨ ਲੈਣ ਜਾਂ ਕਿਸੇ ਕੋਲੋਂ ਪੈਸੇ ਫੜਨ ਨਾਲੋਂ ਇੱਕ ਖੇਤ ਵੇਚ ਦੇਈਏ। ਮੈਂ ਬਾਹਰ ਸੈੱਟਲ ਹੋਣਾ। ਫੇਰ ਤੁਹਾਨੂੰ ਆਪਣੇ ਕੋਲ ਬੁਲਾਅ ਲੈਣਾ। ਪਿੱਛੋਂ ਜ਼ਮੀਨ ਤੇ ਘਰ ਕੌਣ ਸੰਭਾਲੂਗਾ। ਜਿਹੜਾ ਵੀ ਕੋਈ ਇੱਕ ਵਾਰ ਬਾਹਰ ਚਲੇ ਗਿਆ, ਮੁੜ ਕੇ ਘੱਟ-ਵੱਧ ਹੀ ਮੁੜਿਆ। ਸਾਰੇ ਪ੍ਰਾਹੁਣਿਆਂ ਵਾਂਗੂੰ ਮਿਲਣ ਆਉਂਦੇ ਆ। ਮਹੀਨੇ ਮਗਰੋਂ ਜਹਾਜ਼ ਜਾ ਚੜ੍ਹਦੇ ਆ।'' ਗਿਆਨ ਉਸ ਨੂੰ ਵਿਚਕਾਰੋਂ ਹੀ ਟੋਕਦਾ, ''ਤੂੰ ਬਹੁਤਾ ਸੇਖ਼ ਚਿੱਲੀ ਵਾਂਗੂੰ ਸਕੀਮਾਂ ਨਾ ਬਣਾਇਆ ਕਰ। ਸੋਚਿਆ ਨਾ ਕਰ। ਮੈਂ ਤੇ ਤੇਰੀ ਮੰਮੀ ਨੇ ਬਈਂ ਵਾਲੇ ਪਾਸੇ ਦਾ ਖੇਤ ਸਰਦਾਰ ਫੁੰਮਣ ਸਿਹੁੰ ਨੂੰ ਵੇਚਣ ਦਾ ਫੈਸਲਾ ਕਰ ਲਿਐ।'' ਉਹ ਆਪਣੇ ਪਾਪੇ ਨੂੰ ਘੁੱਟ ਕੇ ਜੱਫੀ ਪਾ ਲੈਂਦੀ, ''ਮੈਂ ਐਵੇਂ ਨ੍ਹੀਂ ਕਹਿੰਦੀ ਹੁੰਦੀ ਕਿ ਮੇਰੇ ਪਾਪਾ ਆਮ ਲੋਕਾਂ ਵਰਗੇ ਨ੍ਹੀਂ।''
ਸਿਮਰਨ ਦੇ ਕੈਨੇਡਾ ਜਾਣ ਦੀ ਖੁਸ਼ੀ ਵਿੱਚ ਗਿਆਨ ਨੇ ਅਖੰਡ ਪਾਠ ਰਖਵਾਇਆ ਸੀ। ਉਸ ਨੇ ਦੂਰ-ਨੇੜੇ ਦੇ ਰਿਸ਼ਤੇਦਾਰਾਂ ਨੂੰ ਸੱਦਿਆ। ਮੂੰਹ-ਮੱਥੇ ਲੱਗਣ ਵਾਲੇ ਤੇ ਸਕੂਲ ਵੇਲੇ ਦੇ ਆਪਣੇ ਦੋਸਤਾਂ ਨੂੰ ਬੁਲਾਇਆ। ਤਾਰੋ ਨੇ ਇੱਕੋ ਰਟ ਲਾਈ ਰੱਖੀ ਸੀ, ''ਕੁੜੀ ਨੇ ਬਾਹਰ ਚਲੇ ਜਾਣਾ। ਆਪਾਂ ਉਸ ਦਾ ਓਧਰ ਹੀ ਵਿਆਹ ਕਰ ਦੇਣਾ। ਇਹ ਮੰਨ ਲਓ- ਇਸ ਘਰ 'ਚ ਇਹ ਆਪਣਾ ਆਖ਼ਰੀ ਦਿਨ ਸੁਧ ਏ। ਆਪਾਂ ਗੱਜ-ਵੱਜ ਕੇ ਪ੍ਰੋਗ੍ਰਾਮ ਕਰਨਾ। ਕਿਸੇ ਚੀਜ਼ ਦੀ ਕੋਈ ਕਸਰ ਨ੍ਹੀਂ ਰਹਿਣ ਦੇਣੀ।''
ਉਸ ਨੇ ਸਿਮਰਨ ਨੂੰ ਬਹੁਤੀਆਂ ਬੰਦਸ਼ਾਂ ਵਿੱਚ ਨਹੀਂ ਰੱਖਿਆ ਸੀ। 10+1 ਵਿੱਚ ਦਾਖਲਾ ਲੈਂਦਿਆਂ ਸਾਰ ਐਕਟਿਵਾ ਲੈ ਦਿੱਤੀ ਸੀ। ਸਿਮਰਨ ਆਪਣੀ ਮੰਮੀ ਨੂੰ ਐਕਟਿਵਾ ਦੇ ਪਿੱਛੇ ਬਿਠਾਉਂਦੀ, ਘਰ ਦਾ ਸਮਾਨ ਨਕੋਦਰ ਤੋਂ ਖਰੀਦ ਲਿਆਉਂਦੀ। ਇਹ ਉਸ ਨੂੰ ਪਤਾ ਹੁੰਦਾ ਕਿ ਬਿਜਲੀ ਦਾ ਬਿੱਲ ਕਦੋਂ ਤਾਰਨਾ ਹੈ, ਐਕਟਿਵਾ ਦੀ ਅਗਲੀ ਕਿਸ਼ਤ ਕਦੋਂ ਭਰਨੀ ਹੈ। ਜਦੋਂ ਹਰਨਾਮ ਸਿੰਘ ਧੀਮਾਨ ਨੂੰ ਪਤਾ ਲੱਗਾ ਕਿ ਸਿਮਰਨ ਨੇ ISLETS ਵਿੱਚੋਂ ਸੱਤ ਬੈਂਡ ਲਏ ਹਨ ਤਾਂ ਉਸ ਨੇ ਗਿਆਨ ਨੂੰ ਆਪਣੇ ਕੈਬਿਨ ਵਿੱਚ ਬੁਲਾਇਆ ਸੀ। ਵਧਾਈਆਂ ਦਿੱਤੀਆਂ ਸਨ, ''ਵਾਹਿਗੁਰੂ ਦਾ ਸੁਕਰਾਨਾ ਕਰੋ ਕਿ ਕੁੜੀ ਨੇ ਸੱਤ ਬੈਂਡ ਲਏ ਨੇ। ਇੱਥੇ ਬਥੇਰੇ ਕੁੜੀਆਂ-ਮੁੰਡੇ ਨੇ ਜਿਹੜੇ ਮਹਿੰਗੇ ਕੌਨਵੈਂਟ ਸਕੂਲਾਂ ਤੋਂ ਪੜ੍ਹੇ ਨੇ- ਉਨ੍ਹਾਂ 'ਚ ਬਹੁਤ ਘੱਟ ਅਜਿਹੇ ਨੇ ਜਿਨ੍ਹਾਂ ਨੇ ਪਹਿਲੀ ਵਾਰ 'ਚ ਸੱਤ ਬੈਂਡ ਲਏ ਹੋਣ। ਆਹ ਆਪਣਾ ਮਲਸੀਆਂ ਵਾਲਾ ਸਕੂਲ ਤਾਂ ਉਨ੍ਹਾਂ ਅੱਗੇ ਕੁਛ ਵੀ ਨ੍ਹੀਂ। ਆਪਣੀ ਕੁੜੀ ਮਿਹਨਤੀ ਏ। ਮੇਰੇ ਬੀਬੀ ਜੀ ਦੱਸਦੇ ਸੀ ਕਿ ਆਪਣੀ ਸਿਮਰਨ ਦੇ ਮੈਟ੍ਰਿਕ 'ਚੋਂ ਬਿਆਸੀ ਪਰਸੈਂਟ ਨੰਬਰ ਆਏ ਸੀ। ਮੈਨੂੰ ਸੁਣ ਕੇ ਬੜੀ ਖੁਸ਼ੀ ਹੋਈ। ਮੈਨੂੰ ਪਤਾ ਕਿ ਸਾਡੇ ਮੁਲਕ 'ਚ ਬੱਚਿਆਂ ਨੂੰ ਸੈੱਟ ਕਰਨਾ ਬੜਾ ਔਖਾ ਹੋ ਗਿਐ। ਤੁਹਾਡੇ ਕੋਲ ਚਾਰ ਸਿਆੜ ਨੇ। ਰੋਟੀ-ਪਾਣੀ ਚੱਲੀ ਜਾਂਦਾ। ਜੇ ਤੁਸੀਂ ਆਪਣੀ ਤਨਖ਼ਾਹ ਨਾਲ ਘਰ ਚਲਾਉਣਾ ਹੋਵੇ ਤਾਂ ਬੜਾ ਔਖਾ। ਹੁਣ ਤਾਂ ਗੈਸ-ਸਿਲੰਡਰ ਵੀ ਇੱਕ ਹਜ਼ਾਰ ਦਾ ਹੋ ਗਿਆ। ਅੱਜ ਕੱਲ੍ਹ ਦਸ-ਬਾਰਾਂ ਹਜ਼ਾਰ ਨਾਲ ਕੀ ਬਣਦਾ? ਦੁਨੀਆ ਬੜੀ ਤੇਜ਼ੀ ਨਾਲ ਬਦਲ ਰਹੀ ਐ, ਆਪਣੇ ਆਪ ਨੂੰ ਸਮੇਂ ਨਾਲ ਬਦਲੋ।''

ਜਿੰਦਰ

***

ਉਸ ਨੇ ਆਪਣੇ ਆਪ ਨੂੰ ਕਿਹਾ ਕਿ ਮਾਸਟਰ ਜਗਦੀਸ਼ ਸਿੰਘ ਦੀ ਗੱਲ ਦਾ ਸਿੱਧ-ਪੱਧਰਾ ਜੁਆਬ ਹੈ ਕਿ ਦੂਜੇ ਮੁੰਡਿਆਂ-ਕੁੜੀਆਂ ਵਾਂਗੂੰ ਉਸ ਦੀ ਧੀ ਵੀ ਸਟੱਡੀ ਬੇਸ 'ਤੇ ਬਾਹਰ ਜਾ ਰਹੀ ਹੈ- ਦੋ ਸਾਲ ਪੜ੍ਹਾਈ ਕਰੇਗੀ, ਫੇਰ ਉਸ ਨੂੰ ਵਰਕ ਪਰਮਿਟ ਮਿਲੇਗਾ, ਪੀ.ਆਰ. ਮਿਲੇਗੀ, ਵਿਆਹ ਕਰਵਾਵੇਗੀ, ਉਸ ਦਾ ਆਪਣਾ ਘਰ ਹੋਵੇਗਾ। ਅਗਾਂਹ ਬਾਰੇ ਉਹ ਜਾਣੇ ਜਾਂ ਉਸ ਦਾ ਜੀਵਨ ਸਾਥੀ! ਜੇ ਉਨ੍ਹਾਂ ਨੂੰ ਨਾਲ ਰੱਖਣ ਲਈ ਰਾਜ਼ੀ ਹੋਣਗੇ ਤਾਂ ਉਹ ਚਲੇ ਜਾਣਗੇ। ਨਹੀਂ ਤਾਂ ਉਹ ਆਪਣੇ ਘਰ ਰਾਜ਼ੀ, ਅਸੀਂ ਆਪਣੇ ਘਰ ਖੁਸ਼!
ਜਦੋਂ ਮਾਸਟਰ ਦਾ ਫ਼ੋਨ ਆਇਆ ਸੀ, ਉਦੋਂ ਉਸ ਦੇ ਮਨ ਵਿੱਚ ਆਇਆ ਸੀ ਕਿ ਉਹ ਮਾਸਟਰ ਕੋਲੋਂ ਪੁੱਛੇ ਕਿ ਉਸਨੇ ਇਹ ਕਿਉਂ ਪੁੱਛਿਆ ਸੀ? ਵਧਾਈਆਂ ਕਿਉਂ ਨਹੀਂ ਦਿੱਤੀਆਂ ਸਨ? ਮਾਸਟਰ ਨੇ ਅਖੰਡ ਪਾਠ 'ਤੇ ਨਾ ਆਉਣ ਬਾਰੇ ਦੱਸਿਆ ਸੀ, ''ਯਾਰ ਮੇਰਿਆ, ਗੁੱਸਾ ਨਾ ਕਰੀਂ। ਮੈਥੋਂ ਭੋਗ ਵੇਲੇ ਆਇਆ ਨ੍ਹੀਂ ਜਾਣਾ। ਮੇਰੀ ਲਿੱਤਰਾਂ ਵਾਲੀ ਸਾਲੀ ਦੇ ਸਹੁਰੇ ਦੇ ਮਰਗ ਦਾ ਭੋਗ ਵੀ ਉਸ ਦਿਨ ਹੀ ਐ। ਮੇਰਾ ਉੱਥੇ ਜਾਣਾ ਜ਼ਰੂਰੀ ਐ। ਮੈਂ ਕਿਸੇ ਹੋਰ ਦਿਨ ਆਵਾਂਗਾ ਕੁੜੀ ਨੂੰ ਪਿਆਰ ਦੇਣ ਤੇ ਤੈਨੂੰ ਸਮਝਾਉਣ।''
ਉਹ ਮਹਾਰਾਜ ਦੀ ਤਾਬਿਆ ਵਿੱਚ ਬੈਠਾ ਸੀ। ਲੰਬੀ ਗੱਲਬਾਤ ਕਰਨ ਦਾ ਸਮਾਂ ਨਹੀਂ ਸੀ। ਉਸ ਨੇ ਹੌਲੀ-ਹੌਲੀ ਹੂੰ-ਹਾਂ ਕਿਹਾ ਸੀ। ਮਾਸਟਰ ਨੂੰ ਲੰਬੀ ਗੱਲ ਕਰਨ ਦੀ ਆਦਤ ਹੈ... ਉਸ ਨੇ ਕਿਹਾ ਸੀ, ''ਆਹ ਭਜਨ ਸਿਹੁੰ ਮੱਥਾ ਟੇਕਣ ਆਇਐ, ਪਹਿਲਾਂ ਉਸ ਨੂੰ ਪ੍ਰਸ਼ਾਦ ਦੇ ਦੇਵਾਂ, ਫੇਰ ਬਾਹਰ ਆ ਕੇ ਤੈਨੂੰ ਫ਼ੋਨ ਕਰਦਾਂ।'' ਦੋ ਕੁ ਮਿੰਟਾਂ ਮਗਰੋਂ

# ਮੇਰਾ ਕੋਈ ਕਸੂਰ ਨਹੀਂ
## ਜਿੰਦਰ

ਉਹ ਬਾਹਰ ਆਇਆ ਤਾਂ ਕਰਤਾਰਾ ਹਲਵਾਈ ਆਇਆ ਬੈਠਾ ਸੀ। ਕੱਲ੍ਹ ਦੇ ਕੰਮਾਂ ਦੀ ਵਿਉਂਤਬੰਦੀ ਵਿੱਚ ਉਹ ਅਜਿਹਾ ਉਲਝਿਆ ਕਿ ਉਸਨੂੰ ਮਾਸਟਰ ਦੀ ਗੱਲ ਭੁੱਲ ਗਈ ਸੀ। ਉਸ ਨੇ ਟਾਈਮ ਪੀਸ 'ਤੇ ਸਮਾਂ ਦੇਖਿਆ। ਨੌਂ ਵੱਜ ਕੇ ਸਤਾਰਾਂ ਮਿੰਟ ਹੋਏ ਸਨ। ਉਸ ਦੇ ਮਨ ਵਿੱਚ ਆਇਆ ਕਿ ਉਹ ਮਾਸਟਰ ਨੂੰ ਫ਼ੋਨ ਕਰ ਕੇ ਪੁੱਛ ਲਏ ਕਿ ਉਸਦੇ ਕਹਿਣ ਦਾ ਕੀ ਭਾਵ ਹੈ। ਅਜੇ ਉਹ ਸੁੱਤਾ ਨਹੀਂ ਹੋਣਾ। ਕੋਈ ਕਿਤਾਬ ਲੈ ਕੇ ਪੜ੍ਹ ਰਿਹਾ ਹੋਵੇਗਾ ਜਾਂ ਟੀ.ਵੀ. 'ਤੇ ਡਿਸਕਵਰੀ ਚੈਨਲ ਵਰਗਾ ਕੋਈ ਚੈਨਲ ਦੇਖ ਰਿਹਾ ਹੋਵੇਗਾ। ਗਿਆਰਾਂ ਵਜੇ ਤੋਂ ਪਹਿਲਾਂ ਉਹ ਸੌਂਦਾ ਨਹੀਂ। ਉਸ ਦੀ ਆਦਤ ਹੈ ਕਿ ਉਹ ਵਧਾਅ-ਚੜ੍ਹਾਅ ਕੇ ਗੱਲ ਨਹੀਂ ਕਰਦਾ, ਨਾ ਹੀ ਕਿਸੇ ਦੀ ਨਿੰਦਿਆ ਚੁਗਲੀ। ਉਸ ਦਾ ਫ਼ੋਨ ਆਵੇ ਜਾਂ ਉਹ ਮਹੀਨੇ ਦੋ ਮਹੀਨਿਆਂ ਮਗਰੋਂ ਆਪ ਫ਼ੋਨ ਕਰ ਲਵੇ ਤਾਂ ਮਾਸਟਰ ਆਪਣੇ ਗਿਆਨ ਦੀ ਪਟਾਰੀ ਖੋਲ੍ਹ ਬੈਠਦਾ ਹੈ।
ਉਨ੍ਹਾਂ ਦੋਹਾਂ ਨੇ ਆਰੀਆ ਸਕੂਲ, ਨਕੋਦਰ ਤੋਂ ਮਿਡਲ ਪਾਸ ਕੀਤੀ ਸੀ। ਫੇਰ ਮਾਸਟਰ ਫ਼ੌਜ ਵਿੱਚ ਭਰਤੀ ਹੋ ਗਿਆ। ਗਿਆਨ ਨੇ ਖੇਤੀਬਾੜੀ ਸੰਭਾਲ ਲਈ। ਮਾਸਟਰ ਨੇ ਫ਼ੌਜ ਵਿੱਚ ਬੀ. ਏ. ਕੀਤੀ, ਬੀ. ਐੱਡ. ਵੀ ਕਰ ਲਈ। ਉਹ ਗਿਆਨ ਨੂੰ ਮੇਰਠ ਛਾਉਣੀ ਤੋਂ ਚਿੱਠੀ ਲਿਖਦਾ। ਜੁਆਬ ਦੇਣ ਵਿੱਚ ਗਿਆਨ ਘੌਲ ਕਰ ਜਾਂਦਾ, ਮਾਸਟਰ ਦੀ ਹੋਰ ਚਿੱਠੀ ਆ ਜਾਂਦੀ। ਇੱਕ-ਅੱਧੀ ਲਾਈਨ ਵਿੱਚ ਘਰ-ਪਰਿਵਾਰ ਦੀ ਰਾਜ਼ੀ-ਖੁਸ਼ੀ ਪੁੱਛ ਕੇ ਉਹ ਨਵੇਂ ਦੇਖੇ ਥਾਵਾਂ ਬਾਰੇ ਲਿਖਦਾ, ਆਪਣੇ ਸਾਥੀਆਂ ਬਾਰੇ ਦੱਸਦਾ। ਛੁੱਟੀ ਆਇਆ ਗਿਆਨ ਲਈ ਰੰਮ ਦੀ ਬੋਤਲ ਲਿਆਉਂਦਾ। ਗਿਆਨ ਸਹੁਰਿਆਂ ਦੇ ਗਿਆ ਪਹਿਲਾਂ ਉਸ ਕੋਲ ਜਾਂਦਾ। ਮਾਸਟਰ ਦੀਆਂ ਸਿਆਣੀਆਂ ਗੱਲਾਂ ਸੁਣਦਾ-ਸੁਣਦਾ ਉਹ ਕਹਿੰਦਾ, ''ਮੈਂ ਤਾਂ ਖੂਹ ਦਾ ਡੱਡੂ ਹੀ ਰਿਹਾਂ।'' ਮਾਸਟਰ ਕਹਿੰਦਾ, ''ਆਪਾਂ ਘਰੋਂ ਨਿਕਲਾਂਗੇ ਤਾਂ ਨਵੇਂ ਲੋਕਾਂ ਨਾਲ ਵਾਹ ਪਵੇਗਾ। ਮੇਰੇ ਘਰ ਦੇ ਮੇਰੇ ਫ਼ੌਜ 'ਚ ਭਰਤੀ ਹੋਣ ਨੂੰ ਚੰਗਾ ਨ੍ਹੀਂ ਸੀ ਸਮਝਦੇ। ਇਹ ਮੈਨੂੰ ਪਤਾ ਕਿ ਮੈਂ ਫ਼ੌਜ 'ਚ ਜਾ ਕੇ ਕਿੰਨਾ ਕੁਛ ਸਿੱਖਿਆ। ਤੂੰ ਆਪਣੀ ਜ਼ਿੰਦਗੀ ਕਿਉਂ ਖਰਾਬ ਕਰ ਰਿਹਾਂ। ਦੋ-ਚਾਰ ਖੇਤਾਂ ਤੇ ਦੋ ਮੱਝਾਂ ਨੂੰ ਸਾਂਭਣ ਨੂੰ ਕਿੰਨਾ ਕੁ ਸਮਾਂ ਲੱਗਦਾ। ਵਿਹਲਾ ਬੈਠਾ ਕੜਛ ਮਾਂਜਦਾ ਹੁੰਨਾਂ? ਪ੍ਰਾਈਵੇਟ ਤੌਰ 'ਤੇ ਮੈਟ੍ਰਿਕ ਕਰ। ਬੀ. ਏ. ਕਰ। ਤੂੰ ਪਿੰਡ 'ਚੋਂ ਬਾਹਰ ਨਿੱਕਲ। ਇਸ ਪੱਛੜੇ ਪਿੰਡ 'ਚੋਂ ਕੁਛ ਨ੍ਹੀਂ ਲੱਭਣਾ।'' ਉਹ 'ਅੱਛਾ ਸੋਚਦਾ ਹਾਂ' ਕਹਿ ਛੱਡਦਾ। ਉਸ ਨੂੰ ਲੱਗਦਾ ਕਿ ਮਾਸਟਰ ਬਹੁਤ ਸੂਝਵਾਨ ਹੋ ਗਿਆ। ਉਸ ਕੋਲ ਰੋਜ਼-ਰੋਜ਼ ਨਵੀਆਂ ਗੱਲਾਂ ਹੁੰਦੀਆਂ। ਆਪਣੀ ਗੱਲ ਮਨਵਾਉਣ 'ਤੇ ਜ਼ੋਰ ਨਾ ਦਿੰਦਾ- ''ਮੈਂ ਤਾਂ ਤੇਰੇ ਭਲੇ ਦੀ ਗੱਲ ਕਰ ਰਿਹਾਂ। ਚੰਗੀ ਲੱਗੇ ਤਾਂ ਅਮਲ ਕਰ ਲਈਂ।''
'ਚੱਲ ਮਨਾ ਐਵੇਂ ਕਿਉਂ ਮਨ 'ਤੇ ਬੋਝ ਪਾਉਣਾ- ਫ਼ੋਨ ਕਰ ਕੇ ਮਾਸਟਰ ਕੋਲੋਂ ਪੁੱਛ ਹੀ ਲੈ,' ਉਸ ਨੇ ਫ਼ੋਨ ਚੁੱਕਿਆ ਹੀ ਸੀ ਕਿ ਤਾਰੋ ਆ ਗਈ। ਉਸਨੂੰ ਜਾਗਦਾ ਦੇਖ ਕੇ ਪੁੱਛਣ ਲੱਗੀ, ''ਤੂੰ ਅਜੇ ਸੁੱਤਾ ਨ੍ਹੀਂ? ਮੈਂ ਤਾਂ ਬੋਚ-ਬੋਚ ਕੇ ਕਦਮ ਪੁੱਟਦੀ ਅੰਦਰ ਆਈ ਕਿ ਕਿਤੇ ਮੇਰੀ ਪੈੜਚਾਲ ਸੁਣ ਕੇ ਤੂੰ ਜਾਗ ਹੀ ਨਾ ਪਵੇਂ। ਤੂੰ ਤਾਂ ਅਜੇ ਜਾਗਦਾ ਪਿਆਂ।''
''ਸੌਣ ਹੀ ਲੱਗਾ ਸੀ ਕਿ ਸੋਚੀਂ ਪੈ ਗਿਆ,'' ਗਿਆਨ ਨੇ ਕਿਹਾ।
''ਹੁਣ ਸੋਚਣ ਵਾਲੀ ਕਿਹੜੀ ਗੱਲ ਰਹਿ ਗਈ? ਸਭ ਕੁਛ ਸੁਖ-ਸਬੀਲੀ ਨਾਲ ਨਿਬੜ ਗਿਆ।'' ਉਸ ਨੇ ਅਲਮਾਰੀ ਵਾਲੇ ਪਾਸੇ ਹੱਥ ਮਾਰਦੀ ਨੇ ਕਿਹਾ।
ਉਸ ਨੇ ਤਾਰੋ ਨੂੰ ਮਾਸਟਰ ਦੇ ਫ਼ੋਨ ਬਾਰੇ ਦੱਸਿਆ ਤਾਂ ਉਹ ਬੋਲੀ, ''ਸਾਡੇ ਪਿੰਡ 'ਚ ਉਨ੍ਹਾਂ ਦੇ ਟੱਬਰ ਨੂੰ ਸਿਆਣਿਆਂ ਦਾ ਟੱਬਰ ਮੰਨਿਆ ਜਾਂਦਾ। ਪਹਿਲਾਂ ਬਾਬਾ ਮਾਸਟਰ ਹੁੰਦਾ ਸੀ ਬਾਰ 'ਚ। ਪੁੱਤ ਨੂੰ ਵੀ ਮਾਸਟਰ ਬਣਾਇਆ। ਹੁਣ ਜਗਦੀਸ਼ ਸਿਹੁੰ ਫ਼ੌਜ 'ਚੋਂ ਪੈਨਸ਼ਨ ਲੈ ਕੇ ਬੀਰ ਪਿੰਡ ਮਾਸਟਰ ਲੱਗ ਗਿਆ।''
''ਅੱਜ ਤਾਂ ਬੜੀਆਂ ਸਿਫ਼ਤਾਂ ਕਰ ਰਹੀ ਐਂ ਆਪਣੇ ਪੇਕਿਆਂ ਦੇ ਮਾਸਟਰ ਦੀਆਂ।''
''ਇੱਕੋ ਗਲੀ 'ਚ ਰਹਿੰਦਿਆਂ ਕਿਹੜੀ ਗੱਲ ਲੁਕੀ-ਛਿਪੀ ਰਹਿੰਦੀ ਐ। ਮੈਨੂੰ ਦੱਸ ਮੈਂ ਉਸ ਭਲੇ ਮਾਨਸ ਦੀ ਕਦੋਂ ਨਖੇਧੀ ਕੀਤੀ ਸੀ।'' ਉਸ ਨੇ ਤਾਰੋ ਦੀ ਇਸ ਗੱਲ ਦਾ ਕੋਈ ਜੁਆਬ ਨਾ ਦਿੱਤਾ। ਕੱਲ੍ਹ ਦੀ ਗੱਲ ਬਾਰੇ ਪੁੱਛਣ ਲੱਗਾ, ''ਤੂੰ ਰਾਤੀਂ ਮਾਲੜੀ ਵਾਲੀ ਰਾਣੀ ਨਾਲ ਬੜੀ ਸਲਾਹੀਂ ਪਈ ਸੀ। ਮੈਂ ਗਿਆ ਤਾਂ ਰਾਣੀ ਚੁੱਪ ਕਰ ਗਈ ਸੀ। ਕੋਈ ਖਾਸ ਗੱਲ ਕਰ ਰਹੀ ਸੀ?''
''ਇੱਕ ਗੱਲ ਥੋੜ੍ਹੇ ਆ। ਉਸ ਕੋਲ ਤਾਂ ਗੱਲਾਂ ਦੀਆਂ ਪੰਡਾਂ ਨੇ। ਦੋ ਕੁ ਮਹੀਨੇ ਪਹਿਲਾਂ ਆਪਣੀ ਭਤੀਜੀ ਲਵਜੀਤ ਨੂੰ ਮਿਲ ਕੇ ਆਈ ਆ ਕੈਨੇਡਾ ਤੋਂ।''
''ਕੋਈ ਖਾਸ ਗੱਲ ਆ ਤਾਂ ਮੈਨੂੰ ਵੀ ਦੱਸ ਦੇ। ਹੁਣ ਮੇਰੀ ਨੀਂਦ ਉੱਖੜ ਗਈ- ਛੇਤੀ ਕੀਤੇ ਨ੍ਹੀਂ ਆਉਣੀ,'' ਉਹ ਉੱਠ ਕੇ ਬੈਠ ਗਿਆ। ਕੰਧ ਨਾਲ ਢੋਅ ਲਾ ਲਈ।
''ਪਹਿਲਾਂ ਆਹ ਵਾਲਾ ਲਿਫ਼ਾਫ਼ਾ ਸਿਮਰਨ ਨੂੰ ਫੜਾ ਆਵਾਂ। ਉਹ ਆਪਣੇ ਅਟੈਚੀ 'ਚ ਰੱਖ ਲਵੇ। ਜਿਸ ਕੋਲ ਜਾਣਾ ਐ, ਜੇ ਉਹਦਾ ਸਾਮਾਨ ਹੀ ਇੱਥੇ ਰਹਿ ਗਿਆ ਤਾਂ ਕੀ ਕਰਾਂਗੇ। ਇਹ ਤਾਂ ਮੈਨੂੰ ਮੰਜੇ 'ਤੇ ਪੈਣ ਲੱਗੀ ਨੂੰ ਯਾਦ ਆ ਗਿਆ। ਮੈਂ ਉਸੇ ਵੇਲੇ ਇੱਧਰ ਆ ਗਈ।'' ਤਾਰੋ ਨੇ ਇੱਕ ਪੈਕ ਕੀਤਾ ਹੋਇਆ ਹਲਕੇ ਹਰੇ ਰੰਗ ਦਾ ਲਿਫ਼ਾਫ਼ਾ ਚੁੱਕਿਆ। ਫੇਰ ਜਾਣ ਦੀ ਕੀਤੀ।
ਜਿਉਂ-ਜਿਉਂ ਸਿਮਰਨ ਦੇ ਜਾਣ ਦਾ ਦਿਨ ਨੇੜੇ ਆ ਰਿਹਾ ਸੀ, ਤਿਉਂ-ਤਿਉਂ ਉਹ ਜ਼ਿਆਦਾ ਸੋਚਣ ਲੱਗਾ ਸੀ। ਇਕੱਲੀ ਕੁੜੀ ਕਿੱਥੇ ਰਹੇਗੀ? ਜਿੱਥੇ ਜਾ ਕੇ ਉਸ ਨੇ ਰਹਿਣਾ ਹੈ, ਉੱਥੋਂ ਉਸ ਦਾ ਕਾਲਜ ਕਿੰਨੀ ਦੂਰ ਹੋਵੇਗਾ? ਜਿੱਥੇ ਜਾ ਕੇ ਉਸ ਨੇ ਕੰਮ ਕਰਨਾ ਹੈ, ਉੱਥੇ ਪਹੁੰਚਣ ਨੂੰ ਕਿੰਨੇ ਘੰਟੇ ਲੱਗਣਗੇ। ਚਾਰ ਦਿਨ ਕਾਲਜ। ਤਿੰਨ ਦਿਨ ਕੰਮ 'ਤੇ। ਪਤਾ ਨਹੀਂ ਕਿੰਨੀ ਵਾਰ ਉਸ ਨੇ ਸਿਮਰਨ ਤੋਂ ਇਸ ਬਾਰੇ ਪੁੱਛਿਆ ਸੀ। ਸਿਮਰਨ ਦੱਸਦੀ ਨਾ ਅੱਕਦੀ, ''ਤੁਹਾਨੂੰ ਕਾਹਦੀ ਚਿੰਤਾ ਏ। ਪਹਿਲਾਂ ਇਹ ਦੱਸੋ ਕਿ ਤੁਹਾਨੂੰ ਮੇਰੇ 'ਤੇ ਯਕੀਨ

ਹੈ ਕਿ ਨ੍ਹੀਂ?'' ਉਹ ਹਾਂ ਵਿੱਚ ਸਿਰ ਹਿਲਾਅ ਦਿੰਦਾ। ਉਹ ਫੇਰ ਜਿੱਦਾਂ ਉਸ ਨੇ ਸੋਚਿਆ ਤੇ ਪਲੈਨਿੰਗ ਕੀਤੀ ਸੀ, ਦੱਸਣ ਲੱਗਦੀ, ''ਮੈਨੂੰ ਏਅਰਪੋਰਟ ਤੋਂ ਮੇਰੀ ਜੰਡਿਆਲੇ ਵਾਲੀ ਫ਼ੇਸਬੁੱਕ ਫ਼ਰੈਂਡ ਰਜਨੀ ਆਪਣੇ ਕੋਲ ਲੈ ਜਾਵੇਗੀ। ਮੈਂ ਉਸੇ ਨਾਲ ਕਮਰਾ ਸ਼ੇਅਰ ਕਰਨਾ। ਰਜਨੀ ਵੀ ਉਸੇ ਕਾਲਜ 'ਚ ਪੜ੍ਹਦੀ ਐ। ਉਹ ਮੈਥੋਂ ਇੱਕ ਸਾਲ ਸੀਨੀਅਰ ਐ। ਮੈਂ ਇੱਕ ਗੱਲ ਦੇਖੀ ਐ ਕਿ ਅੱਜ ਕੱਲ੍ਹ ਰਿਸ਼ਤੇਦਾਰ ਨ੍ਹੀਂ, ਫ਼ਰੈਂਡ ਸਰਕਲ ਬਹੁਤ ਕੰਮ ਆਉਂਦਾ।''

ਪਿਉ-ਧੀ ਦੀਆਂ ਗੱਲਾਂ ਵਿੱਚ ਤਾਰੋ ਵੀ ਸ਼ਾਮਲ ਹੋ ਜਾਂਦੀ, ''ਜਿਨ੍ਹਾਂ ਨੂੰ ਅਸੀਂ ਆਪਣੇ ਨੇੜਲੇ ਸਮਝਦੇ ਆਂ, ਸਭ ਤੋਂ ਜ਼ਿਆਦਾ ਸਾੜਾ ਉਨ੍ਹਾਂ ਨੂੰ ਹੁੰਦਾ। 'ਹੈਂ! ਕਿਤੇ ਸਾਡੇ ਤੋਂ ਅਗਾਂਹ ਨਾ ਲੰਘ ਜਾਣ!'।''

ਸਿਮਰਨ ਨੂੰ ਲਿਫ਼ਾਫ਼ਾ ਫੜਾਅ ਕੇ ਤਾਰੋ ਉਸ ਦੀ ਵੱਖੀ ਵਾਲੇ ਪਾਸੇ ਆ ਬੈਠੀ। ਉਸ ਨੇ ਕੁਝ ਪਲ ਅੱਖਾਂ ਬੰਦ ਕਰੀ ਰੱਖੀਆਂ ਜਿੱਦਾਂ ਸੋਚ ਰਹੀ ਹੋਵੇ ਕਿ ਰਾਣੀ ਵਾਲੀ ਗੱਲ ਦੱਸੇ ਕਿ ਜਾਂ ਨਾ ਦੱਸੇ।

''ਹੁਣ ਕਿਹੜੀਆਂ ਗਿਣਤੀਆਂ-ਮਿਣਤੀਆਂ 'ਚ ਪੈ ਗਈਂ?'' ਉਸ ਨੇ ਤਾਰੋ ਨੂੰ ਬਾਹੋਂ ਫੜ ਕੇ ਹਲੂਣਿਆ।

''ਮੈਂ ਸੋਚਦੀ ਪਈ ਸੀ ਕਿ ਅਸੀਂ ਵੀ ਕਿੰਨੇ ਕਮਲੇ ਆਂ। ਪੱਚੀ-ਤੀਹ ਲੱਖ ਖਰਚ ਕੇ ਇਕੱਲੀ ਕੁੜੀ ਨੂੰ ਬਗਾਨੇ ਮੁਲਕ ਭੇਜ ਰਹੇ ਆਂ। ਨਾ ਸਾਡੀ ਓਧਰ ਸਾਕ-ਸਕੀਰੀ, ਨਾ ਕੋਈ ਜਾਣੂ। ਮੈਂ ਸਿਮਰਨ ਨੂੰ ਕਦੇ ਸ਼ਾਮ ਨੂੰ ਇਕੱਲੀ ਨੂੰ ਕਿਤੇ ਨ੍ਹੀਂ ਭੇਜਿਆ ਭਾਵੇਂ ਕਿੰਨਾ ਵੀ ਜ਼ਰੂਰੀ ਕੰਮ ਹੋਵੇ। ਹੁਣ ਉਹ ਪ੍ਰਦੇਸਾਂ 'ਚ ਇਕੱਲੀ ਰਹੇਗੀ। ਫੇਰ ਬਾਅਦ 'ਚ ਪਤਾ ਨ੍ਹੀਂ ਕਿੰਨੇ ਪੈਸੇ ਭੇਜਣੇ ਪੈਣੇ ਨੇ।'' ਤਾਰੋ ਦੀ ਅਵਾਜ਼ ਬੈਠਣ ਲੱਗੀ ਸੀ।

''ਜੇ ਤਾਂ ਆਪਾਂ ਲੋਕਾਂ ਦੀਆਂ ਗੱਲਾਂ ਵੱਲ ਜਾਈਏ ਤਾਂ ਇਹ ਕੈਨੇਡਾ ਵਾਲਿਆਂ ਦਾ ਬਿਜਨੈਸ ਆ। ਤਰਸੇਮ ਲਾਲ ਦੱਸਦਾ ਸੀ ਕਿ ਓਧਰ ਦੀ ਸਰਕਾਰ ਨੇ ਕਾਲਜਾਂ ਤੇ ਯੂਨੀਵਰਸਿਟੀਆਂ ਨੂੰ ਮਦਦ ਦੇਣੀ ਬੰਦ ਕਰ ਦਿੱਤੀ ਸੀ। ਕਾਲਜ ਤੇ ਯੂਨੀਵਰਸਿਟੀਆਂ ਬੰਦ ਹੋਣ ਦੇ ਕੰਢੇ 'ਤੇ ਸਨ ਕਿ ਉਨ੍ਹਾਂ ਨੂੰ ਨਵਾਂ ਫੁਰਨਾ ਫੁਰਿਆ। ਉਨ੍ਹਾਂ ਨੇ ਏਸ਼ੀਆ ਦੇ ਮੁੰਡੇ-ਕੁੜੀਆਂ ਲਈ ਕਾਲਜ ਤੇ ਯੂਨੀਵਰਸਿਟੀਆਂ ਦੇ ਦਰਵਾਜ਼ੇ ਖੋਲ੍ਹ ਦਿੱਤੇ। ਮੁੰਡੇ-ਕੁੜੀਆਂ ਧੜਾਧੜ ਜਾਣ ਲੱਗੇ। ਵੀਹ-ਤੀਹ ਲੱਖ ਖਰਚ ਹੋ ਗਿਆ; ਹਵਾਈ ਜਹਾਜ਼ਾਂ ਨੂੰ ਸਵਾਰੀਆਂ ਮਿਲ ਗਈਆਂ; ਫੇਰ ਨਿਆਣਿਆਂ ਦੇ ਮਾਂ-ਪਿਓ ਜਾਣਗੇ-ਇੱਧਰਲੀਆਂ ਜ਼ਮੀਨਾਂ-ਜਾਇਦਾਦਾਂ ਵੇਚ ਕੇ ਪੈਸਾ ਓਧਰ ਚਲੇ ਜਾਵੇਗਾ; ਉਨ੍ਹਾਂ ਨੂੰ ਸਸਤੀ ਲੇਬਰ ਮਿਲ ਜਾਵੇਗੀ। ਮਾਂ-ਪਿਉ ਪੱਕੇ ਹੋਣ ਲਈ ਲੇਲ੍ਹੜੀਆਂ ਕੱਢਣਗੇ। ਪਤਾ ਨ੍ਹੀਂ ਇਸ ਪਿੱਛੇ ਹੋਰ ਕੀ-ਕੀ ਚੱਲ ਰਿਹਾ! ਮੇਰੇ ਵਰਗਿਆਂ ਨੂੰ ਕੁਛ ਸਮਝ ਨ੍ਹੀਂ ਲੱਗਦੀ। ਮਹਿੰਗਾਈ ਐਨੀ ਵਧ ਗਈ ਆ ਕਿ ਚੰਗੇ-ਭਲੇ ਦੀ ਮੱਤ ਮਾਰੀ ਗਈ ਐ।'' ਉਹ ਵੀ ਉੱਠ ਕੇ ਬੈਠ ਗਿਆ। ਜੇ ਉਨ੍ਹਾਂ ਨੂੰ ਸਿਮਰਨ ਦੇ ਬਾਹਰ ਜਾਣ ਦੀ ਖੁਸ਼ੀ ਸੀ ਤਾਂ ਨਾਲ ਦੀ ਨਾਲ ਫ਼ਿਕਰਾਂ ਦੀ ਪੰਡ ਦਾ ਭਾਰ ਘਟਿਆ ਨਹੀਂ, ਪਲ-ਪਲ ਵਧ ਰਿਹਾ ਸੀ। ਉਸ ਨੇ ਤਾਰੋ ਨੂੰ ਕਿਹਾ, ''ਮੈਂ ਤਾਂ ਸਭ ਕੁਛ ਰੱਬ 'ਤੇ ਛੱਡ ਦਿੱਤਾ। ਉਹਦੀਆਂ ਓਹੀ ਜਾਣੇ।.. ਤੂੰ ਰਾਣੀ ਬਾਰੇ ਦੱਸਣ ਲੱਗੀ ਸੀ।''

ਤਾਰੋ ਨੇ ਦੱਸਣਾ ਸ਼ੁਰੂ ਕੀਤਾ, ''ਰਾਣੀ ਦੇ ਭਰਾ ਸੁਰਜਨ ਦੀ ਗੋਹੀਰਾਂ ਵਾਲੀ ਸਾਲੀ ਸੱਤਿਆ ਦੀ ਵੱਡੀ ਨੂੰਹ ਹਰਕੀਰਤ ਸਟੱਡੀ ਬੇਸ 'ਤੇ ਕੈਨੇਡਾ ਗਈ ਸੀ। ਸਾਰਾ ਖਰਚਾ ਉਨ੍ਹਾਂ ਨੇ ਕੀਤਾ। ਸਮੇਤ ਵਿਆਹ ਦੇ। ਕੁੜੀ ਗਰੀਬ ਘਰ ਦੀ ਸੀ। ਮਾਂ-ਪਿਉ ਕੋਲ ਏਨੇ ਪੈਸੇ ਨ੍ਹੀਂ ਸੀ ਕਿ ISLETS 'ਚੋਂ ਸਾਢੇ ਸੱਤ ਬੈਂਡ ਲੈਣ ਵਾਲੀ ਆਪਣੀ ਧੀ ਨੂੰ ਬਾਹਰ ਭੇਜ ਦੇਣ। ਸੱਤਿਆ ਲਾਲਚ ਕਰ ਗਈ। ਪਹਿਲਾਂ ਨੂੰਹ ਜਾਵੇਗੀ। ਫੇਰ ਬੀ. ਏ. 'ਚੋਂ ਦੋ ਵਾਰ ਫੇਲ੍ਹ ਹੋਇਆ ਮੁੰਡਾ। ਮਗਰੋਂ ਘਰ ਦੇ ਬਾਕੀ ਜੀਆਂ ਦਾ ਦਾਅ ਲੱਗ ਜਾਵੇਗਾ। ਸੱਤਿਆ ਨੇ ਨੂੰਹ 'ਤੇ ਖੁੱਲ੍ਹਾ ਖਰਚਾ ਕੀਤਾ। ਪਹਿਲਾਂ-ਪਹਿਲਾਂ ਨੂੰਹ ਦੇ ਦਿਨ 'ਚ ਦੋ-ਤਿੰਨ ਵਾਰ ਫ਼ੋਨ ਆਉਂਦੇ ਰਹੇ। ਫੇਰ ਦਿਨ ਤੋਂ ਦਿਨਾਂ, ਦਿਨਾਂ ਤੋਂ ਹਫ਼ਤੇ, ਹਫ਼ਤੇ ਤੋਂ ਮਹੀਨਾ-ਮਹੀਨਾ ਬੀਤਣ ਲੱਗਾ। ਜੇ ਇਨ੍ਹਾਂ ਨੇ ਇੱਧਰੋਂ ਫ਼ੋਨ ਕੀਤਾ, ਅੱਗੋਂ ਨੂੰਹ ਨੇ ਕਹਿ ਦਿੱਤਾ, 'ਕੰਮ 'ਤੇ ਆਂ।' ਫੇਰ ਨੂੰਹ ਨੇ ਫ਼ੋਨ ਸੁਣਨਾ ਬੰਦ ਕਰ ਦਿੱਤਾ। ਸਿਰੋਂ ਰੰਡੀ ਸੱਤਿਆ ਨੇ ਚਾਲੀ ਲੱਖ ਖਰਚਿਆ ਸੀ। ਸੱਤਿਆ ਵਿਚਾਰੀ ਸੋਚ-ਸੋਚ ਕੇ ਪਾਗਲਾਂ ਵਰਗੀ ਹੋ ਗਈ। ਉਹ ਸੁਰਜਨ ਕੋਲ ਆ ਕੇ ਧਾਈਂ ਹੀ ਰੋ ਪਈ, 'ਭਾ ਜੀ, ਸਾਡੀ ਨੂੰਹ ਨੇ ਸਾਨੂੰ ਕੰਗਾਲ ਕਰ ਦਿੱਤਾ। ਸਮਝ ਨ੍ਹੀਂ ਲੱਗਦੀ ਕਿ ਹੁਣ ਕੀ ਕਰੀਏ। ਤੁਸੀਂ ਸਿਆਣੇ ਹੋ। ਕੋਈ ਰਾਹ ਲੱਭੋ- ਗੁਰਪ੍ਰੀਤ ਦਾ ਉਦਾਸਿਆ-ਹਿਰਸਿਆ ਚਿਹਰਾ ਮੈਥੋਂ ਦੇਖਿਆ ਨ੍ਹੀਂ ਜਾਂਦਾ। ਨੌਜੁਆਨ ਮੁੰਡਾ ਕੋਈ ਗਲਤ ਕੰਮ ਨਾ ਕਰ ਬੈਠੇ! ਜਦੋਂ ਮੈਂ ਮੁੰਡੇ ਬਾਰੇ ਸੋਚਦੀ ਆਂ ਤਾਂ ਮੈਨੂੰ ਸਾਰੀ-ਸਾਰੀ ਰਾਤ ਨੀਂਦ ਨ੍ਹੀਂ ਆਉਂਦੀ।' ਸੁਰਜਨ ਕਿਆਂ ਦੇ ਪਰਿਵਾਰ 'ਚ ਸਭ ਤੋਂ ਸਿਆਣੀ ਤੇ ਪੜ੍ਹੀ-ਲਿਖੀ ਰਾਣੀ ਹੀ ਆ। ਉਨ੍ਹਾਂ ਨੇ ਰਾਣੀ ਨੂੰ ਫ਼ੋਨ ਕਰ ਕੇ ਆਪਣੇ ਕੋਲ ਸੱਦਿਆ। ਸੁਰਜਨ ਦੀ ਘਰ ਵਾਲੀ ਸੁਖਜੀਤ ਨੇ ਕਿਹਾ, 'ਭੈਣ ਜੀ, ਤੁਹਾਡੇ ਕੋਲ ਕੈਨੇਡਾ ਦਾ ਵੀਜ਼ਾ ਹੈਗਾ। ਟਿਕਟ ਸੱਤਿਆ ਲੈ ਦਊਗੀ, ਤੁਸੀਂ ਜਾ ਕੇ ਹਰਕੀਰਤ ਨੂੰ ਸਮਝਾਉ ਕਿ ਉਹ ਗੁਰਪ੍ਰੀਤ ਨੂੰ ਆਪਣੇ ਕੋਲ ਬੁਲਾਅ ਲਵੇ। ਤੁਹਾਨੂੰ ਪਤਾ ਹੀ ਆ ਕਿ ਵਿਆਹ ਤੋਂ ਬਾਅਦ ਮੁੰਡੇ ਲਈ ਇਕੱਲਾ ਰਹਿਣਾ ਕਿੰਨਾ ਔਖਾ ਹੁੰਦਾ। ਆਪਣੇ ਦੋ ਕਾਜ ਹੋ ਜਾਣਗੇ- ਤੁਸੀਂ ਆਪਣੀ ਲਵਜੀਤ ਨੂੰ ਵੀ ਮਿਲ ਆਉਗੇ।' ਰਾਣੀ ਨੂੰ ਗੱਲ ਜਚ ਗਈ। ਕੈਨੇਡਾ ਜਾਣ ਨੂੰ ਕਿਸ ਦਾ ਮਨ ਨ੍ਹੀਂ ਕਰਦਾ? ਉਸ ਕੋਲ ਦਸ ਸਾਲਾਂ ਦਾ ਵੀਜ਼ਾ ਸੀ। ਉਸ ਦਾ ਮੁੰਡਾ ਜਸਪ੍ਰੀਤ ਕਿਸੇ ਯੂਨੀਵਰਸਿਟੀ ਤੋਂ ਪੜ੍ਹ ਕੇ ਇੱਧਰ ਵਾਪਸ ਮੁੜ ਆਇਆ ਸੀ -ਜਿਨ੍ਹਾਂ ਦੀ ਇੱਧਰ ਚੰਗੀ ਖੇਤੀਬਾੜੀ ਆ, ਕੰਮਕਾਰ ਆ- ਉਨ੍ਹਾਂ ਦੇ ਮੁੰਡਿਆਂ ਦਾ ਓਧਰ ਜੀਅ ਨ੍ਹੀਂ ਲੱਗਦਾ।'' ਤਾਰੋ ਨੇ ਲੰਬਾ ਹਉਕਾ ਲਿਆ।

''ਰਾਣੀ ਸਿੱਧੀ ਆਪਣੀ ਭਤੀਜੀ ਲਵਜੀਤ ਕੋਲ ਗਈ। ਲਵਜੀਤ ਆਪਣੇ ਫ਼ਰੈਂਡ ਨਾਲ ਏਅਰਪੋਰਟ ਤੋਂ ਉਸ ਨੂੰ ਲੈਣ ਆਈ ਸੀ। ਜਦੋਂ ਲਵਜੀਤ ਨੇ ਆਪਣੀ ਭੂਆ ਨੂੰ ਘੁੱਟ ਕੇ ਜੱਫੀ ਪਾਈ ਤਾਂ ਉਸ ਨੂੰ ਕੁੜੀ ਦੇ ਮੂੰਹ 'ਚੋਂ ਸ਼ਰਾਬ ਦੀ ਬੋਅ ਆਈ। ਪਰ ਉਸ ਨੇ ਜ਼ਾਹਰ ਨਾ ਹੋਣ ਦਿੱਤਾ। ਉਸ ਨੇ ਹਰਕੀਰਤ ਬਾਰੇ ਪੁੱਛਿਆ ਤਾਂ

# ਮੇਰਾ ਕੋਈ ਕਸੂਰ ਨਹੀਂ
## ਜਿੰਦਰ

ਲਵਜੀਤ ਨੇ ਲਾਹਪ੍ਰਵਾਹੀ ਨਾਲ ਕਿਹਾ, 'ਭੂਆ ਜੀ, ਇੱਥੇ ਕਿਸ ਕੋਲ ਸਮਾਂ ਕਿ ਕਿਸੇ ਨੂੰ ਮਿਲੇ, ਕਿਸੇ ਦੀ ਖ਼ਬਰਸਾਰ ਰੱਖੇ! ਸਾਰੇ ਅਜ਼ਾਦ ਨੇ। ਆਪਣੀ ਅਜ਼ਾਦੀ 'ਚ ਕਿਸੇ ਦੀ ਦਖ਼ਲਅੰਦਾਜ਼ੀ ਨ੍ਹੀਂ ਪਸੰਦ ਕਰਦੇ।' ਉਸ ਦਾ ਫ਼ਰੈਂਡ ਬੋਲਿਆ, 'ਚੰਗੀ ਗੱਲ ਇਹੀ ਆ ਕਿ ਟੋਰੈਂਟੋ ਏਅਰਪੋਰਟ 'ਤੇ ਉਤਰਦੇ ਸਾਰ ਸਾਨੂੰ ਇੰਡੀਆ ਨੂੰ ਭੁੱਲ ਜਾਣਾ ਚਾਹੀਦਾ। ਜਿਸ ਕੰਟਰੀ ਨੇ ਸਾਨੂੰ ਰੁਜ਼ਗਾਰ ਨ੍ਹੀਂ ਦਿੱਤਾ, ਸਾਡੇ ਭਵਿੱਖ ਬਾਰੇ ਨ੍ਹੀਂ ਸੋਚਿਆ, ਉਸ ਬਾਰੇ ਸੀਰੀਅਸ ਹੋਣ ਦੀ ਕੀ ਲੋੜ ਐ! ਮੈਂ ਇੱਥੇ ਆ ਕੇ ਇਹੀ ਸਿੱਖਿਆ ਕਿ ਦੱਬ ਕੇ ਕੰਮ ਕਰੋ। ਫੇਰ ਖਾਓ-ਪੀਓ-ਘੁੰਮੋ-ਫਿਰੋ। ਆਪਣੀ ਲਾਈਫ਼ ਨੂੰ ਇੰਜੋਏ ਕਰੋ।' ਰਾਣੀ ਨੇ ਕਿਹਾ, 'ਪਿਛਲੇ ਪੈਣ ਢੱਠੇ ਖੂਹ 'ਚ?' ਲਵਜੀਤ ਆਪਣੇ ਫਰੈਂਡ ਨਾਲ ਮੋਹਰਲੀ ਸੀਟ 'ਤੇ ਬੈਠੀ ਸੀ, ਰਾਣੀ ਪਿਛਲੀ 'ਤੇ। ਉਸ ਦਾ ਫ਼ਰੈਂਡ ਬੋਲਿਆ, 'ਮੈਂ ਤੁਹਾਨੂੰ ਦੋ ਗੱਲਾਂ ਦੱਸਦਾਂ- ਪਹਿਲੀ ਗੱਲ ਤਾਂ ਇਹ ਆ ਕਿ ਕਿਸੇ ਨੂੰ ਪੀਸੀਐਸ ਜਾਂ ਆਈਏਐਸ ਬਣਨ ਦੀ ਐਨੀ ਖੁਸ਼ੀ ਨ੍ਹੀਂ ਹੁੰਦੀ ਜਿੰਨੀ ਅਮਰੀਕਾ ਜਾਂ ਕੈਨੇਡਾ ਆਉਣ ਦੀ ਹੁੰਦੀ ਆ। ਮੇਰੇ ਡੈਡੀ ਜੀ ਦਾ ਇੱਕ ਕਲਾਸਫ਼ੈਲੋ ਸੁਖਵਿੰਦਰ ਪਰਮਾਰ, ਪੰਜਾਬ ਰੋਡਵੇਜ਼, ਚੰਡੀਗੜ੍ਹ 'ਚ ਵਰਕਸ ਮੈਨੇਜਰ ਲੱਗਾ ਸੀ। ਉਸ ਦੇ ਅਧੀਨ ਗੁਰਮੁਖ ਲਾਲ ਡਰਾਈਵਰ ਲੱਗਾ ਹੁੰਦਾ ਸੀ। ਆਪਣੀ ਰਿਟਾਇਰਮੈਂਟ ਮਗਰੋਂ ਦੋਵੇਂ ਆਪਣੇ ਮੁੰਡਿਆਂ ਕੋਲ ਆ ਗਏ। ਮੈਂ ਦੋਹਾਂ ਨੂੰ ਇੱਕੋ ਸਟੋਰ 'ਚ ਸਿਕਿਊਰਟੀ ਗਾਰਡ ਲੱਗੇ ਆਪ ਦੇਖਿਆ। ਦੂਜੀ ਗੱਲ ਮੇਰੇ ਨਾਲ ਬੀਤੀ ਆ। ਪਹਿਲਾਂ ਮੈਂ ਅਲਬਰਟਾ ਰਹਿੰਦਾ ਸੀ। ਸਾਡਾ ਪੰਜ ਮੁੰਡਿਆਂ ਤੇ ਪੰਜ ਕੁੜੀਆਂ ਦਾ ਗਰੁੱਪ ਸੀ। ਚਹੁੰ ਕੁੜੀਆਂ ਦੇ ਪਿੱਛੇ ਵਿਆਹ ਹੋਏ ਸੀ -ਕੁਛ ਚਿਰ ਉਹ ਪਿੱਛੇ ਨਾਲ ਜੁੜੀਆਂ ਰਹੀਆਂ। ਆਖ਼ਰ ਉਨ੍ਹਾਂ ਦੀਆਂ ਵੀ ਲੋੜਾਂ ਸੀ। ਟੁੱਟ-ਟੁੱਟ ਉਹ ਮਰਨ। ਬਾਰ੍ਹਾਂ-ਬਾਰ੍ਹਾਂ ਘੰਟੇ ਕੰਮ ਕਰਨ। ਸੋਚਣ ਪਿਛਲਿਆਂ ਬਾਰੇ। ਇਹ ਕਿੱਥੋਂ ਦਾ ਕਨੂੰਨ ਹੋਇਆ। ਅੱਕ ਕੇ ਉਨ੍ਹਾਂ ਨੇ ਆਪਣੇ ਹਸਬੈਂਡਾਂ ਦੇ ਫ਼ੋਨ ਸੁਣਨੇ ਬੰਦ ਕਰ ਦਿੱਤੇ। ਕੈਟੀ ਨੇ ਦੱਸਿਆ ਸੀ ਕਿ ਉਸ ਨਾਲ ਉਸਦੇ ਘਰ ਵਾਲੇ ਨੇ ਇਸ ਕਰਕੇ ਵਿਆਹ ਕੀਤਾ ਕਿ ਉਸਨੇ ISLETS 'ਚੋਂ ਸਾਢੇ ਚਾਰ ਬੈਂਡ ਲਏ ਸੀ- ਉਸੇ ਦੇ ਪਿੱਛੇ ਲੱਗ ਕੇ ਉਹ ਇੱਧਰ ਆ ਜਾਵੇਗਾ। ਜਦੋਂ ਪੀ ਆਰ ਮਿਲ ਗਈ, ਕੈਟੀ ਨੂੰ ਤਲਾਕ ਦੇ ਕੇ ਇੰਡੀਆ ਜਾਵੇਗਾ। ਆਪਣੀ ਮਨਪਸੰਦ ਕੁੜੀ ਨਾਲ ਲਾਵਾਂ ਲਵੇਗਾ। ਮੈਨੂੰ ਦੱਸੋ ਕਿ ਜਦੋਂ ਵਿਆਹ ਦੀ ਨੀਂਹ ਹੀ ਸੁਆਰਥ ਨਾਲ ਰੱਖੀ ਜਾਵੇ, ਉੱਥੇ ਪਿਆਰ ਪਿਊਰ ਕਿੱਥੋਂ ਹੋਵੇਗਾ!' ਰਾਣੀ ਨੂੰ ਲੱਗਾ ਕਿ ਉਸ ਦੀ ਇੰਗਲਿਸ਼ ਦੀ ਮਾਸਟਰ ਡਿਗਰੀ ਇਨ੍ਹਾਂ ਕੁੜੀਆਂ-ਮੁੰਡਿਆਂ ਅੱਗੇ ਕੁਛ ਵੀ ਨ੍ਹੀਂ!

‘‘ਤੀਜੇ ਦਿਨ ਹੀ ਰਾਣੀ ਦਾ ਸਾਹ ਘੁੱਟ ਹੋਣ ਲੱਗਾ। ਜਿਹੜੀ ਜਨਾਨੀ ਆਪਣੀ  ਦੋ ਕਨਾਲਾਂ 'ਚ ਬਣੀ ਵੱਡੀ ਸਾਰੀ ਕੋਠੀ 'ਚ ਰਹੀ ਹੋਵੇ, ਉਸ ਦਾ ਘੁਰਣੇ ਜਿਹੇ 'ਚ ਕੀ ਜੀਅ ਲੱਗਣਾ ਸੀ! ਜੇ ਉਹ ਬਾਹਰ ਨਿੱਕਲਦੀ ਤਾਂ ਠੰਢ ਕੰਬਣੀ ਛੇੜ ਦਿੰਦੀ। ਜਦੋਂ ਉਹ ਆਪਣੇ ਮੁੰਡੇ ਜਸਪ੍ਰੀਤ ਕੋਲ ਮਾਨਟਰੀਅਲ ਆਈ ਸੀ, ਉਸ ਕੋਲ ਤਿੰਨ ਕਮਰਿਆਂ ਦਾ ਘਰ ਸੀ। ਦੋ ਮੁੰਡਿਆਂ ਨੇ ਰਲ ਕੇ ਕਿਰਾਏ ’ਤੇ ਲਿਆ ਸੀ। ਉਸ ਨੂੰ ਉੱਥੇ ਓਪਰਾਅ ਨ੍ਹੀਂ ਲੱਗਾ ਸੀ। ਇੱਥੇ ਬੇਸਮੈਂਟ’ ਚ ਬਾਹਰਲੀ ਹਵਾ ਨਾ ਲੱਗਦੀ। ਭੂਆ-ਭਤੀਜੀ ਇੱਕੋ ਗੱਦੇ 'ਤੇ ਪਾਸੇ ਮਾਰਦੀਆਂ ਰਹਿੰਦੀਆਂ। ਲਵਜੀਤ ਨੂੰ ਕਾਲਜ 'ਚ ਛੁੱਟੀਆਂ ਸਨ। ਉਸਦੀਆਂ ਦੋ ‘ਸਪਲੀਆਂ’ ਆਈਆਂ ਸਨ। ਰਾਣੀ ਨੇ ਇਸ ਬਾਰੇ ਪੁੱਛਿਆ ਤਾਂ ਲਵਜੀਤ ਨੇ ਲਾਹਪ੍ਰਵਾਹੀ ਨਾਲ ਕਿਹਾ, 'ਫੇਰ ਕੀ ਹੋਇਆ?’ ਰਾਣੀ ਨੇ ਕਿਹਾ ਕਿ ਇਸ ਦਾ ਕੀ ਮਤਲਬ ਹੋਇਆ। ਲਵਜੀਤ ਨੇ ਗੁੱਸੇ ਨਾਲ ਕਿਹਾ, 'ਜਦੋਂ ਅਸੀਂ ਤੁਹਾਨੂੰ ਏਅਰਪੋਰਟ ਤੋਂ ਲੈਣ ਗਏ ਸੀ, ਦੱਸਿਆ ਸੀ ਨਾ ਕਿ ਹੁਣ ਅਸੀਂ ਬੰਦਸ਼ਾਂ 'ਚ ਨ੍ਹੀਂ ਰਹਿਣਾ ਪਸੰਦ ਕਰਦੇ!' ਰਾਣੀ ਨੇ ਪਿਆਰ ਨਾਲ ਕਿਹਾ, 'ਧੀਏ, ਆਪਣੇ ਪਿਉ ਬਾਰੇ ਵੀ ਸੋਚ। ਪੈਸਿਆਂ ਦੀ ਪੰਡ ਖਰਚ ਕੇ ਤੈਨੂੰ ਬਾਹਰ ਭੇਜਿਆ।' ਲਵਜੀਤ ਨੇ ਟੋਨ ਨਾ ਬਦਲੀ, 'ਜੇ ਇੰਡੀਆ 'ਚ ਮੇਰਾ ਵਿਆਹ ਕਰਦੇ, ਆਪਣੇ ਨੱਕ ਨੂੰ ਬਚਾਉਣ ਲਈ ਐਦੂੰ ਜ਼ਿਆਦਾ ਪੈਸੇ ਖਰਚਣੇ ਪੈਣੇ ਸੀ।' ਰਾਣੀ ਨੂੰ ਲੱਗਿਆ ਕਿ ਕੁੜੀ ਪੈਰਾਂ 'ਤੇ ਪਾਣੀ ਨ੍ਹੀਂ ਪੈਣ ਦਿੰਦੀ! ਉਹ ਹਰਕੀਰਤ ਨੂੰ ਲੱਭਣ ਆਈ ਸੀ। ਪਰ ਇੱਥੇ ਤਾਂ ਉਸ ਦੀ ਆਪਣੀ ਭਤੀਜੀ ਗੁਆਚ ਗਈ ਸੀ! ਸੋਚ-ਸੋਚ ਕੇ ਉਸ ਦਾ ਸਿਰ ਪਾਟਣ 'ਤੇ ਆ ਜਾਂਦਾ। ਉਹ ਪੈਨਾਡੋਲ ਦੀ ਗੋਲੀ ਖਾਂਦੀ। ਚੁੰਨੀ ਨਾਲ ਘੁੱਟ ਕੇ ਸਿਰ ਬੰਨ੍ਹ ਲੈਂਦੀ। ਇੱਕ ਦੋ ਵਾਰ ਸੱਤਿਆ ਦਾ ਫ਼ੋਨ ਆਇਆ ਕਿ ਉਹ ਹਰਕੀਰਤ ਨੂੰ ਮਿਲੀ ਐ ਕਿ ਨ੍ਹੀਂ। ਉਸ ਕਿਹਾ ਕਿ ਜਿਸ ਦਿਨ ਲਵਜੀਤ ਵਿਹਲੀ ਹੋਈ, ਉਹ ਹਰਕੀਰਤ ਕੋਲ ਜਾਣਗੀਆਂ। ਹਰਕੀਰਤ ਮਿਸੀਸਾਗਾ ਰਹਿੰਦੀ ਸੀ, ਲਵਜੀਤ ਮਿਲਟਨ। ਰਾਣੀ ਨੇ ਹਰਕੀਰਤ ਦਾ ਪਤਾ ਕਰ ਲਿਆ ਸੀ। ਸਮੱਸਿਆ ਸੀ ਕਿ ਉਸ ਕੋਲ ਉਸ ਨੂੰ ਕੌਣ ਛੱਡ ਕੇ ਆਵੇ।

''ਲਵਜੀਤ ਪੰਜ ਦਿਨ ਕੰਮ ਕਰਦੀ। ਜਿੰਨਾ ਚਿਰ ਕਮਰੇ 'ਚ ਹੁੰਦੀ, ਉਸਦੇ ਕੰਨਾਂ ਤੋਂ ਮੋਬਾਇਲ ਦੀਆਂ ਟੂਟੀਆਂ ਨਾ ਲੱਥਦੀਆਂ। ਰਾਣੀ ਡਰਦੀ ਮਾਰੀ ਕੁਛ ਨਾ ਪੁੱਛਦੀ ਕਿ ਪਤਾ ਨ੍ਹੀਂ ਅੱਗੋਂ ਕੁੜੀ ਨੇ ਕੀ ਜੁਆਬ ਦੇ ਦੇਣਾ। ਲੋਹੜੀ ਵਾਲੇ ਦਿਨ ਉਸ ਨੇ ਇਸ ‘ਫ਼ਿਲਮ ਦਾ ਟ੍ਰੇਲਰ’ ਦੇਖਿਆ। ਘਰ ਦੇ ਪਿਛਲੇ ਪਾਸੇ ਪੈਂਦੇ ਲਾਅਨ 'ਚ ਅੱਠ ਮੁੰਡੇ ਕੁੜੀਆਂ ਨੇ ਧੂਣੀ ਬਾਲੀ। ਧੂਣੀ ਦੇ ਆਲੇ-ਦੁਆਲੇ ਬੈਠ ਗਏ। ਇੱਕ ਮੁੰਡੇ ਨੇ ਵਿਸਕੀ ਦੀ ਬੋਤਲ ਖੋਲ੍ਹੀ। ਇੱਕ ਜਣਾ ਬੋਤਲ ਨੂੰ ਮੂੰਹ ਲਾ ਕੇ ਵੱਡਾ ਸਾਰਾ ਘੁੱਟ ਭਰਦਾ। ਫੇਰ ਦੂਜੇ ਨੂੰ ਫੜਾ ਦਿੰਦਾ। ਬੋਤਲ ਅੱਠਾਂ ਦੇ ਦਾਇਰੇ 'ਚ ਘੁੰਮਦੀ ਰਹੀ। ਇੱਕ ਖਤਮ ਹੋਈ ਤਾਂ ਉਨ੍ਹਾਂ ਨੇ ਦੂਜੀ ਖੋਲ੍ਹ ਲਈ। ਲਵਜੀਤ ਨੇ ਮੋਬਾਇਲ 'ਤੇ ਗਾਣਾ ਲਾ ਦਿੱਤਾ 'ਤੂੰ ਨਹੀਂ ਬੋਲਦੀ ਰਕਾਨੇ, ਤੂੰ ਨਹੀਂ ਬੋਲਦੀ, ਤੇਰੇ 'ਚ ਤੇਰਾ ਯਾਰ ਬੋਲਦਾ।' ਸਾਰੇ ਨੱਚਣ ਲੱਗੇ। ਜੋੜੀਆਂ ਬਣ

ਗਈਆਂ। ਜੋੜੀਆਂ ਟੁੱਟੀਆਂ। ਫੇਰ ਨਵੀਆਂ ਜੋੜੀਆਂ ਬਣ ਗਈਆਂ। ਉਹ ਆਪਣੀ ਦੁਨੀਆ 'ਚ ਗੁਆਚੇ ਰਹੇ। ਗੁੰਮ ਹੁੰਦੇ ਰਹੇ। ਹੋਸ਼ 'ਚ ਆਉਂਦੇ ਰਹੇ। ਭੂਰੇ ਰੰਗ ਦੀ ਕਮੀਜ਼ ਵਾਲੇ ਮੁੰਡੇ ਨੇ 'ਹਮ ਦੁਨੀਆ ਕੀ ਪ੍ਰਵਾਹ ਕਰੇ ਕਯੋਂ" ਗੀਤ ਲਾਇਆ ਤਾਂ ਰਾਣੀ ਨੇ ਹੈੱਡ-ਫ਼ੋਨ ਦੀਆਂ ਟੂਟੀਆਂ ਕੰਨਾਂ 'ਚ ਘਸੋੜ ਲਈਆਂ। ਉਸ ਨੇ ਸਵੇਰ ਨੂੰ ਬਾਹਰ ਜਾ ਕੇ ਦੇਖਿਆ। ਪੰਜ ਖਾਲੀ ਬੋਤਲਾਂ ਇੱਧਰ ਓਧਰ ਪਈਆਂ ਸੀ। ਇਸ ਦਾ ਮਤਲਬ ਲਵਜੀਤ ਅੱਧੀ ਬੋਤਲ ਪੀ ਗਈ ਸੀ। ਨੌਂ ਕੁ ਵੱਜੇ ਲਵਜੀਤ ਉੱਠੀ। ਚਾਹ ਬਣਾਈ। ਦੋ ਬ੍ਰੈਡ-ਪੀਸਾਂ ਨੂੰ ਜੈਮ ਲਾਇਆ। ਕਾਹਲੀ-ਕਾਹਲੀ ਖਾ ਪੀ ਕੇ ਬੋਲੀ, 'ਚੰਗਾ ਭੂਆ ਜੀ, ਰਾਤ ਨੂੰ ਮਿਲਦੇ ਆਂ।' ਉਸ ਨੇ ਇਹ ਵੀ ਨਾ ਪੁੱਛਿਆ ਕਿ ਭੂਆ ਜੀ ਤੁਹਾਡਾ ਅੱਜ ਦਾ ਕੀ ਪ੍ਰੋਗ੍ਰਾਮ ਆ, ਮੇਰੇ ਪਿੱਛੋਂ ਤੁਸੀਂ ਕੀ ਖਾਉਂਗੇ। ਉਸਦਾ ਇੱਥੇ ਜਾਣ-ਪਛਾਣ ਵਾਲਾ ਕੋਈ ਨ੍ਹੀਂ ਸੀ। ਉਹ ਤਾਂ ਇਸ ਬੇਸਮੈਂਟ ਤੱਕ ਸੀਮਤ ਹੋ ਕੇ ਰਹਿ ਗਈ ਸੀ। ਉਹ ਵਿਹਲੀ ਬੈਠੀ ਇੱਧਰ-ਓਧਰ ਪਈਆਂ ਚੀਜ਼ਾਂ ਤੇ ਕੱਪੜਿਆਂ ਨੂੰ ਰੁਖ ਸਿਰ ਕਰਨ ਲੱਗੀ। ਗੋਲੀਆਂ ਤੇ ਨਿਰੋਧਾਂ ਦੇ ਪੈਕਟਾਂ ਨੂੰ ਹੱਥ ਲੱਗਦਿਆਂ ਸਾਰ ਕੰਬ ਉੱਠੀ।''

ਤਾਰੋ ਦੇ ਸਰੀਰ ਨੇ ਝੁਣਝੁਣੀ ਲਈ। ਉਸ ਨੂੰ ਗੈਸ ਦਾ ਚੇਤਾ ਆ ਗਿਆ, ''ਇੱਕ ਮਿੰਟ ਠਹਿਰੋ। ਮੈਂ ਕਿਤੇ ਗੈਸ ਚੱਲਦਾ ਤਾਂ ਨ੍ਹੀਂ ਛੱਡ ਆਈ।''

ਤਾਰੋ ਰਸੋਈ ਵੱਲ ਨੂੰ ਦੌੜ ਗਈ। ਗਿਆਨ ਨੂੰ ਉਸ ਦੇ ਨਾਲ ਮਿੱਲ ਵਿੱਚ ਕੰਮ ਕਰਦੇ ਮਲੀਆਂ ਵਾਲੇ ਭਗਵੰਤ ਦੀ ਕੰਟੀਨ ਵਿੱਚ ਦੱਸੀ ਹੋਈ ਗੱਲ ਯਾਦ ਆ ਗਈ। ਇੱਕ ਦਿਨ ਉਹ ਤੇ ਭਗਵੰਤ ਕੰਟੀਨ ਵਿੱਚ ਚਾਹ ਪੀਣ ਬੈਠੇ ਸਨ। ਭਗਵੰਤ ਨੇ ਗੱਲ ਛੇੜੀ ਸੀ, ''ਬਾਹਰ ਵੀ ਆਪਣੇ ਲੋਕਾਂ ਵਾਂਗੂੰ ਆ- ਜਿਨ੍ਹਾਂ ਦੇ ਚੰਗੇ ਕੰਮਕਾਰ ਨੇ, ਕਾਰੋਬਾਰ ਨੇ, ਉਨ੍ਹਾਂ ਦੀ ਜ਼ਿੰਦਗੀ ਸੁਖਾਲੀ ਆ। ਮ੍ਹਾਤੜ ਆਪਣੇ ਨਾਲੋਂ ਵੀ ਗਏ ਗੁਜ਼ਰੇ ਨੇ। ਮੈਂ ਵੀ ਇੱਕ ਵਾਰ ਇੰਗਲੈਂਡ ਜਾ ਆਇਆਂ ਆਪਣੇ ਸਾਲੇ ਦੇ ਮੁੰਡੇ ਦੇ ਵਿਆਹ 'ਤੇ। ਸਾਡੇ ਪਿੰਡ ਵਾਲਾ ਲ੍ਹੈਂਬਰ ਬਰਮਿੰਘਮ ਰਹਿੰਦਾ। ਮੈਨੂੰ ਉਸ ਦਾ ਫ਼ੋਨ ਆਇਆ ਕਿ ਅੰਕਲ ਜੀ ਮੈਨੂੰ ਮਿਲ ਕੇ ਜਾਇਓ, ਮੈਂ ਤੁਹਾਨੂੰ ਇੱਕ ਦਿਨ ਘੁਮਾਅ-ਫਿਰਾਅ ਲਿਆਵਾਂਗਾ। ਮੇਰੇ ਸਾਲੇ ਨੇ ਮੈਨੂੰ ਹੀਥਰੋ ਏਅਰਪੋਰਟ 'ਤੇ ਬਰਮਿੰਘਮ ਵਾਲੀ ਕੋਚ 'ਚ ਬਠਾਅ ਦਿੱਤਾ। ਉੱਥੇ ਬੱਸ ਨੂੰ ਕੋਚ ਕਹਿੰਦੇ ਨੇ। ਅੱਗੋਂ ਮੈਨੂੰ ਲੈਂਬਰ ਨੇ ਲੈ ਲਿਆ। ਉਸ ਦੇ ਰਹਿਣ-ਬਸੇਰੇ ਵੱਲ ਜਾਂਦਿਆਂ 'ਇੱਕ ਪਾਊਂਡ' ਵਾਲੀ ਦੁਕਾਨ ਆਈ। ਲੈਂਬਰ ਜ਼ੋਰ ਪਾਉਣ ਲੱਗਾ ਕਿ ਜੇ ਕੋਈ ਚੀਜ਼ ਚਾਹੀਦੀ ਆ ਤਾਂ ਇੱਥੋਂ ਲੈ ਲਓ। ਮੈਂ ਕਿਹਾ ਕਿ ਕੋਈ ਨਾ, ਕੱਲ੍ਹ ਨੂੰ ਦੇਖ ਲਾਂਗੇ। ਦੋ ਕੁ ਫ਼ਰਲਾਂਗਾਂ ਦੂਰ ਤੁਰ ਕੇ ਉਹ ਦੁਕਾਨ ਉੱਪਰ ਛੱਤੇ ਕਮਰੇ 'ਚ ਲੈ ਗਿਆ। ਕਮਰੇ 'ਚ ਤਿੰਨ-ਚਾਰ ਟੈਲੀਵੀਜ਼ਨ ਪਏ ਸੀ। ਮੈਂ ਪੁੱਛਿਆ ਕਿ ਇਹ ਐਨੇ ਕਿਉਂ ਰੱਖੇ ਨੇ। ਉਸ ਨੇ ਦੱਸਿਆ ਕਿ ਜਿਸ ਘਰ 'ਚ ਉਹ ਐੱਲਸੀਡੀ ਛੱਡਣ ਜਾਂਦੇ ਨੇ, ਉਹ ਚੁਕਾਅ ਦਿੰਦੇ ਨੇ। ਉਸ ਦਾ ਸੁੱਟਣ ਨੂੰ ਮਨ ਨ੍ਹੀਂ ਕਰਦਾ, ਉਹ ਇੱਥੇ ਲਿਆ ਰੱਖਦਾ ਕਿ ਸਾਡੇ ਕਿਸੇ ਭਰਾ ਦੇ ਕੰਮ ਆ ਜਾਵੇਗਾ। ਹੋਰ ਵੀ ਬਥੇਰੀਆਂ ਪੁਰਾਣੀਆਂ ਚੀਜ਼ਾਂ ਪਈਆਂ ਸੀ। ਸ਼ਾਮ ਨੂੰ ਉਹ ਵ੍ਹਿਸਕੀ ਦੀ ਬੋਤਲ ਫੜ ਲਿਆਇਆ। ਰਾਤ ਨੂੰ ਉਸ ਦੇ ਦੋ ਸਾਥੀ ਆ ਗਏ। ਉਨ੍ਹਾਂ ਨੇ ਮੁਰਗੇ ਨੂੰ ਤੜਕਾ ਲਾਇਆ। ਅਸੀਂ ਪੈੱਗ ਲਾਈ ਗਏ। ਪਿੰਡ ਬਾਰੇ ਗੱਲਾਂ ਕਰੀ ਗਏ। ਹੇਠਾਂ ਵਿਛਾਏ ਗੱਦਿਆਂ 'ਤੇ ਲਮਲੇਟ ਹੋ ਗਏ। ਟੁੱਟੇ ਜਿਹੇ ਮੰਜੇ 'ਤੇ ਕੌਣ ਕਦੋਂ ਆ ਕੇ ਪਿਆ, ਮੈਨੂੰ ਨ੍ਹੀਂ ਪਤਾ ਲੱਗਾ। ਸਵੇਰ ਨੂੰ ਚਾਹ ਪੀਂਦਿਆਂ ਹੋਇਆਂ ਲੈਂਬਰ ਨੇ ਦੱਸਿਆ, 'ਅੰਕਲ ਜੀ, ਅਸੀਂ ਤੁਹਾਡੇ ਆਇਆਂ 'ਤੇ ਅੱਜ ਰੋਟੀ ਬਣਾਈ ਆ। ਨ੍ਹੀਂ ਤਾਂ ਇੱਕ ਵੇਲੇ ਸਿੰਘ ਸਭਾ ਗੁਰਦੁਆਰਿਓਂ ਲੰਗਰ ਛੱਕ ਆਈਦਾ, ਦੂਜੇ ਟਾਈਮ ਰਵਿਦਾਸੀਆਂ ਦੇ ਗੁਰਦੁਆਰਿਓਂ।' ਇੰਡੀਆ ਤੋਂ ਉਸ ਦੇ ਮੁੰਡੇ ਫੀਟੇ ਦਾ ਫ਼ੋਨ ਆ ਗਿਆ। ਉਸ ਨੇ ਮੇਰੇ ਆਏ ਬਾਰੇ ਦੱਸਿਆ ਤਾਂ ਫੀਟੇ ਨੇ ਕਿਹਾ, 'ਇਹ ਤਾਂ ਬੜਾ ਚੰਗਾ ਹੋਇਆ। ਤੂੰ ਇਨ੍ਹਾਂ ਦੇ ਹੱਥੀਂ ਮੇਰੇ ਲਈ ਰੀਬੋਕ ਦੇ ਸ਼ੂਅ ਭੇਜੀਂ।' ਉਸ ਨੇ ਫੀਟੇ ਨੂੰ ਟਿਕਾਅ ਕੇ ਗਾਲ੍ਹ ਕੱਢੀ, 'ਮਾਂ ਆਪਣੀ ਦਾ ਖਸਮ, ਰੀਬੋਕ ਦੇ ਸ਼ੂਅ ਭਾਲਦਾ। ਅਸੀਂ ਗੁਰਦੁਆਰਿਉਂ ਰੋਟੀ ਖਾ ਕੇ ਆਪਣਾ ਟਾਈਮ ਲੰਘਾਅ ਰਹੇ ਆਂ।' ਅੱਗੋਂ ਫੀਟੇ ਨੇ ਹਉਕਾ ਲਿਆ ਤਾਂ ਲੈਂਬਰ ਦਾ ਮਨ ਘਾਊਂ-ਮਾਊਂ ਕਰਨ ਲੱਗਾ। ਉਸ ਨੇ ਕਿਹਾ, ''ਕੋਈ ਨਾ ਪੁੱਤ ਮੇਰਿਆ। ਤੂੰ ਜੋ-ਜੋ ਮੰਗਦਾਂ, ਮੈਂ ਭੇਜ ਦਿੰਨਾਂ। ਤੂੰ ਆਪਣੀ ਮੰਮੀ ਦਾ ਧਿਆਨ ਰੱਖੀਂ।' ਮੈਂ ਨਹਾਉਣ ਲਈ ਬਾਥਰੂਮ 'ਚ ਵੜਿਆ ਤਾਂ ਟੱਬ ਟੇਢਾ ਹੋਇਆ ਪਿਆ ਸੀ। ਪਤਾ ਨ੍ਹੀਂ ਕਦੋਂ ਆਖ਼ਰੀ ਵਾਰ ਇਸ ਨੂੰ ਸਾਫ਼ ਕੀਤਾ ਹੋਣਾ। ਬੋਅ ਆ ਰਹੀ ਸੀ। ਟੌਇਲਟ ਸੀਟ ਦਾ ਵੀ ਇਹੀ ਹਾਲ ਸੀ। ਮੈਂ ਮੂੰਹ-ਹੱਥ ਧੋਅ ਕੇ ਬਾਹਰ ਆ ਗਿਆ ਸੀ। ਲੈਂਬਰ ਨੇ ਮੇਰੇ ਲਈ ਕੰਮ ਤੋਂ ਛੁੱਟੀ ਕੀਤੀ ਸੀ। ਉਹ ਮੈਨੂੰ ਘੁਮਾਉਣਾ ਚਾਹੁੰਦਾ ਸੀ ਪਰ ਮੇਰਾ ਮਨ ਨਾ ਮੰਨਿਆ।''

ਉਨ੍ਹਾਂ ਦੇ ਪਿੱਛਲੇ ਪਾਸੇ ਬੈਠਾ ਕਾਂਗਣੇ ਵਾਲਾ ਮਨਜੀਤ ਸਿੰਘ ਉੱਠ ਕੇ ਉਸ ਕੋਲ ਆ ਬੈਠਾ ਸੀ। ਕਹਿਣ ਲੱਗਾ, ''ਇੱਕ ਤਾਂ ਸਾਡੇ ਲੋਕ ਬਹੁਤਾ ਸੋਚਦੇ ਨ੍ਹੀਂ। ਮੇਰੇ ਨਾਨਕੇ ਨੇ ਭਗਵੰਤ ਦੇ ਪਿੰਡ। ਮੈਂ ਪਿਆਰੇ ਦੇ ਮੁੰਡੇ ਬਬਲੂ ਨੂੰ ਚੰਗੀ ਤਰ੍ਹਾਂ ਜਾਣਦਾਂ। ਜਦੋਂ ਬਬਲੂ ਬਾਹਰ ਜਾਣ ਲਈ ਕਮਰ ਕੱਸੀ ਫਿਰਦਾ ਸੀ, ਉਸ ਨੇ ਇਸ ਬਾਬਤ ਮੈਥੋਂ ਵੀ ਪੁੱਛਿਆ ਸੀ। ਮੈਂ ਉਸ ਨੂੰ ਸਮਝਾਇਆ ਕਿ ਉਹਦੇ ਦਸ-ਗਿਆਰ੍ਹਾਂ ਖੇਤ ਨੇ, ਬਾਹਰ ਜਾ ਕੇ ਛਿੱਕੂ ਲੈਣਾਂ! ਜਿਹੜਾ ਤੂੰ ਪੈਂਤੀ-ਚਾਲੀ ਲੱਖ ਖਰਚ ਕੇ, ਉਹ ਵੀ ਇੱਲੀਗਲ ਜਾਣ ਨੂੰ ਫਿਰਦਾਂ, ਓਨੇ ਦੀਆਂ ਪੰਜਾਹ-ਸੱਠ ਮੱਝਾਂ ਆ ਜਾਣੀਆਂ। ਡੇਅਰੀ ਬਣਾਅ ਲੈ। ਸ਼ਹਿਰ 'ਚ ਜਿੰਨਾ ਦੁੱਧ ਜਾਂਦਾ, ਉਹ ਘੱਟ ਹੀ ਹੁੰਦਾ! ਦੁੱਧ ਦੀ ਹਮੇਸ਼ਾ ਲੋੜ ਰਹਿੰਦੀ ਆ। ਦੋ ਸਾਲਾਂ 'ਚ ਤੂੰ ਸਟੈਂਡ ਕਰ ਜਾਣਾ। ਜਿਸ ਨੂੰ ਬਾਹਰ ਜਾਣ ਦੀ ਅੱਗ ਲੱਗੀ ਹੋਵੇ, ਉਸ ਨੂੰ ਸੱਚੀਆਂ ਗੱਲਾਂ ਵੀ ਝੂਠੀਆਂ ਲੱਗਦੀਆਂ ਹੁੰਦੀਆਂ। ਹੁਣ ਇੱਲੀਗਲ ਗਿਆ, ਧੱਕੇ ਖਾਂਦਾ ਫਿਰਦਾ। ਪਿੱਛੋਂ ਜਨਾਨੀ ਖਰਾਬ ਹੋ ਗਈ। ਮੁੰਡੇ ਡਰੱਗੀ ਹੋ ਗਏ। ਜਾਵੇ ਤਾਂ ਉਹ, ਜਿਸਦਾ ਸਰਦਾ ਨ੍ਹੀਂ। ਫੇਰ

# ਮੇਰਾ ਕੋਈ ਕਸੂਰ ਨਹੀਂ
## ਜਿੰਦਰ

ਧੀ ਪੁੱਤ ਸਿਆਣਾ ਹੋਵੇ ਤਾਂ ਘਰ ਦਾ ਅੱਗਾ ਸਵਾਰ ਦਿੰਦਾ। ਸਾਡੇ ਪਿੰਡ ਦਾ ਆ ਪ੍ਰਕਾਸ਼ ਰਾਮ ਸੋਨੀ ਭਗਤ। ਉਸ ਦਾ ਕੰਮ ਐਸਾ-ਵੈਸਾ ਰਿਹਾ। ਔਲਾਦ ਬੜੀ ਸਿਆਣੀ ਨਿੱਕਲੀ। ਪਹਿਲਾਂ ਵੱਡੀ ਕੁੜੀ ਕਨੇਡਾ ਗਈ ਪੜ੍ਹਨ। ਉਸ ਨੇ ਬੈਂਕ ਤੋਂ ਲੋਨ ਲਿਆ ਸੀ। ਕੁਛ ਕੁੜੀ ਦੇ ਨਾਨਕਿਆਂ ਨੇ ਮਦਦ ਕੀਤੀ ਸੀ। ਉਨ੍ਹਾਂ ਦਾ ਕੰਮ ਵਧੀਆ। ਕੁੜੀ ਨੇ ਤਿੰਨ ਸਾਲਾਂ ਮਗਰੋਂ ਆਪਣੇ ਛੋਟੇ ਭਰਾ ਨੂੰ ਬੁਲਾਅ ਲਿਆ। ਪ੍ਰਕਾਸ਼ ਰਾਮ ਦੇ ਦਿਨ ਫਿਰਨ ਲੱਗੇ। ਕੁੜੀ ਦੀ ਮਾਂ ਜ਼ਿੱਦ ਕਰਨ ਲੱਗੀ ਕਿ ਉਨ੍ਹਾਂ ਨੇ ਪਿੰਡ 'ਚ ਵਧੀਆ ਕੋਠੀ ਛੱਤਣੀ ਆ। ਸਰਪੰਚਾਂ ਨਾਲੋਂ ਵੀ ਉੱਤੋਂ ਦੀ। ਕੁੜੀ ਨੇ ਆਪਣੀ ਮਾਂ ਨੂੰ ਸਮਝਾਇਆ ਕਿ ਜਦੋਂ ਤੁਸੀਂ ਪਿੰਡ 'ਚ ਰਹਿਣਾ ਹੀ ਨ੍ਹੀਂ- ਫੇਰ ਕੋਠੀ 'ਤੇ ਪੈਸੇ ਲਾਉਣ ਦੀ ਕੀ ਤੁੱਕ ਬਣਦੀ ਆ। ਤੁਸੀਂ ਇੱਕ ਵਾਰ ਇੱਥੇ ਆ ਗਏ, ਫੇਰ ਮੁੜ ਕੇ ਪਿੱਛੇ ਜਾਣ ਦਾ ਨਾਂ ਨ੍ਹੀਂ ਲੈਣਾ।''

ਮਨਜੀਤ ਦੀ ਗੱਲ ਮੁੱਕੀ ਤਾਂ ਸ਼ਾਹਕੋਟ ਵਾਲਾ ਰਮੇਸ਼ ਕੁਮਾਰ ਸ਼ੁਰੂ ਹੋ ਗਿਆ,

''ਇਹ ਤਾਂ ਭਲਾ ਹੋਵੇ ਬਾਹਰਲੀਆਂ ਸਰਕਾਰਾਂ ਦਾ ਜਿਨ੍ਹਾਂ ਨੇ ਸਾਡੇ ਬੱਚਿਆਂ ਲਈ ਆਪਣੇ ਦੇਸ਼ ਦੇ ਦਰਵਾਜ਼ੇ ਖੋਲ੍ਹ ਦਿੱਤੇ। ਨ੍ਹੀਂ ਤਾਂ ਅਸੀਂ, ਜਿਨ੍ਹਾਂ ਲੀਡਰਾਂ ਨੂੰ ਚਾਂਭਲ-ਚਾਂਭਲ ਕੇ ਵੋਟਾਂ ਪਾਉਂਦੇ ਆਂ, ਉਨ੍ਹਾਂ ਨੇ ਸਾਡੇ ਹੱਥ ਲਾਰਿਆਂ ਵਾਲੇ ਛੁਣਛੁਣੇ ਫੜਾਈ ਰੱਖਣੇ ਸੀ। ਇਨ੍ਹਾਂ ਲੋਕਾਂ ਕੋਲ ਧਰਮ ਬਿਨਾਂ ਕੋਈ ਦੂਜਾ ਮੁੱਦਾ ਹੈ ਹੀ ਨ੍ਹੀਂ। ਮੈਂ ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ ਦੀ ਰਿਪੋਰਟ ਪੜ੍ਹੀ ਸੀ ਕਿ ਪੰਜਾਬ ’ਚ ਕਣਕ ਦਾ ਇੱਕ ਦਾਣਾ ਵੀ ਨ੍ਹੀਂ ਬਚਿਆ ਜਿਸ ’ਤੇ ਖਾਦਾਂ ਜਾਂ ਦਵਾਈਆਂ ਦਾ ਅਸਰ ਨਾ ਹੋਇਆ ਹੋਵੇ। ਸ਼ਹਿਰਾਂ ’ਚ ਐਨਾ ਪ੍ਰਦੂਸ਼ਣ ਫੈਲਿਆ ਕਿ ਰਹੇ ਰੱਬ ਦਾ ਨਾਂ। ਨਸ਼ਿਆਂ ਬਾਰੇ ਤੁਹਾਨੂੰ ਸਾਰਿਆਂ ਨੂੰ ਪਤਾ। ਮੈਂ ਤਾਂ ਕਹਿਨਾਂ ਕਿ ਜਿਸ ਕੋਲ ਚਾਰ ਪੈਸੇ ਨੇ ਜਾਂ ਜਿਸ ਕੋਲ ਹੋਰ ਸਾਧਨ ਨੇ, ਉਹ ਆਪਣੇ ਬੱਚਿਆਂ ਨੂੰ ਬਾਹਰ ਭੇਜ ਦੇਣ। ਇੱਕ ਪੀੜ੍ਹੀ ਔਖੀ ਹੋ ਜਾਊ, ਪਰ ਉਨ੍ਹਾਂ ਦੇ ਪੋਤੇ-ਪੋਤੀਆਂ ਦੀ ਜ਼ਿੰਦਗੀ ਸੰਵਰ ਜਾਊਗੀ। ਇੱਥੇ ਹੋਰ ਵੀਹਾਂ ਸਾਲਾਂ ਤੱਕ ਪਾਣੀ ਮੁੱਕ ਜਾਣਾ- ਫੇਰ ਦੇਖਿਓ ਕੀ ਭਾਅ ਬੀਤਦੀ ਐ।''

''ਮੇਰੇ ਦਿਮਾਗ ਨੂੰ ਪਤਾ ਨ੍ਹੀਂ ਕੀ ਹੋਈ ਜਾਂਦਾ, ਹੁਣ ਚੇਤਾ ਭੁੱਲਣ ਲੱਗ ਪਿਆ,'' ਤਾਰੋ ਨੇ ਰਸੋਈ ਵਿੱਚੋਂ ਆ ਕੇ ਕਿਹਾ।

''ਤੂੰ ਦੱਸ ਰਹੀ ਸੀ ਕਿ ਰਾਣੀ ਨੇ ਕੁੜੀ ਦੇ ਸਮਾਨ ਦੀ ਤਲਾਸ਼ੀ ਲੈਣੀ ਸ਼ੁਰੂ ਕੀਤੀ-,'' ਗਿਆਨ ਨੇ ਛੱਡੀ ਹੋਈ ਗੱਲ ਦਾ ਸਿਰਾ ਫੜਾਉਣ ਲਈ ਦੱਸਿਆ।

''ਸ਼ੁਕਰਵਾਰ ਰਾਤ ਨੂੰ ਲਵਜੀਤ ਨੇ ਆਪਣੀ ਭੂਆ ਨੂੰ ਕਿਹਾ ਕਿ ਉਹ ਬਾਹਰ ਜਾ ਰਹੀ ਏ। ਐਤਵਾਰ ਸ਼ਾਮ ਨੂੰ ਆਵੇਗੀ। ਰਾਣੀ ਨੇ ਉਸ ਨੂੰ ਚੇਤੇ ਕਰਾਇਆ ਕਿ ਕੱਲ੍ਹ ਨੂੰ ਉਨ੍ਹਾਂ ਨੇ ਹਰਕੀਰਤ ਕੋਲ ਜਾਣਾ ਸੀ। ਲਵਜੀਤ ਬੋਲੀ, ‘ਸਾਡੇ ਵੀਕਇੰਡ ਦਾ ਪ੍ਰੋਗਰਾਮ ਪਹਿਲਾਂ ਹੀ ਬਣਾਇਆ ਹੁੰਦਾ। ਮੈਨੂੰ ਜਾਣਾ ਪੈਣਾ। ਜੇ ਮੈਂ ਨਾ ਗਈ ਤਾਂ ਸਾਡੇ ਗਰੁੱਪ ਨੇ ਆਪ ਆ ਕੇ ਲੈ ਜਾਣਾ।’ ਉਸ ਨੇ ਆਪਣੀ ਭੂਆ ਵੱਲ ਦੇਖਿਆ ਤੱਕ ਨਾ। ਜਾਣ ਦੀ ਕੀਤੀ। ਰਾਣੀ ਦੇ ਮਨ ’ਤੇ ਇੱਕ ਗੱਲ ਆਵੇ, ਇੱਕ ਜਾਵੇ। ਇੱਕ ਮਨ ‘ਚ ਆਵੇ ਕਿ ਉਹ ਸੁਰਜਨ ਨੂੰ ਦੱਸੇ ਕਿ ਤੂੰ ਆਪਣੀ ਸਾਲੀ ਦੀ ਚਿੰਤਾ ਛੱਡ ਦੇ- ਆਪਣੀ ਕੁੜੀ ਬਾਰੇ ਸੋਚ! ਦੂਜਾ ਮਨ ਕਹੇ ਕਿ ਅਜੇ ਤੇਲ ਦੇਖ, ਤੇਲ ਦੀ ਧਾਰ ਦੇਖ। ਉਸ ਨੇ ਆਪਣੇ ਆਪ ‘ਤੇ ਕੰਟ੍ਰੋਲ ਕਰੀ ਰੱਖਿਆ। ਜਿੱਦਾਂ ਕਿੱਦਾਂ ਕਰ ਕੇ ਸ਼ਨੀਵਾਰ ਤੇ ਐਤਵਾਰ ਲੰਘਾਇਆ। ਤੀਜੇ ਦਿਨ ਰਾਤ ਦੇ ਨੌਂ ਕੁ ਵਜੇ ਲਵਜੀਤ ਆਈ। ਉਸ ਦੇ ਸਿਰ ਦੇ ਵਾਲ ਖਿਲਰੇ ਸੀ। ਉੱਘੜੇ-ਦੁੱਘੜੇ ਕੱਪੜੇ ਪਾਏ ਸੀ। ਉਸ ਦੇ ਮੂੰਹ ‘ਚੋਂ ਸ਼ਰਾਬ ਦੀ ਬੋਅ ਆ ਰਹੀ ਸੀ। ਉਸ ਨੂੰ ਆਪਣੇ ਆਪ ਦੀ ਬਹੁਤੀ ਸੁਰਤ ਨ੍ਹੀਂ ਸੀ। ਅੱਲਮਟੱਲੀਆਂ ਮਾਰ ਰਹੀ ਸੀ। ਉਹ ਧੜੱਮ ਕਰ ਕੇ ਅੱਧੀ ਗੱਦੇ ’ਤੇ, ਅੱਧੀ ਫ਼ਰਸ਼ ’ਤੇ ਡਿਗ ਪਈ। ਰਾਣੀ ਨੇ ਫਰਸ਼ ‘ਤੇ ਡਿੱਗੀ ਹੋਈ ਨੂੰ ਖਿੱਚ ਕੇ ਗੱਦੇ ’ਤੇ ਕੀਤਾ। ਉਸ ਦੀ ਨਜ਼ਰ ਕੁੜੀ ਦੀ ਖੱਬੀ ਬਾਂਹ ’ਤੇ ਚੱਲੇ ਗਈ। ਉੱਥੇ ਉਕਰਿਆ ਸੀ- ਜਗਦੀਸ਼ ਕੁਮਾਰ ਰੱਤੂ। ਪੜ੍ਹਦਿਆਂ ਸਾਰ ਉਸ ਦੀ ਚੀਕ ਨਿਕਲਦੀ-ਨਿਕਲਦੀ ਮਸਾਂ ਰੁਕੀ। ਅਲੀ-ਅਲੀ ਕਰ ਕੇ ਉਸ ਨੇ ਰਾਤ ਲੰਘਾਈ। ਸਵੇਰ ਨੂੰ ਚਾਹ ਬਣਾ ਕੇ ਕੁੜੀ ਨੂੰ ਜਗਾਇਆ। ਅੱਧ-ਸੁੱਤੀ ਕੁੜੀ ਕਹਿਣ ਲੱਗੀ, ‘ਮੈਨੂੰ ਸੌਣ ਲੈਣ ਦਿਓ। ਉਸ ਨੂੰ ਕਹਿ ਦਿਓ- ਮੈਥੋਂ ਅੱਜ ਸੁੱਖੇ ਡਰਾਈਵਰ ਨਾਲ ਨ੍ਹੀਂ ਜਾਇਆ ਜਾਣਾ। ਉਹ ਤਾਂ ਸਾਲਾ ਦੈਂਤਾਂ ਵਰਗਾ। ਮੈਨੂੰ ਪੰਜ ਸੌ ਡਾਲਰ ਵੀ ਦੇਵੇ ਤਾਂ ਵੀ ਮੈਂ ਨ੍ਹੀਂ ਜਾਣਾ।’ ਫੇਰ ਉਹ ਕਿੰਨਾ ਚਿਰ ਬੇ-ਸਿਰ ਪੈਰ ਗੱਲਾਂ ਕਰੀ ਗਈ। ਰਾਣੀ ਨੇ ਉਸ ਨੂੰ ਨਾ ਉਠਾਇਆ। ਕੁੜੀ ਦੁਪਹਿਰੋਂ ਬਾਅਦ ਉੱਠੀ। ਰਾਣੀ ਨੇ ਉਸਦੇ ਵਾਲਾਂ ਦੀ ਗੁੱਤ ਕੀਤੀ। ਉਸਦੇ ਸਿਰ ਨੂੰ ਆਪਣੇ ਪੱਟਾਂ ‘ਤੇ ਰੱਖ ਕੇ ਕੁਸ਼ ਚਿਰ ਉਸ ਦੀ ਪੜ੍ਹਾਈ ਤੇ ਕੰਮ ਬਾਰੇ ਗੱਲਾਂ ਕੀਤੀਆਂ। ਜਦੋਂ ਉਸ ਨੂੰ ਲੱਗਾ ਕਿ ਕੁੜੀ ਉਸ ਦੀਆਂ ਗੱਲਾਂ ਦੇ ਜੁਆਬ ਠੀਕ ਢੰਗ ਨਾਲ ਦੇ ਰਹੀ ਆ ਤਾਂ ਉਸ ਨੇ ਲਾਲ ਪੀਲੀ ਹੁੰਦਿਆਂ ਹੋਇਆਂ ਪੁੱਛਿਆ, ‘ਤੂੰ ਬਾਂਹ ’ਤੇ ਰੱਤੂ ਦਾ ਨਾਂ ਕਿਉਂ ਲਿਖਾਈ ਫਿਰਦੀ ਆਂ?’ ਕੁੜੀ ਨੇ ਕਿਹਾ, ‘ਹਾਂ- ਇਹ ਮੇਰਾ ਬੌਏ ਫ੍ਰੈਂਡ ਆ।’ ਰਾਣੀ ਨੇ ਪੁੱਛਿਆ, ‘ਲੋਹੜੀ ਵਾਲੇ ਦਿਨ ਕੋਈ ਹੋਰ ਮੁੰਡਾ ਸੀ। ਤੂੰ ਕੀ ਸੋਚ ਕੇ ਇਹ ਰਾਹ ਅਖ਼ਤਿਆਰ ਕੀਤਾ?’ ਉਹ ਉੱਠ ਕੇ ਬੈਠ ਗਈ। ਖਾ ਜਾਣ ਵਾਲੀਆਂ ਨਜ਼ਰਾਂ ਨਾਲ ਆਪਣੀ ਭੂਆ ਵੱਲ ਦੇਖਿਆ। ਰਾਣੀ ਦਾ ਰੋਣ ਨਿਕਲ ਗਿਆ। ਉਸ ਨੇ ਰੋਂਦੀ-ਰੋਂਦੀ ਨੇ ਕਿਹਾ, ‘ਕੁੜੀਏ, ਕੁਛ ਤਾਂ ਆਪਣੇ ਪਿਉ ਦੀ ਇੱਜ਼ਤ ਬਾਰੇ ਸੋਚ ਲੈਂਦੀ।’ ਕੁੜੀ ਸੁੰਨਵਟਾ ਬਣ ਗਈ। ਉਸ ਨੇ ਆਪਣੀ ਭੂਆ ਦੀ ਕਿਸੇ ਗੱਲ ਦਾ ਜੁਆਬ ਨਾ ਦਿੱਤਾ। ਘੰਟੇ ਕੁ ਮਗਰੋਂ ਨੁੱਕਰ ’ਚ ਪਈ ਬੋਤਲ ’ਚੋਂ ਅੱਧ ਕੁ ਪਾਈਏ ਦਾ ਪੈੱਗ ਪਾ ਕੇ ਇੱਕੋ ਸਾਹ ਪੀ ਗਈ। ਫੇਰ ਬੋਲੀ, ‘ਮੈਂ ਕਿਉਂ ਕਿਸੇ ਬਾਰੇ ਸੋਚਾਂ। ਸੱਚ ਤੁਹਾਡੇ ਤੋਂ ਜਰਿਆ ਨ੍ਹੀਂ ਜਾਂਦਾ।

ਨਾ ਤੁਸੀਂ ਲੋਕ ਸੱਚ ਸੁਣ ਸਕਦੇ ਹੋ। ਹੁਣ ਮੈਂ ਨ੍ਹੀਂ ਕਿਸੇ ਸਾਲੇ ਦੀ ਪ੍ਰਵਾਹ ਕਰਦੀ।' ਰਾਣੀ ਨੂੰ ਲੱਗਿਆ ਕਿ ਕੁੜੀ ਰਿਸ਼ਤਿਆਂ ਤੋਂ ਪਾਰ ਚੱਲੇ ਗਈ ਆ। ਉਸ ਨੇ ਆਪਣੀ ਹੀ ਦੁਨੀਆ ਸਿਰਜ ਲਈ ਆ। ਰਾਣੀ ਵਿਚਾਰੀ ਫਸ ਗਈ ਵਿੱਚ-ਵਿਚਾਲੇ। ਉਸ ਦੀ ਸਕੀ ਭਤੀਜੀ ਦਾ ਮਾਮਲਾ ਸੀ। ਆਪਣਾ ਖ਼ੂਨ ਮਾਰ ਕਰ ਰਿਹਾ ਸੀ। ਇਸ ਬਾਰੇ ਕਿਸ ਨਾਲ ਗੱਲ ਕਰੇ। ਕੌਣ ਉਸ ਨੂੰ ਸਮਝਾਵੇ।

"ਰਾਣੀ ਦੀ ਕੋਈ ਪੇਸ਼ ਨ੍ਹੀਂ ਜਾ ਰਹੀ ਸੀ। ਉਹ ਜਿੰਨਾ ਕੁੜੀ ਦੇ ਸਾਹਮਣੇ ਰੋਈ ਸੀ, ਜਿੰਨਾ ਕਲਪੀ ਸੀ, ਅਜਿਹੇ ਪਲ ਉਸ ਦੀ ਜ਼ਿੰਦਗੀ 'ਚ ਪਹਿਲਾਂ ਕਦੇ ਨ੍ਹੀਂ ਆਏ ਸੀ। ਫੇਰ ਉਹ ਕੁੜੀ ਦਾ ਮੂਡ ਦੇਖ ਕੇ ਗੱਲ ਕਰਨ ਲੱਗੀ। ਇੱਕ ਦਿਨ ਉਸ ਨੇ ਫੇਰ ਕੁੜੀ ਨੂੰ ਸਮਝਾਉਣਾ ਸ਼ੁਰੂ ਕੀਤਾ, 'ਆਹ ਜਿਹੜੀ ਤੂੰ ਮੁੰਡੇ ਬਦਲਣ ਦੀ ਆਦਤ ਪਾ ਲਈ ਆ, ਇਹਨੇ, ਜਿਸ ਨਾਲ ਤੂੰ ਵਿਆਹ ਕਰਵਾਵੇਂਗੀ, ਉਸ ਨਾਲ ਜੁੜਨ ਨ੍ਹੀਂ ਦੇਣਾ। ਆਪਣੀ ਆਉਣ ਵਾਲੀ ਜ਼ਿੰਦਗੀ ਬਾਰੇ ਸੀਰੀਅਸ ਹੋ। ਦੱਸ ਤੂੰ ਕੀ ਚਾਹੁੰਦੀ ਆਂ?' ਲਵਜੀਤ ਨੇ ਦੱਸਿਆ ਕਿ ਉਸ ਨੂੰ ਵਿਆਹ ਕਰਵਾਉਣ ਦੀ ਲੋੜ ਨ੍ਹੀਂ ਪੈਣੀ। ਵਿਆਹ ਕਾਸ ਲਈ ਕਰਾਉਣਾ। ਇੱਥੇ ਹਜ਼ਾਰਾਂ ਕੁੜੀਆਂ-ਮੁੰਡੇ ਵਿਆਹ ਤੋਂ ਬਿਨਾਂ ਰਹੀ ਜਾ ਰਹੇ ਨੇ। ਰਾਣੀ ਨੇ ਆਸ ਦਾ ਪੱਲਾ ਨਾ ਛੱਡਿਆ। ਉਸ ਨੇ ਕੁੜੀ ਨੂੰ ਕਿਹਾ ਕਿ ਸਾਰੀ ਉਮਰ ਐਦਾਂ ਨ੍ਹੀਂ ਲੰਘਦੀ ਹੁੰਦੀ। ਇਹ ਤਾਂ ਉਹ ਗੱਲ ਹੁੰਦੀ- ਚਾਰ ਦਿਨ ਕੀ ਚਾਂਦਨੀ-ਫੇਰ ਹਨੇਰੀ ਰਾਤ। ਫੇਰ ਉਸ ਨੇ ਕਹਾਣੀਆਂ ਸੁਣਾਉਣੀਆਂ ਸ਼ੁਰੂ ਕੀਤੀਆਂ, 'ਗੰਧਾਰੀ ਦੇ ਪਿਉ ਨੇ ਅੰਨ੍ਹੇ ਧ੍ਰਿਤਰਾਸ਼ਟਰ ਨਾਲ ਉਸ ਦਾ ਵਿਆਹ ਕਰ ਦਿੱਤਾ। ਗੰਧਾਰੀ ਨੇ ਚੂੰ-ਚਾਅ ਨਾ ਕੀਤੀ। ਕਿਹਾ- ਜੋ ਪਿਊ ਨੇ ਕੀਤਾ, ਚੰਗਾ ਹੀ ਕੀਤਾ ਹੋਵੇਗਾ। ਉਸ ਨੇ ਆਪਣੀਆਂ ਅੱਖਾਂ 'ਤੇ ਕਾਲੀ ਪੱਟੀ ਬੰਨ੍ਹ ਲਈ। ਤਮਾਮ ਉਮਰ ਪੱਟੀ ਨਾ ਖੋਲ੍ਹੀ।' ਕੁੜੀ ਨੇ ਪੁੱਛ ਲਿਆ, 'ਇਸ ਗੱਲ ਦਾ ਮੇਰੇ ਨਾਲ ਕੀ ਸੰਬੰਧ ਆ?' ਰਾਣੀ ਨੇ ਕਿਹਾ ਕਿ ਸਾਡੇ ਸਮਾਜ 'ਚ ਪਤੀ-ਪਰਮੇਸ਼ਵਰ ਹੁੰਦਾ। ਕੁੜੀ ਆਪਣਾ ਆਪ ਪਤੀ ਲਈ ਸੰਭਾਲ ਕੇ ਰੱਖਦੀ ਆ। ਕੁੜੀ ਨੇ ਕਿਹਾ ਕਿ ਇਹ ਨੌਨਸੈਂਸ ਗੱਲਾਂ ਨੇ। ਰਾਣੀ ਨੇ ਇੱਕ ਹੋਰ ਕਥਾ ਸੁਣਾਈ, 'ਪੱਟੀ ਸ਼ਹਿਰ 'ਚ ਦੁਨੀ ਚੰਦ ਨਾਂ ਦਾ ਖੱਤਰੀ ਰਹਿੰਦਾ ਸੀ। ਉਸ ਕੋਲ ਬੇ-ਅੰਤ ਧਨ-ਦੌਲਤ ਤੇ ਜ਼ਮੀਨ ਸੀ। ਉਸ ਦੀਆਂ ਪੰਜ ਕੁੜੀਆਂ ਸੀ। ਇੱਕ ਦਿਨ ਉਸ ਨੇ ਪੰਜਾਂ ਕੁੜੀਆਂ ਨੂੰ ਆਪਣੇ ਸਾਹਮਣੇ ਬੈਠਾਅ ਲਿਆ। ਪੁੱਛਿਆ ਕਿ ਉਹ ਕਿਸ ਦਾ ਦਿੱਤਾ ਖਾਂਦੀਆਂ ਨੇ। ਚਹੁੰਆਂ ਨੇ ਕਿਹਾ ਪਿਉ ਦਾ ਦਿੱਤਾ। ਪੰਜਵੀਂ ਕੁੜੀ ਰਜਨੀ ਨੇ ਕਿਹਾ, 'ਪਰਮਾਤਮਾ। ਪਰਮਾਤਮਾ ਸਾਰੇ ਜਿਉਂਦੇ ਜੀਆਂ ਨੂੰ ਰਿਜ਼ਕ ਦਿੰਦਾ।' ਪਿਉ ਨੂੰ ਗੁੱਸਾ ਆ ਗਿਆ। ਉਸਨੇ ਰਜਨੀ ਦਾ ਵਿਆਹ ਇੱਕ ਕੋਹੜੀ ਨਾਲ ਕਰ ਦਿੱਤਾ। ਰਜਨੀ ਨੇ ਧਾਰ ਲਿਆ ਕਿ ਜੇ ਉਸਦੇ ਪਿਉ ਨੇ ਉਸਦਾ ਵਿਆਹ ਕੋਹੜੀ ਨਾਲ ਕੀਤਾ ਆ ਤਾਂ ਉਹ ਕੋਹੜੀ ਨੂੰ ਕਦੇ ਨ੍ਹੀਂ ਛੱਡੇਗੀ, ਉਸ ਦਾ ਇਲਾਜ ਕਰੇਗੀ। ਉਹ ਉਸ ਨੂੰ ਵਹਿੰਗੀ 'ਚ ਬੈਠਾਅ ਕੇ ਵੱਖ-ਵੱਖ ਹਕੀਮਾਂ ਦੇ ਜਾਣ ਲੱਗੀ। ਤੁਰਦੀ ਫਿਰਦੀ ਹਰਿਮੰਦਰ ਸਾਹਬ ਆ ਗਈ। ਉਸ ਨੇ ਆਪਣੇ ਘਰ ਵਾਲੇ ਨੂੰ ਇੱਕ ਬੇਰੀ ਹੇਠਾਂ ਬੈਠਾਅ ਦਿੱਤਾ। ਆਪ ਲੰਗਰ ਦੀ ਸੇਵਾ ਕਰਨ ਲੱਗੀ। ਇੱਕ ਦਿਨ ਉਸ ਦੇ ਘਰ ਵਾਲੇ ਨੇ ਦੇਖਿਆ ਕਿ ਕਾਲੇ ਕਾਂ ਨੇ ਸਰੋਵਰ 'ਚ ਡੁਬਕੀ ਮਾਰੀ, ਜਦੋਂ ਉਹ ਬਾਹਰ ਨਿੱਕਲਿਆ ਤਾਂ ਉਸ ਦਾ ਰੰਗ ਚਿੱਟਾ ਸੀ। ਉਹ ਵੀ ਰੁੜ੍ਹਦਾ-ਖੁੜਦਾ ਸਰੋਵਰ 'ਚ ਜਾ ਵੜਿਆ। ਉਸ ਦਾ ਕੋਹੜ ਹਟ ਗਿਆ। ਹੁਣ ਵੀ ਲੋਕ ਰਜਨੀ ਨੂੰ ਪਤੀਬਰਤਾ ਔਰਤ ਵਜੋਂ ਨਮਸਕਾਰ ਕਰਦੇ ਆ।' ਕੁੜੀ ਨੇ ਹਾਂ 'ਚ ਸਿਰ ਹਿਲਾਇਆ। ਰਾਣੀ ਨੇ ਕਿਹਾ ਕਿ ਤੇਰੇ ਡੈਡੀ ਨੇ ਵੀ ਤੇਰੇ ਲਈ ਬਹੁਤ ਕੁਸ਼ ਸੋਚ ਰੱਖਿਆ। ਉਸ ਨੇ ਬੜਾ ਗੱਜ-ਬੱਜ ਕੇ ਵਿਆਹ ਕਰਨਾ। ਉਸ ਨੇ ਕਿਹੜੀਆਂ ਪੰਜ-ਸੱਤ ਵਿਆਹੁਣੀਆਂ ਨੇ- ਮੈਨੂੰ ਕਹਿੰਦਾ ਸੀ ਕਿ ਜੇ ਕੁੜੀ ਨੂੰ ਉਧਰ ਹੀ ਮੁੰਡਾ ਪਸੰਦ ਆ ਗਿਆ, ਆਪਾਂ ਕਨੇਡਾ ਜਾ ਕੇ ਉਸ ਦਾ ਵਿਆਹ ਕਰ ਦੇਣਾ। ਕੁੜੀਏ ਹੁਣ ਤੂੰ ਸਿਆਣੀ ਬਣ। ਤੇਰੇ ਨਾਲ ਹੀ ਤੈਥੋਂ ਛੋਟੇ ਦੀ ਜ਼ਿੰਦਗੀ ਜੁੜੀ ਹੋਈ ਆ।

"ਕੁੜੀ ਪਤਾ ਨ੍ਹੀਂ ਕਿਸ ਮਿੱਟੀ ਦੀ ਬਣੀ ਸੀ ਕਿ ਉਸ 'ਤੇ ਕੋਈ ਅਸਰ ਨ੍ਹੀਂ ਹੋ ਰਿਹਾ ਸੀ। ਉਸ ਲਈ ਸਮਝੌਤੀਆਂ ਫ਼ਜ਼ੂਲ ਸਨ। ਅੱਕ ਕੇ ਰਾਣੀ ਨੇ ਲਵਜੀਤ ਕੋਲੋਂ ਪੁੱਛਿਆ, 'ਚੱਲ, ਮੈਨੂੰ ਇਹ ਗੱਲ ਤਾਂ ਦੱਸ ਕਿ ਤੈਨੂੰ ਕਿਸ ਕੰਜਰ ਨੇ ਇਸ ਰਸਤੇ 'ਤੇ ਤੋਰਿਆ?' ਲਵਜੀਤ ਨੇ ਕਿਹਾ ਕਿ ਪਿਉ ਤੇ ਭਰਾ ਨੇ! ਰਾਣੀ ਨੇ ਪੁੱਛਿਆ- 'ਇਹ ਕਿੱਦਾਂ?' ਕੁੜੀ ਦਾ ਜੁਆਬ ਸੀ ਕਿ ਉਸਦੇ ਪਿਉ ਨੇ ਉਸਨੂੰ ਜਹਾਜ਼ੇ ਚੜ੍ਹਾਉਣ ਮਗਰੋਂ ਕੋਈ ਪੈਸਾ ਨ੍ਹੀਂ ਭੇਜਿਆ। ਜਦੋਂ ਵੀ ਉਸ ਨੇ ਇੱਥੋਂ ਦੇ ਖਰਚਿਆਂ ਬਾਰੇ ਦੱਸਿਆ ਤਾਂ ਅੱਗੋਂ ਜੁਆਬ ਮਿਲਿਆ ਕਿ ਜਿੱਦਾਂ ਦੂਜੇ ਮੁੰਡੇ-ਕੁੜੀਆਂ ਕੰਮ ਕਰ ਕੇ ਆਪਣਾ ਖਰਚਾ ਪੂਰਾ ਕਰਦੇ ਨੇ, ਤੂੰ ਵੀ ਕਰ। ਫੇਰ ਛੋਟੇ ਕੁਲਜਿੰਦਰ ਨਾਲ ਜਿੰਨੀ ਵਾਰ ਵੀ ਫ਼ੋਨ 'ਤੇ ਗੱਲ ਹੁੰਦੀ, ਉਹ ਵੈਨਊ ਸੁਪਰ ਮਾਡਲ ਕਾਰ ਲੈਣ ਲਈ ਪੈਸੇ ਮੰਗਦਾ। ਉਸ ਨੂੰ ਕੀ ਪਤਾ ਕਿ ਇੱਥੋਂ ਦੇ ਕਿੰਨੇ ਖਰਚੇ ਨੇ। ਮੈਂ ਕੁਲਵਿੰਦਰ ਨੂੰ ਉਸ ਦੀ ਪਸੰਦ ਵਾਲੀ ਕਾਰ ਖਰੀਦਣ ਲਈ ਪੈਸੇ ਭੇਜੇ। ਐਪਲ ਤੇਰਾਂ ਲੈ ਕੇ ਦਿੱਤਾ। ਪੈਸੇ ਕਿੱਥੋਂ ਆਏ- ਹੁਣ ਇਹ ਸਭ ਕੁਸ਼ ਤੁਹਾਡੇ ਸਾਹਮਣੇ ਆ।"

ਗੱਲ ਮੁਕਾਅ ਕੇ ਤਾਰੋ ਹੁਬਕੀਂ-ਹੁਬਕੀਂ ਰੋਣ ਲੱਗ ਪਈ।

ਹੁਣ ਗਿਆਨ ਨੂੰ ਸਮਝ ਲੱਗੀ ਕਿ ਮਾਸਟਰ ਨੇ ਕਿਉਂ ਕਿਹਾ ਸੀ- 'ਤੂੰ ਕੀ ਸੋਚ ਕੇ ਕੁੜੀ ਨੂੰ ਬਾਹਰ ਭੇਜ ਰਿਹਾਂ?' ਉਸ ਨੇ ਤਾਰੋ ਦੇ ਹੰਝੂ ਪੂੰਝੇ। ਆਪਣਾ ਹੱਥ ਫੈਲਾਅ ਕੇ ਬੋਲਿਆ, "ਆਹ ਦੇਖ- ਪੰਜੇ ਉਂਗਲਾਂ ਇੱਕੋ ਜਿਹੀਆਂ ਨ੍ਹੀਂ। ਸਿਮਰਨ ਦੇ ਖਰਚੇ ਲਈ, ਜੇ ਲੋੜ ਪਈ ਤਾਂ ਮੈਂ ਦੂਜਾ ਖੇਤ ਵੀ ਵੇਚ ਦੇਣਾ।"

ਉਸ ਨੇ ਤਾਰੋ ਨੂੰ ਦਿਲਾਸਾ ਦੇ ਦਿੱਤਾ ਸੀ ਪਰ ਸਾਰੀ ਰਾਤ ਲਵਜੀਤ ਦਾ ਚਿਹਰਾ ਉਸ ਦੀਆਂ ਨਜ਼ਰਾਂ ਅੱਗਿਉਂ ਇੱਕ ਪਲ ਲਈ ਵੀ ਪਰ੍ਹੇ ਨਹੀਂ ਹੋਇਆ ਸੀ।

ਜਲੰਧਰ- 98148 03254

# ਧੀ ਤੋਂ ਮਾਂ ਤੱਕ — ਰੂਹਾਂ ਦਾ ਰਿਸ਼ਤਾ



choodaa/ pinterest

ਕਹਿੰਦੇ ਨੇ...
ਮਾਂ ਤੇ ਧੀ ਇਕੋ ਦਿਨ ਜੰਮਦੀਆਂ ਨੇ।

ਇੱਕ ਨੰਨ੍ਹੀ ਪਰੀ,
ਨਵੇਂ ਸੁਪਨਿਆਂ ਦੀ ਰੌਸ਼ਨੀ ਲੈ ਕੇ
ਇਸ ਦੁਨੀਆ ਦੇ ਦਰਵਾਜ਼ੇ 'ਤੇ
ਦਸਤਕ ਦਿੰਦੀ ਏ,
ਤੇ ਦੂਜੀ ਉਸੇ ਪਲ
ਇੱਕ ਸੁਘੜ, ਸਿਆਣੀ
ਮਾਂ ਬਣ ਜਾਂਦੀ ਏ...

ਉਸਦਾ ਆਪਣਾ ਬਚਪਨ
ਹੌਲੀ-ਹੌਲੀ
ਉਸਦੇ ਹੱਥਾਂ ਵਿਚੋਂ ਫਿਸਲ ਜਾਂਦਾ ਏ,
ਪਰ ਉਹੀ ਬਚਪਨ
ਉਹ ਆਪਣੀ ਧੀ ਦੀਆਂ ਅੱਖਾਂ ਵਿੱਚ
ਮੁੜ ਲੱਭਦੀ ਏ...

ਉਹ ਅਧੂਰੇ ਚਾਅ, ਅਧੂਰੇ ਸੁਫ਼ਨੇ,
ਜੋ ਕਦੇ ਸਮਾਜ ਦੇ ਡਰ ਨਾਲ,
ਕਦੇ ਘਰ ਦੀਆਂ ਮਜਬੂਰੀਆਂ ਨਾਲ,
ਕਦੇ ਰੀਤ-ਰਿਵਾਜਾਂ ਦੇ ਬੋਝ ਹੇਠਾਂ,
ਜਾਂ ਪਿਉ ਦੀ ਸਖ਼ਤੀ ਵਿੱਚ
ਦਬ ਗਏ ਸੀ...

ਹੁਣ ਉਹ ਹਰ ਖ਼ੁਸ਼ੀ, ਹਰ ਸੁਫ਼ਨਾ
ਆਪਣੀ ਧੀ ਲਈ
ਸਜਾਅ ਦਿੰਦੀ ਏ...

ਕਦੋਂ ਇਹ ਮਾਂ,
ਧੀ ਦੀ ਸਹੇਲੀ ਬਣ ਜਾਂਦੀ ਏ
ਪਤਾ ਹੀ ਨਹੀਂ ਲੱਗਦਾ...

ਦੁੱਖ-ਸੁਖ ਸਾਂਝੇ ਹੋ ਜਾਂਦੇ ਨੇ,
ਹਾਸੇ ਵੀ... ਹੰਝੂ ਵੀ...
ਧੀ, ਮਾਂ ਦੀ ਅਵਾਜ਼ ਬਣ ਜਾਂਦੀ ਏ,
ਤੇ ਮਾਂ
ਧੀ ਦੇ ਹਰ ਰਾਜ਼ ਦੀ ਰਾਜ਼ਦਾਰ...
ਕਦੇ ਪਿਆਰ ਨਾਲ ਸਮਝਾਉਂਦੀ ਏ,
ਕਦੇ
ਹੌਲੀ ਜਿਹੀ ਝਿੜਕ ਵੀ ਦੇਂਦੀ ਏ,

ਕਦੇ ਦੁਨੀਆ ਤੋਂ ਬਚਾਉਂਦੀ ਏ,
ਤੇ ਕਦੇ ਉਸਦੀ ਗ਼ਲਤੀ ਨੂੰ
ਆਪਣੀ ਚੁੰਨੀ ਨਾਲ ਢਕ ਲੈਂਦੀ ਏ...

ਮਾਂ ਹੁੰਦੀ ਹੀ
ਏਹੋ ਜਿਹੀ
ਰੱਬ ਦਾ ਸਭ ਤੋਂ
ਨਰਮ,
ਸਭ ਤੋਂ ਮਜ਼ਬੂਤ
ਰੂਪ...

ਉਹ ਪਹਿਲੀ
ਅਧਿਆਪਕ,
ਪਹਿਲੀ ਗੁਰੂ,
ਧੀ ਲਈ ਪੂਰੀ
ਦੁਨੀਆ ਹੁੰਦੀ
ਏ...

ਪਰ ਕਦੇ-ਕਦੇ
ਇਹ ਰਿਸ਼ਤਾ
ਥੋੜ੍ਹਾ ਖੱਟਾ-ਮਿੱਠਾ ਵੀ ਹੋ ਜਾਂਦਾ ਏ...
ਜਦੋਂ ਧੀ ਦੇ ਸੁਫ਼ਨੇ ਉਡਾਰੀ ਭਰਦੇ ਨੇ,
ਤੇ ਮਾਂ ਦੀ ਚਿੰਤਾ ਉਸਨੂੰ ਰੋਕਣਾ ਚਾਹੇ...

ਉਸ ਵੇਲੇ ਉਹ ਮਾਂ
ਥੋੜ੍ਹੀ ਜੇਲ੍ਹਰ ਵੀ ਲੱਗਦੀ ਏ...

ਪਰ ਉਹ ਰੋਕਣਾ ਵੀ ਪਿਆਰ ਹੁੰਦਾ ਏ,
ਉਹ ਡਰ ਵੀ ਇਕ ਦੁਆ ਹੁੰਦੀ ਏ...

ਫਿਰ ਇਕ ਦਿਨ...
ਉਹ ਦਿਨ ਆ ਹੀ ਜਾਂਦਾ ਏ
ਜਿਸ ਤੋਂ ਹਰ ਮਾਂ ਡਰਦੀ ਵੀ ਏ,
ਤੇ ਚੁੱਪਚਾਪ ਉਡੀਕ ਵੀ ਕਰਦੀ ਏ...

ਅੱਖਾਂ ਵਿੱਚ ਸੱਧਰਾਂ ਤੇ ਸੁਫ਼ਨੇ,
ਦਿਲ ਵਿੱਚ ਵਿਛੋੜੇ ਦਾ ਭਾਰ,
ਉਹ ਆਪਣੀ ਰੂਹ ਦਾ ਟੁਕੜਾ
ਆਪਣੀ ਰਾਜਕੁਮਾਰੀ ਨੂੰ, ਕਿਸੇ ਹੋਰ
ਦੇ ਹੱਥਾਂ ਵਿੱਚ ਸੌਂਪ ਦਿੰਦੀ ਏ...
ਉਸ ਪਲ ਉਹ
ਸਿਰਫ਼ ਧੀ ਨਹੀਂ ਤੋਰਦੀ ...
ਮਾਂ ਦੇ ਦਿਲ ਦਾ ਇਕ ਹਿੱਸਾ ਵੀ ਨਾਲ
ਚਲਾ ਜਾਂਦਾ ਏ...

ਪਰ ਕਹਾਣੀ ਇੱਥੇ ਮੁੱਕਦੀ ਨਹੀਂ...
ਉਹੀ ਰਾਜਕੁਮਾਰੀ ਧੀ
ਫਿਰ ਇੱਕ ਦਿਨ ਮਾਂ ਬਣ ਜਾਂਦੀ ਏ...

ਫਿਰ ਉਹੀ ਚਾਅ ਜੰਮਦੇ ਨੇ,
ਉਹੀ ਸੁਫ਼ਨੇ, ਉਹੀ ਡਰ,
ਉਹੀ ਦੁਆਵਾਂ...
ਫਿਰ ਇਕ ਨਵਾਂ ਪਰਿਵਾਰ ਸਿਰਜਦੀ ਏ
ਨਵੀਂਆ ਉਮੀਦਾਂ ਨਾਲ...

ਇਹ ਸਫ਼ਰ ਕਦੇ ਮੁੱਕਦਾ ਨਹੀਂ...
ਇਹ ਰੱਬ ਦੀ ਲਿਖੀ ਹੋਈ
ਇੱਕ ਖ਼ੂਬਸੂਰਤ ਕਹਾਣੀ ਏ

ਜਿੱਥੇ ਧੀ,
ਮਾਂ ਬਣ ਕੇ ਵੀ
ਕਦੇ ਧੀ ਹੋਣ ਦਾ ਅਹਿਸਾਸ
ਨਹੀਂ ਛੱਡਦੀ...


## ਸੁਖਪ੍ਰੀਤ ਕੌਰ ਪਵਾਰ

Sukhpreet.Kaur@grlc.vic.gov.au

# ਪ੍ਰੇਤ

## ਅਸ਼ੋਕ ਸਕਸੈਨਾ



*ਲੇਖਕ: ਜਨਮ 23 ਦਸੰਬਰ 1953, ਭਰਤਪੁਰ (ਰਾਜ.); ਐਮਏ (ਹਿੰਦੀ) ਫ਼ਸਟ ਡਿਵੀਜ਼ਨ, ਯੂਜੀਸੀ ਤੋਂ ਜੇਆਰਐਫ਼। 'ਅਸਤਿੱਤਵਵਾਦ ਔਰ ਹਿੰਦੀ ਉਪਨਿਆਸ' ਵਿਸ਼ੇ ਉੱਤੇ ਚਾਰ ਸਾਲ ਖੋਜ ਕਾਰਜ। ਰੋਜ਼ੀ ਰੋਟੀ ਲਈ ਰਾਜਸਥਾਨ ਤੋਂ ਪ੍ਰਕਾਸ਼ਤ ਕਈ ਅਖ਼ਬਾਰਾਂ ਦੇ ਸੰਪਾਦਕੀ ਵਿਭਾਗਾਂ ਵਿੱਚ ਨੌਕਰੀ। ਲੰਮੇ ਸਮੇਂ ਤੱਕ ਸ਼ਹਿਰ ਦੀ ਸਿੱਖਿਆ ਸੰਸਥਾ ਨਾਲ ਸੰਬੰਧ। ਕੁਝ ਸਮਾਂ ਪ੍ਰਾਈਵੇਟ ਕਾਲਜ ਵਿੱਚ ਅਧਿਆਪਨ। ਰੋਜ਼ਾਨਾ ਅਖ਼ਬਾਰਾਂ ਤੋਂ ਇਲਾਵਾ ਸਾਹਿਤਕ ਪੱਤ੍ਰਿਕਾਵਾਂ ਵਿੱਚ ਕਵਿਤਾਵਾਂ, ਕਹਾਣੀਆਂ ਅਤੇ ਲੇਖ ਪ੍ਰਕਾਸ਼ਤ। ਤਿੰਨ ਕਹਾਣੀ ਸੰਗ੍ਰਹਿ 'ਉਸਕਾ ਮਰਨਾ', 'ਅੱਬੂ' ਅਤੇ 'ਮਾਈ ਕਾ ਲਾਲ' ਪ੍ਰਕਾਸ਼ਤ। ਪੰਜਾਬੀ ਵਿੱਚ ਵੀ ਕਈ ਕਹਾਣੀਆਂ ਦੇ ਅਨੁਵਾਦ ਪ੍ਰਕਾਸ਼ਤ। ਚੋਣਵੀਆਂ ਕਹਾਣੀਆਂ ਦੇ ਪੰਜਾਬੀ ਅਨੁਵਾਦ ਦੀ ਪੁਸਤਕ ਪ੍ਰਕਾਸ਼ਨ ਲਈ ਤਿਆਰ।*
ashoksaxena1953@gmail.com

**ਬਾਰਿਸ਼** ਬਹੁਤ ਜ਼ਿਆਦਾ ਸੀ। ਮੈਨੂੰ ਆਪਣਾ ਸਾਈਕਲ ਦਫ਼ਤਰ ਛੱਡ ਆਟੋ-ਰਿਕਸ਼ਾ 'ਚ ਘਰ ਆਉਣਾ ਪਿਆ। ਸੰਭਲ ਸੰਭਲ ਬੈਠਣ ਦੇ ਬਾਵਜੂਦ ਤੇਜ਼ ਵਾਛੜ ਨਾਲ ਮੇਰੇ ਕੱਪੜੇ ਭਿਜ ਗਏ ਸਨ। ਪੂਰੀ ਰਫ਼ਤਾਰ ਨਾਲ ਚੱਲਦੇ ਆਟੋ ਕਰਕੇ ਠੰਢੀ ਹਵਾ ਮੇਰੇ ਚਿਹਰੇ 'ਤੇ ਵੱਜ ਰਹੀ ਸੀ।

ਘਰ ਪਹੁੰਚਿਆ, ਤਾਂ ਠੰਡ ਨਾਲ ਕੰਬ ਰਿਹਾ ਸਾਂ। ਆਟੋ ਤੋਂ ਉੱਤਰ ਸਿੱਧਾ ਉੱਤੇ ਆਪਣੇ ਕੁਆਟਰ 'ਚ ਗਿਆ। ਕੱਪੜੇ ਬਦਲ ਇੱਕ ਲੋਈ ਉੱਤੇ ਲੈ ਲਈ। ਆਟੋ ਅਜੇ ਹੇਠਾਂ ਖੜ੍ਹਾ ਸੀ। ਬਟੂਆ ਚੁੱਕ ਉਹਦਾ ਭਾੜਾ ਦੇ ਕੇ ਉੱਤੇ ਆ ਗਿਆ। ਇਸ ਮੌਸਮ 'ਚ ਇਸ ਸਮੇਂ ਬੰਦ ਕਮਰੇ ਦਾ ਨਿੱਘ ਚੰਗਾ ਲੱਗਾ। ਮੇਜ਼ 'ਤੇ ਪਿਆ ਅਖ਼ਬਾਰ ਚੁੱਕਿਆ ਤੇ ਬਿਸਤਰੇ 'ਤੇ ਜਾ ਬੈਠਾ - ਆਂਧ੍ਰਾ ਪ੍ਰਦੇਸ਼ ਵਿੱਚ ਰਾਮਾ ਰਾਓ ਸਰਕਾਰ ਬਰਖ਼ਾਸਤ, ਦੋ ਅੱਤਵਾਦੀ ਪੁਲਸ ਮੁਕਾਬਲੇ 'ਚ ਢੇਰ, ਥਾਣੇ 'ਚ ਬਲਾਤਕਾਰ: ਦਰੋਗਾ ਸਸਪੈਂਡ, ਮਹਾਰਾਸ਼ਟਰ 'ਚ ਫ਼ਿਰਕੂ ਦੰਗੇ: 300 ਮਰੇ, ਦੱਖਣੀ ਦਿੱਲੀ ਦੇ ਬੈਂਕ 'ਚ ਦਿਨ-ਦਿਹਾੜੇ ਡਕੈਤੀ, ਅਮਰੀਕਾ ਵੱਲੋਂ ਭਾਰਤ ਦੇ ਸ਼ਾਂਤੀ ਯਤਨਾਂ ਦੀ ਪ੍ਰਸੰਸਾ - ਸੁਰਖੀਆਂ 'ਤੇ ਨਜ਼ਰ ਮਾਰ ਮੈਂ ਅਖ਼ਬਾਰ ਇੱਕ ਪਾਸੇ ਰੱਖ ਦਿੱਤਾ। ਪਤਨੀ ਚਾਹ ਲੈ ਆਈ ਸੀ। "ਆਗਰੇ ਤੋਂ ਤਾਰ ਆਈ ਹੈ," ਚਾਹ ਦਾ ਕੱਪ ਫੜਾਉਂਦਿਆਂ ਬੋਲੀ ਤੇ ਤਹਿ ਕੀਤੀ ਤਾਰ ਮੇਜ਼ 'ਤੇ ਰੱਖ ਦਿੱਤੀ।

ਇਸ ਕੜਾਕੇ ਦੀ ਠੰਢ 'ਚ ਬਿਸਤਰੇ 'ਚ ਚਾਹ ਪੀਣ ਦਾ ਆਪਣਾ ਹੀ ਮਜਾ ਹੈ। ਮੈਂ ਇਹ ਮਜਾ ਕਿਰਕਿਰਾ ਨਹੀਂ ਕਰਨਾ ਚਾਹੁੰਦਾ, ਕਿਉਂਕਿ ਮੈਨੂੰ ਪਤਾ ਹੈ ਇਹ ਤਾਰ ਬਾਬੂਜੀ ਦੀ ਬਿਮਾਰੀ ਬਾਰੇ ਜਾਂ ਵੱਧ ਤੋਂ ਵੱਧ ਉਨ੍ਹਾਂ ਦੀ ਮੌਤ ਬਾਰੇ ਹੋਵੇਗੀ। ਮੈਂ ਚਾਹ ਦੇ ਘੁੱਟ ਭਰੀ ਗਿਆ ਪਰ ਬਾਬੂਜੀ ਦਾ ਚਿਹਰਾ ਸਾਹਮਣੇ ਪਈ ਤਾਰ ਤੋਂ ਵਾਰ ਵਾਰ ਉਭਰਨ ਲੱਗਾ। ਅਜਿਹਾ ਮਹਿਸੂਸ ਹੋਇਆ ਜਿਵੇਂ ਬਾਬੂਜੀ ਦੀਆਂ ਅੱਖਾਂ ਤਾਰ 'ਚੋਂ ਬਾਹਰ ਝਾਕ ਮੈਨੂੰ ਘੂਰ ਰਹੀਆਂ ਹੋਣ। ਮੈਂ ਆਪਣੇ ਮਨ 'ਚੋਂ ਇਹ ਵਿਚਾਰ ਕੱਢਣ ਦੀ ਕੋਸ਼ਿਸ਼ ਕੀਤੀ, ਪਰ ਨਾ ਕੱਢ ਸਕਿਆ। ਚਾਹ ਬੇਸੁਆਦ ਲੱਗਣ ਲੱਗੀ। ਮੈਂ ਹੱਥ ਵਧਾਅ ਕੇ ਮੇਜ਼ ਤੋਂ ਤਾਰ ਚੁੱਕੀ। ਆਗਰੇ ਤੋਂ ਛੋਟੇ ਭਰਾ ਦੀ ਤਾਰ ਸੀ: "ਫ਼ਾਦਰ ਐਕਸਪਾਇਰਡ।" ਮੈਂ ਤਾਰ ਵਾਪਸ ਤਿਪਾਈ 'ਤੇ ਧਰੀ ਤੇ ਬੇਦਿਲੀ ਨਾਲ ਚਾਹ ਪੀਣ ਲੱਗਾ। ਇਹ ਦੱਸਣਾ ਮੁਸ਼ਕਲ ਹੈ ਕਿ ਮੈਂ ਇਸ ਖ਼ਬਰ ਤੋਂ ਖ਼ੁਸ਼ ਸੀ ਜਾਂ ਉਦਾਸ। ਉਂਝ ਮੈਨੂੰ ਆਪਣੇ ਪਿਤਾ ਦੀ ਮੌਤ ਤੋਂ ਦੁਖੀ ਹੋਣਾ ਚਾਹੀਦਾ ਸੀ, ਪਰ ਮੈਨੂੰ ਕੋਈ ਦਰਦ ਮਹਿਸੂਸ ਨਾ ਹੋਇਆ।

"ਕੀ ਸੋਚ ਰਹੇ ਹੋ?" ਕਾਂਤੀ ਨੇ ਮੈਨੂੰ ਚੁੱਪ ਵੇਖ ਪੁੱਛਿਆ।

"ਕੁਝ ਨਹੀਂ।"

ਉਹ ਉੱਠ ਕੇ ਰਸੋਈ 'ਚ ਚਲੀ ਗਈ। ਉਹ ਬਹੁਤ ਭਾਵੁਕ ਨਾਰੀ ਹੈ। ਭਾਵੇਂ ਉਸਨੂੰ ਕਦੇ ਆਗਰੇ ਜਾਂ ਘਰ 'ਚ ਰਹਿਣ ਦਾ ਮੌਕਾ ਨਹੀਂ ਮਿਲਿਆ ਸੀ, ਫਿਰ ਵੀ ਉਸਦਾ ਘਰ ਨਾਲ ਇੱਕ ਖਾਸ ਤਰ੍ਹਾਂ ਦਾ ਲਗਾਅ ਰਿਹਾ ਹੈ। ਉਸਨੇ ਬਾਬੂਜੀ ਨੂੰ ਸਿਰਫ਼ ਇੱਕ ਵਾਰ ਵੇਖਿਆ ਹੈ। ਉਹ ਵੀ ਉਦੋਂ ਜਦੋਂ ਕਾਨ੍ਹਪੁਰ ਜਾਂਦਿਆਂ ਇੱਕ ਦਿਨ ਅਸੀਂ ਆਗਰੇ ਰੁਕੇ ਸਾਂ। ਪਰ ਹੁਣ ਉਹ ਕਈ ਦਿਨ ਬਾਬੂਜੀ ਦੀ ਮੌਤ ਦਾ ਸੋਗ ਮਨਾਉਂਦੀ ਰਹੇਗੀ।

ਸਬਜ਼ੀ ਦੀ ਟੋਕਰੀ ਨਾਲ ਉਹ ਕਮਰੇ 'ਚ ਆ ਕੇ ਬੈਠ ਗਈ।

"ਕਦੋਂ ਜਾ ਰਹੇ ਹਾਂ?" ਉਸ ਆਲੂ ਛਿੱਲਦੀ ਨੇ ਪੁੱਛਿਆ।

"ਕਿੱਥੇ?"

ਉਹਨੇ ਕੁਝ ਨਾ ਕਿਹਾ। ਸਿਰਫ਼ ਪਲ ਦੀ ਪਲ ਅੱਖਾਂ ਚੁੱਕ ਮੇਰੇ ਵੱਲ ਵੇਖਿਆ। ਮੈਂ ਝੱਟ ਨਜ਼ਰਾਂ ਹਟਾਅ ਲਈਆਂ ਤੇ ਦੂਜੇ ਪਾਸੇ ਵੇਖਣ ਲੱਗਾ, ਜਿੱਥੇ ਮੇਜ਼ 'ਤੇ ਕੱਪ ਹੇਠਾਂ ਦੱਬੀ ਤਾਰ ਦਰਵਾਜ਼ੇ ਤੋਂ ਆਉਂਦੀ ਹਵਾ ਨਾਲ ਰੁਕ ਰੁਕ ਕੇ ਫੜਫੜਾਅ ਰਹੀ ਸੀ।

"ਇੱਕ ਗੱਲ ਕਹਾਂ?" ਉਸ ਕਿਹਾ।

ਮੈਂ ਚੁੱਪ ਰਿਹਾ। ਕੁਝ ਦੇਰ ਬਾਅਦ ਉਹ ਗੰਭੀਰ ਹੋ ਕੇ ਬੋਲੀ, "ਕੀ ਖ਼ੂਨ ਦੇ ਰਿਸ਼ਤੇ ਦੀ ਇਹੋ ਪਛਾਣ ਰਹਿ ਗਈ ਹੈ?... ਪਿਓ ਕਿੰਨਾ ਵੀ ਬਦਚਲਣ ਤੇ ਨਿਕੰਮਾ ਕਿਉਂ ਨਾ ਹੋਵੇ, ਔਲਾਦ ਨਾਲ ਉਹਦਾ ਨਾਂ ਤਾਂ ਜੁੜਨਾ ਹੀ ਜੁੜਨਾ ਹੈ। ਉਨ੍ਹਾਂ ਵਿੱਚ ਲੱਖਾਂ ਐਬ ਹੋਣ, ਸਾਨੂੰ ਕੀ? ਲੋਕ ਕੀ ਕਹਿਣਗੇ- ਕਿਹੋ ਜਿਹਾ ਆਦਮੀ ਹੈ, ਮੌਤ ਦੀ ਖ਼ਬਰ ਸੁਣ ਕੇ ਵੀ ਨਹੀਂ ਆਇਆ।"

"ਜਦੋਂ ਜਿਉਂਦੇ-ਜੀਅ ਕੋਈ ਰਿਸ਼ਤਾ ਨਹੀਂ ਰਿਹਾ, ਤਾਂ ਹੁਣ ਉਨ੍ਹਾਂ ਦੀ ਮੌਤ 'ਤੇ ਜਾ ਕੇ ਕੀ ਕਰਾਂਗਾ?"

"ਉਹ ਕਿਹੜਾ ਵੇਖਣ ਆਉਣਗੇ ਕਿ ਕੌਣ ਆਇਆ ਤੇ ਕੌਣ ਨਹੀਂ? ਮਾੜੇ

ਸਮੇਂ 'ਚ ਤਾਂ ਬਗਾਨੇ ਵੀ ਨਾਲ ਜਾਂਦੇ ਹਨ। ਵੱਡਾ ਪੁੱਤਰ ਹੋ ਕੇ....''

''ਰਮੇਸ਼ ਹੈ ਤਾਂ ਸਹੀ ਓਥੇ,'' ਮੈਂ ਗੱਲ ਮੁਕਾਉਣ ਦੇ ਮੰਤਵ ਨਾਲ ਕਿਹਾ।

''ਠੀਕ ਹੈ, ਨਾ ਜਾਓ ਤੁਸੀਂ। ਮੈਂ ਰਵੀ ਨਾਲ ਚਲੀ ਜਾਵਾਂਗੀ,'' ਉਸ ਵੀ ਜਿਵੇਂ ਗੱਲ ਮੁਕਾਉਣ ਲਈ ਕਿਹਾ ਤੇ ਉੱਠ ਕੇ ਰਸੋਈ 'ਚ ਚਲੀ ਗਈ।

ਕਾਂਤੀ ਸ਼ਾਇਦ ਨਰਾਜ਼ ਹੋ ਗਈ ਸੀ। ਮੈਨੂੰ ਇਸ ਸਮੇਂ ਉਸ 'ਤੇ ਸਿਰਫ਼ ਤਰਸ ਆਇਆ। ਮੇਰਾ ਬਚਪਨ ਜਿਵੇਂ ਬੀਤਿਆ ਹੈ, ਉਹ ਸਭ ਜਾਣਦੀ ਹੈ। ਵਿਆਹ ਤੋਂ ਬਾਅਦ ਪਰਿਵਾਰ ਦਾ ਪਾਲਣ-ਪੋਸ਼ਣ ਕਰਨ ਲਈ ਸਖ਼ਤ ਮਿਹਨਤ ਕਰਨ ਕਰਕੇ ਉਸਦੇ ਵਾਲ ਚਿੱਟੇ ਹੋ ਗਏ ਹਨ। ਉਸ ਆਪਣੀ ਪੂਰੀ ਜ਼ਿੰਦਗੀ ਆਪਣੇ ਬੱਚਿਆਂ ਦੀਆਂ ਜ਼ਰੂਰਤਾਂ 'ਤੇ ਵਾਰ ਉਸ ਘਰ ਨੂੰ ਬਣਾਉਣ 'ਚ ਬਿਤਾਈ ਹੈ, ਜਿਸਨੂੰ ਬਾਬੂਜੀ ਨੇ ਲਗਭਗ ਤਬਾਹ ਕਰ ਦਿੱਤਾ ਸੀ। ਆਪਣੇ ਨਨਾਣਾਂ ਦਿਓਰਾਂ ਦੀ ਪੜ੍ਹਾਈ-ਲਿਖਾਈ ਤੋਂ ਲੈ ਕੇ ਉਨ੍ਹਾਂ ਦੇ ਵਿਆਹ-ਸ਼ਾਦੀਆਂ ਤੱਕ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦੀ ਉਹ ਅਕਸਰ ਬਾਬੂਜੀ ਨੂੰ ਕੋਸਦੀ ਰਹੀ ਹੈ। ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਬਾਬੂਜੀ ਦੀ ਮੌਤ ਮੇਰੇ ਵਾਂਗ ਕਾਂਤੀ ਨੂੰ ਵੀ ਪਰੇਸ਼ਾਨ ਨਹੀਂ ਕਰ ਸਕੀ ਹੈ। ਸਿਰਫ਼ ਲੋਕ ਲਾਜ ਲਈ ਇਸ ਮੌਕੇ 'ਤੇ ਆਗਰੇ ਜਾਣਾ ਉਹਨੂੰ ਜ਼ਰੂਰੀ ਲੱਗ ਰਿਹਾ ਹੈ।

ਮੈਂ ਉਠ ਰਸੋਈ ਵਿੱਚ ਆ ਗਿਆ।

''ਅੱਜ ਬੱਚੇ ਨਹੀਂ ਦਿਸ ਰਹੇ,'' ਮੈਂ ਪੁੱਛਿਆ।

''ਕਾਲਜ 'ਚ ਕੋਈ ਪ੍ਰੋਗਰਾਮ ਹੈ। ਨੀਰਾ ਪਿੰਟੂ ਨਾਲ ਗਈ ਹੈ,'' ਕਾਂਤੀ ਨੇ ਦੱਸਿਆ।

''ਤੇ ਰਵੀ?''

''ਉਹ ਏਥੇ ਕਿਤੇ ਘੁੰਮਣ ਗਿਆ ਹੋਵੇਗਾ,'' ਉਸ ਉਦਾਸੀ ਨਾਲ ਕਿਹਾ।

''ਸੁਣ, ਖਾਣਾ ਬਣਾਅ ਕੇ ਸਮਾਨ ਪੈਕ ਕਰ ਲੈ। ਰਾਤ ਦੀ ਗੱਡੀ ਚੱਲਾਂਗੇ,'' ਮੈਂ ਬਿਨਾ ਕੋਈ ਹੋਰ ਗੱਲ ਦੇ ਕਿਹਾ।

''ਠੀਕ ਹੈ,'' ਹਉਕਾ ਭਰ ਉਹ ਟੂਟੀ ਤੋਂ ਪਾਣੀ ਲੈਣ ਚਲੀ ਗਈ।

ਕਾਂਤੀ ਦੇ ਸਮਾਨ ਪੈਕ ਕਰਦਿਆਂ ਕਰਦਿਆਂ ਬਾਰਾਂ ਵੱਜ ਗਏ। ਨੀਰਾ ਤੇ ਪਿੰਟੂ ਕਾਲਜ ਤੋਂ ਦਸ ਵਜੇ ਵਾਪਸ ਆ ਗਏ ਸਨ। ਗੱਡੀ ਦੋ ਵਜੇ ਆਉਂਦੀ ਹੈ। ਇੱਕ ਵਜੇ ਘਰੋਂ ਨਿੱਕਲਣਾ ਪਵੇਗਾ। ਹੁਣ ਇੱਕ ਘੰਟੇ ਲਈ ਸੌਣਾ ਫ਼ਜ਼ੂਲ ਸੀ। ਮੈਂ ਪਾਸਾ ਲੈ ਕੇ ਐਵੇਂ ਈ ਲੰਮਾ ਪੈ ਗਿਆ। ਖਿੜਕੀ ਤੋਂ ਬਾਹਰ ਹਨੇਰੀ ਰਾਤ ਦੀ ਖ਼ਮੋਸ਼ੀ ਫੈਲੀ ਹੋਈ ਸੀ। ਬਿਜਲੀ ਦੇ ਖੰਭਿਆਂ 'ਤੇ ਲੱਗੇ ਬਲਬ ਸੰਘਣੀ ਧੁੰਦ 'ਚ ਧੁੰਦਲੇ ਤਾਰਿਆਂ ਵਾਂਗ ਟਿਮਟਿਮਾਅ ਰਹੇ ਸਨ। ਦੂਰ ਇੱਕ ਬਲਬ ਬੁਝ ਬੁਝ ਕੇ ਜਗ ਪੈਂਦਾ। ਰੌਸ਼ਨੀ ਦਾ ਅੱਖ ਮਟੱਕਾ ਤੱਕਦਾ ਤੱਕਦਾ ਮੈਂ ਧੁੰਦ ਤੋਂ ਪਾਰ ਵੇਖਣ ਲੱਗਾ।

ਕੱਚੀਆਂ ਕੰਧਾਂ ਨਾਲ ਬਣਿਆ ਇੱਕ ਘਰ ਵਿਖਾਈ ਦਿੰਦਾ ਹੈ। ਘਰ ਦੇ ਪੂਰਬ ਵੱਲ ਇੱਕ ਕੋਠੜੀ ਹੈ ਤੇ ਪੱਛਮ ਵੱਲ ਇੱਕ ਬੈਠਕ। ਵਿਚਕਾਰ ਇੱਕ ਵੱਡਾ ਵਿਹੜਾ ਹੈ। ਦੋਹਾਂ ਕਮਰਿਆਂ ਦੇ ਵਿਚਕਾਰ ਇੱਕ ਛੋਟੀ ਜਿਹੀ ਥਾਂ ਛੱਪਰ ਪਾਇਆ ਹੋਇਆ ਹੈ। ਬਾਕੀ ਖਾਲੀ ਥਾਂ ਘਰ ਦੇ ਵਾਧੂ ਘਾਟੂ ਨਾਲ ਭਰੀ ਪਈ ਹੈ। ਛੱਪਰ ਹੇਠਾਂ ਚੁੱਲ੍ਹੇ 'ਤੇ ਰੱਖੀ ਪਤੀਲੀ ਵਿੱਚ ਦਲੀਆ ਬਣ ਰਿਹਾ ਹੈ। ਮਿੱਠੀ ਖੁਸ਼ਬੋਅ ਨੱਕ ਤੱਕ ਪਹੁੰਚਦੀ ਹੈ ਤੇ ਸਿੱਧੀ ਪੇਟ 'ਚ ਜਾਂਦੀ ਹੈ। ਆਂਦਰਾਂ ਮਰੋੜ ਪੇਟ 'ਚ ਕੁੰਡਲੀ ਮਾਰੀ ਬੈਠੀ ਭੁੱਖ ਨੂੰ ਭੁੱਲ, ਬਾਰਾਂ ਅੱਖਾਂ ਪਤੀਲੀ 'ਤੇ ਟਿਕੀਆਂ ਹੋਈਆਂ ਹਨ। ਦਲੀਆ ਸਿਰਫ਼ ਵਿਸ਼ੂ ਲਈ ਬਣ ਰਿਹਾ ਹੈ। ਉਸਨੂੰ ਤਿੰਨ ਚਾਰ ਦਿਨਾਂ ਤੋਂ ਬੁਖ਼ਾਰ ਹੈ। ਵੈਦ ਜੀ ਨੇ ਉਸਨੂੰ ਰੋਟੀ ਦੇਣ ਤੋਂ ਮਨ੍ਹਾ ਕੀਤਾ ਹੈ। ਦਲੀਆ ਬਣਨ ਤੋਂ ਬਾਅਦ ਹੀ ਰੋਟੀਆਂ ਲਾਹੀਆਂ ਜਾ ਸਕਦੀਆਂ ਹਨ। ਓਧਰ ਕੰਧ ਨਾਲ ਲੱਗਾ ਵਿਸ਼ੂ ਬੈਠਾ ਬੈਠਾ ਨੀਂਦ ਦੀਆਂ ਝਪਕੀਆਂ ਲੈ ਰਿਹਾ ਹੈ।

''ਵਿਸ਼ੂ, ਸੌਂਈਂ ਨਾ ਬੇਟਾ। ਦਲੀਆ ਖਾ ਕੇ ਸੌਂ ਜਾਈਂ।'' ਜੀਆ (ਮਾਂ) ਵਿਸ਼ੂ ਨੂੰ ਆਪਣੀ ਗੋਦੀ 'ਚ ਬਹਾਅ ਲੈਂਦੀ ਹੈ।

ਬਾਬੂਜੀ ਰਾਤੀਂ ਦੇਰ ਨਾਲ ਆਉਂਦੇ ਹਨ ਤੇ ਜੀਆ ਉਨ੍ਹਾਂ ਦੇ ਪਿੱਛੇ ਪਿੱਛੇ ਬੈਠਕ ਵਿੱਚ ਚਲੀ ਜਾਂਦੀ ਹੈ। ''ਬੱਚੇ ਸਵੇਰ ਦੇ ਭੁੱਖੇ ਬੈਠੇ ਹਨ,'' ਉਹ ਕਹਿੰਦੀ ਹੈ। ਬਾਬੂਜੀ ਕੁੜਤੇ ਦੀ ਜੇਬ 'ਚੋਂ ਇੱਕ ਰੁਪਏ ਦਾ ਸਿੱਕਾ ਕੱਢ ਕੇ ਸੁੱਟਦੇ ਹਨ।

''ਇਸ ਨਾਲ ਕੀ ਹੋਵੇਗਾ? ਆਟਾ ਵੀ ਮੰਗਵਾਉਣਾ ਹੈ,'' ਜੀਆ ਰੁਪਿਆ ਚੁੱਕਦਿਆਂ ਹੋਇਆਂ ਕਹਿੰਦੀ ਹੈ। ਬਾਬੂਜੀ ਚਿੜ ਜਾਂਦੇ ਹਨ, ''ਤੂੰ ਜੋ ਮਰਜ਼ੀ ਕਰ ਬਈ, ਮੇਰੇ ਕੋਲ ਹੋਰ ਫੁੱਟੀ ਕੌਡੀ ਵੀ ਨਹੀਂ।''

ਉਹ ਮੁੱਠੀ 'ਚ ਰੁਪਿਆ ਫੜੀ ਬਾਹਰ ਆਉਂਦੀ ਹੈ। ਚਿਰੰਜੀ ਦੀ ਦੁਕਾਨ ਤੋਂ ਕੁਝ ਸਮਾਨ ਲਿਆਉਣ ਦੀ ਹਦਾਇਤ ਦਿੰਦੀ ਮੈਨੂੰ ਝੋਲਾ ਫੜਾਉਂਦੀ ਹੈ। ਮੈਂ ਘਰੋਂ ਨਿਕਲਣ ਹੀ ਵਾਲਾ ਸਾਂ ਕਿ ਬਾਬੂਜੀ ਹਾਕ ਮਾਰਦੇ ਹਨ, ''ਹਰੀ, ਬਜ਼ਾਰ ਜਾ ਰਿਹਾ ਹੈਂ? ਜ਼ਰਾ ਬੀੜੀ ਦਾ ਬੰਡਲ ਲਈ ਆਵੀਂ।'' ਉਹ ਕੁੜਤੇ ਦੀ ਜੇਬ 'ਚੋਂ ਦੋ ਰੁਪਏ ਦਾ ਨੋਟ ਕੱਢਦੇ ਹਨ। ਨਾਲ ਹੀ ਮੇਰੇ ਹੱਥ 'ਚ ਇੱਕ ਝੋਲਾ ਫੜਾਉਂਦੇ ਹਨ। ''ਇੱਕ ਟੈਲੀਫ਼ੋਨ ਬੀੜੀ ਦਾ ਬੰਡਲ ਤੇ ਗੁਲਾਬ ਦੀ ਇੱਕ ਬੋਤਲ ਲੈ ਆਵੀਂ। ਉਹਨੂੰ ਕਹੀਂ ਵਕੀਲ ਸਾਹਿਬ ਨੇ ਮੰਗਵਾਈ ਹੈ।'' ਮੈਂ ਝੋਲਾ ਹਿਲਾਉਂਦਾ ਚੱਲ ਪੈਂਦਾ ਹਾਂ। ਪਿੱਛਿਓਂ ਉਹ ਕਹਿੰਦੇ ਹਨ - ''ਤੇ ਸੁਣ, ਤਾਇਆ ਜੀ ਨੂੰ ਆਖੀਂ ਬਾਬੂਜੀ ਬੁਲਾਅ ਰਹੇ ਹਨ।''

ਤਾਇਆ ਜੀ ਦੇ ਘਰ ਦੀਆਂ ਕੰਧਾਂ ਸਾਡੇ ਘਰ ਦੇ ਨਾਲ ਹੀ ਲੱਗਦੀਆਂ ਹਨ, ਪਰ ਦਰਵਾਜ਼ਾ ਦੂਜੀ ਗਲੀ' ਚ ਖੁੱਲ੍ਹਦਾ ਹੈ। ਇਸ ਲਈ ਚੱਕਰ ਲਾ ਕੇ ਜਾਣਾ ਪੈਂਦਾ ਹੈ। ਪਹਿਲਾਂ ਅਸੀਂ ਤਾਈ ਨੂੰ ਮਿਲਣ ਆਪਣੀ ਬੈਠਕ ਦੀ ਛੱਤ ਤੋਂ ਹੇਠਾਂ ਉੱਤਰ ਕੇ ਜਾ ਆਉਂਦੇ ਸਾਂ। ਪਰ ਜਦੋਂ ਦਾ ਤਾਈ ਨਾਲ ਸਾਡਾ ਝਗੜਾ ਹੋਇਆ ਹੈ, ਨਾ ਸਿਰਫ਼ ਉਹ ਰਸਤਾ ਬੰਦ ਹੋ ਗਿਆ, ਸਗੋਂ ਸਾਡੀ ਬੋਲਚਾਲ ਵੀ ਬੰਦ ਹੋ ਗਈ। ਉਸ ਘਰ 'ਚ ਸਿਰਫ਼ ਤਾਇਆ ਜੀ ਹੀ ਸਨ, ਜਿਨ੍ਹਾਂ ਦਾ ਸਾਡੇ ਕੋਲ ਆਉਣ-ਜਾਣ ਅਜੇ ਤੱਕ ਜਾਰੀ ਸੀ।

ਤਾਈ ਬਹੁਤ ਹੀ ਮੂੰਹਫਟ ਤੇ ਸੁਭਾਅ ਦੀ ਤੇਜ਼ ਸੀ। ਦੂਜਿਆਂ ਨੂੰ ਰਗੜਣ 'ਚ ਉਨ੍ਹਾਂ ਨੂੰ ਬੜਾ ਸੁਆਦ ਆਉਂਦਾ ਸੀ। ਜੀਆ ਦੇ ਹਰ ਕੰਮ 'ਚ ਨੁਕਸ ਕੱਢਣਾ ਉਨ੍ਹਾਂ ਦੀ ਆਦਤ ਬਣ ਗਈ ਸੀ, ਜਦ ਕਿ ਜੀਆ ਦਾ ਸੁਭਾਅ ਵੱਖਰਾ ਸੀ। ਉਹ ਅਕਸਰ ਚੁੱਪ ਰਹਿੰਦੀ ਸੀ, ਜਿਸ ਕਰਕੇ ਉਸ ਦੀ ਤਾਈ ਨਾਲ ਚੰਗੀ ਬਣਦੀ ਸੀ। ਪਰ ਇੱਕ ਦਿਨ ਤਾਈ ਦੀ ਜੀਆ ਨਾਲ ਖੜਕ ਗਈ। ਹੋਇਆ ਇਹ ਕਿ ਮੈਂ ਉਸ ਸਾਲ ਨੌਵੀਂ ਜਮਾਤ 'ਚੋਂ ਫ਼ੇਲ੍ਹ ਹੋ ਗਿਆ ਸੀ। ਜਦੋਂ ਤਾਈ ਨੂੰ ਪਤਾ ਲੱਗਾ ਉਹ ਭੱਜੀ ਭੱਜੀ ਆਈ।

''ਦੀਦੀ, ਹਰੀ ਫ਼ੇਲ੍ਹ ਹੋ ਗਿਆ,'' ਜੀਆ ਨੇ ਬਹੁਤ ਹੀ ਦਬੀ ਹੋਈ

ਅਵਾਜ਼ 'ਚ ਤਾਈ ਨੂੰ ਕਿਹਾ।
"ਹੋਰ ਕੀ ਹੋਵੇਗਾ? ਚੂਹੇ ਦੇ ਜੰਮੇ ਤਾਂ ਟੋਏ ਹੀ ਪੁੱਟਣਗੇ," ਤਾਈ ਨੇ ਪੈਂਦੀ ਸੱਟੇ ਹੀ ਕਿਹਾ। ਜੀਆ ਅਵਾਕ ਉਨ੍ਹਾਂ ਦਾ ਮੂੰਹ ਵੇਖਣ ਲੱਗੀ। ਉਸਨੂੰ ਇਸ ਮੌਕੇ 'ਤੇ ਤਾਈ ਤੋਂ ਅਜਿਹੇ ਵਤੀਰੇ ਦੀ ਸ਼ਾਇਦ ਉਮੀਦ ਨਹੀਂ ਸੀ। ਫੇਰ ਵੀ ਗੱਲ ਸੰਭਾਲਣ ਲਈ ਉਸ ਕਿਹਾ, "ਪੜ੍ਹਾਈ ਤਾਂ ਇਹਨੇ ਚੰਗੀ ਕੀਤੀ ਸੀ।"
"ਸ਼ਰਾਬੀ ਦੀ ਔਲਾਦ ਕੀ ਸੁਆਹ ਪੜ੍ਹੇਗੀ? ਪਿਓ ਨੂੰ ਪੀਣ ਤੋਂ ਵਿਹਲ ਨਾ ਮਿਲੇ ਤਾਂ ਬੇਟੇ ਇਸ ਤਰ੍ਹਾਂ ਹੀ ਨਿਹਾਲ ਕਰਨਗੇ।" ਤਾਈ ਪੱਕੀ ਗੱਲ ਹੈ ਜੀਆ ਵਾਸਤੇ ਹਮਦਰਦੀ 'ਚੋਂ ਬੋਲ ਰਹੀ ਸੀ, ਪਰ ਉਸ ਦੇ ਇਨ੍ਹਾਂ ਸ਼ਬਦਾਂ ਦਾ ਜੀਆ 'ਤੇ ਉਲਟਾ ਅਸਰ ਪਿਆ।
"ਪਿਓ ਸ਼ਰਾਬੀ ਹੋਵੇ ਜਾਂ ਜੁਆਰੀ, ਕਿਸੇ ਅੱਗੇ ਹੱਥ ਤਾਂ ਨਹੀਂ ਅੱਡਦਾ। ਮੈਂ ਵੇਖਾਂਗੀ ਅੱਗੇ ਜਾ ਕੇ ਕਿਸ ਦੇ ਬੱਚੇ ਵਕੀਲ ਬਣਨਗੇ।" ਜੀਆ ਦਾ ਸ਼ਾਂਤ ਗੁੱਸਾ ਭੜਕ ਉੱਠਿਆ। ਤਾਈ ਨੂੰ ਵਿਹੜੇ 'ਚ ਖੜ੍ਹਾ ਛੱਡ ਉਹ ਉੱਪਰ ਚਲੀ ਗਈ। ਇਸ ਗੱਲ ਤੋਂ ਬਾਅਦ ਨਾ ਤਾਈ ਸਾਡੇ ਘਰ ਆਈ ਤੇ ਨਾ ਜੀਆ ਉਨ੍ਹਾਂ ਦੇ ਵੜੀ।
ਮੈਂ ਬਜ਼ਾਰੋਂ ਮੁੜਦਾ ਹਾਂ ਤੇ ਘਰੇਲੂ ਸੌਦੇ ਵਾਲਾ ਝੋਲਾ ਚੁੱਕੀ ਬੈਠਕ 'ਚ ਚਲਾ ਜਾਂਦਾ ਹਾਂ। ਜੀਆ ਚੰਗੀ ਤਰ੍ਹਾਂ ਜਾਣਦੀ ਹੈ, ਇਸ ਲਈ ਉਹ ਕੁਝ ਨਹੀਂ ਪੁੱਛਦੀ।
ਬੈਠਕ 'ਚ ਬਾਬੂਜੀ ਤੇ ਤਾਇਆ ਜੀ ਤੋਂ ਇਲਾਵਾ ਇੱਕ ਹੋਰ ਆਦਮੀ ਵੀ ਬੈਠਾ ਹੈ। ਸ਼ਾਮ ਨੂੰ ਅਕਸਰ ਬਾਬੂਜੀ ਦਾ ਕੋਈ ਨਾ ਕੋਈ ਦੋਸਤ ਆ ਹੀ ਜਾਂਦਾ ਹੈ। ਬਾਬੂਜੀ ਤਾਇਆ ਜੀ ਨੂੰ ਤਾਂ ਕਈ ਵਾਰ ਭੁੱਲੇ ਵਿਸਰੇ ਯਾਦ ਕਰ ਲੈਂਦੇ ਹਨ। ਬਾਬੂ ਜੀ ਨੂੰ ਝੋਲਾ ਫੜਾਅ ਮੈਂ ਜਾਣ ਹੀ ਲੱਗਦਾ ਹਾਂ ਕਿ ਉਹ ਕਹਿੰਦੇ ਹਨ, "ਹਰੀਸ਼, ਏਧਰ ਆ। ਤੂੰ ਚਾਚਾ ਜੀ ਨੂੰ ਨਮਸਤੇ ਨਹੀਂ ਕੀਤੀ।" ਮੈਂ ਚੁੱਪਚਾਪ ਉੱਥੇ ਖੜ੍ਹਾ ਪੈਰਾਂ ਦੇ ਨਹੁੰਆਂ ਨਾਲ ਜ਼ਮੀਨ ਖੁਰਚਦਾ ਹਾਂ।
"ਨਮਸਤੇ ਕਰ," ਉਹ ਮੈਨੂੰ ਕੰਨੋਂ ਫੜ ਆਪਣੇ ਵੱਲ ਖਿੱਚਦੇ ਹਨ। ਮੈਂ ਫਿਰ ਵੀ ਨਹੀਂ ਬੋਲਦਾ।
"ਸੁਣਿਆ ਨਹੀਂ ਤੂੰ, ਮੈਂ ਕੀ ਕਹਿ ਰਿਹਾ ਹਾਂ!"
ਮੈਂ ਨਜ਼ਰ ਚੁੱਕ ਕੇ ਉੱਤੇ ਨਹੀਂ ਵੇਖਦਾ। ਚਾਹੁੰਦਾ ਵੀ ਨਹੀਂ। ਸਾਲੇ ਰੋਜ਼ ਮੁਫ਼ਤ ਦੀ ਪੀਣ ਆ ਜਾਂਦੇ ਹਨ, ਜਿਵੇਂ ਇਨ੍ਹਾਂ ਦੇ ਪਿਓ ਦਾ ਮਾਲ ਹੈ। ਤੇ ਉੱਤੋਂ ਮੈਂ ਉਨ੍ਹਾਂ ਨੂੰ ਚਾਚਾ ਜੀ ਕਹਿ ਕੇ ਨਮਸਤੇ ਵੀ ਕਰਾਂ!
ਅਚਾਨਕ ਬਾਬੂਜੀ ਨੇ ਮੇਰੀ ਗੱਲ੍ਹ 'ਤੇ ਥੱਪੜ ਲਾਇਆ – "ਤੈਨੂੰ ਸੁਣਦਾ ਨਹੀਂ, ਮੈਂ ਏਨੇ ਚਿਰ ਤੋਂ ਕੀ ਭੌਂਕ ਰਿਹਾ ਹਾਂ!"
"ਨਹੀਂ ਕਰਦਾ! ਨਹੀਂ ਕਰਦਾ!! ਨਹੀਂ ਕਰਦਾ!!!" ਮੈਂ ਗੁੱਸੇ 'ਚ ਚੀਕਿਆ।
"ਕੀ!" ਉਨ੍ਹਾਂ ਦੇ ਮੂੰਹੋਂ ਸਿਰਫ਼ ਏਨਾ ਹੀ ਨਿੱਕਲਿਆ। ਉਹ ਹੈਰਾਨ ਜਿਹੇ ਹੋ ਜਾਂਦੇ ਹਨ। ਉਨ੍ਹਾਂ ਨੂੰ ਹੀ ਕਿਉਂ, ਸਗੋਂ ਮੈਨੂੰ ਵੀ ਵਿਸ਼ਵਾਸ ਨਹੀਂ ਸੀ ਕਿ ਮੈਂ ਅਜਿਹਾ ਕਰਨ ਦੀ ਹਿੰਮਤ ਕਰਾਂਗਾ। ਉਦੋਂ ਹੀ ਉਹ ਆਦਮੀ ਮੈਨੂੰ ਆਪਣੇ ਵੱਲ ਖਿੱਚ ਬਾਬੂਜੀ ਨੂੰ ਕਹਿੰਦਾ ਹੈ – "ਕਿਉਂ ਗੁੱਸੇ ਹੋ ਰਿਹੈਂ ਯਾਰ, ਨਹੀਂ ਕਰਦਾ ਨਮਸਤੇ, ਨਾ ਸਹੀ। ਬੱਚਾ ਹੀ ਤਾਂ ਹੈ।" ਪਿਤਾ ਜੀ ਮੰਜੇ 'ਤੇ ਬੈਠ ਕੇ ਬੀੜੀ ਲਾਉਣ ਲੱਗਦੇ ਹਨ। ਮੇਰੇ ਸਿਰ 'ਤੇ ਹੱਥ ਫੇਰ ਉਹ ਕਹਿੰਦਾ ਹੈ – "ਤੂੰ ਬੜਾ ਸਿਆਣਾ ਬੱਚਾ ਲੱਗਦਾ ਹੈਂ। ਭਲਾ ਪਿਤਾਜੀ ਨੂੰ ਏਸ ਤਰ੍ਹਾਂ ਜਵਾਬ ਦਈਦਾ ਹੈ? ਚੰਗੇ ਬੱਚੇ ਆਪਣੇ ਵੱਡਿਆਂ ਦੀ ਗੱਲ ਮੰਨਦੇ ਹਨ। ਅੱਛਾ, ਬਾਹਰ ਜਾ ਕੇ ਖੇਡ, ਅੱਗੇ ਤੋਂ ਅਜਿਹਾ ਨਾ ਕਰੀਂ, ਠੀਕ ਹੈ!"
ਹੂੰਅ! ਅੱਗੇ ਤੋਂ ਅਜਿਹਾ ਨਾ ਕਰੀਂ। ਮੈਨੂੰ ਦੱਸੇਂਗਾ ਕਿ ਅੱਗੇ ਤੋਂ ਅਜਿਹਾ ਨਾ ਕਰੀਂ। ਬਾਹਰ ਆਉਂਦੇ ਸਾਰ ਮੈਂ ਤਾਏ ਨੂੰ ਇਹ ਕਹਿੰਦਿਆਂ ਸੁਣਿਆ, "ਮਾਧੋ, ਮੈਂ ਤੈਨੂੰ ਕਿੰਨੀ ਵਾਰ ਕਿਹਾ ਹੈ ਬੱਚਿਆਂ ਤੋਂ ਇਹ ਚੀਜ਼ਾਂ ਨਾ ਮੰਗਵਾਇਆ ਕਰ? ਇਹ ਸਹੀ ਨਹੀਂ।"
ਮੈਂ ਚੌਂਕੇ ਵਿੱਚ ਆ ਕੇ ਬੈਠ ਜਾਂਦਾ ਹਾਂ। ਮਾਂ ਆਟਾ ਗੁੰਨ੍ਹ ਰਹੀ ਹੈ। ਚੁੱਲ੍ਹੇ 'ਤੇ ਪਈ ਕੜਾਹੀ 'ਚੋਂ ਤੇਲ ਦਾ ਧੂੰਆਂ ਨਿੱਕਲ ਰਿਹਾ ਹੈ। ਸੋ ਜਾਨਕੀ ਤੇ ਰਮੇਸ਼ ਛੇਤੀ ਛੇਤੀ ਆਲੂ ਛਿੱਲਣ ਲੱਗ ਪੈਂਦੇ ਹਨ।
"ਜੀਆ, ਮੈਂ ਆ ਜਾਵਾਂ?" ਛੱਤ 'ਤੇ ਰਾਜੂ ਕੋਲ ਬੈਠੀ ਨਿਰਮਲਾ ਪੁੱਛਦੀ ਹੈ।
"ਰਤਾ ਠਹਿਰ, ਬੇਟਾ। ਖਾਣਾ ਤਿਆਰ ਹੁੰਦੇ ਸਾਰ ਤੈਨੂੰ ਸੱਦ ਲਵਾਂਗੀ।" ਆਲੂ ਧੋਂਦਿਆਂ ਜੀਆ ਨੇ ਆਖਿਆ, "ਆਪਣੇ ਭਰਾ ਨੂੰ ਕੰਬਲ ਨਾਲ ਢਕ ਕੇ ਰੱਖ।"
"ਜੀਆ, ਮੈਨੂੰ 'ਕੱਲੀ ਨੂੰ ਡਰ ਆਉਂਦਾ ਹੈ," ਨਿਰਮਲਾ ਡਰੀ ਹੋਈ ਅਵਾਜ਼ ਵਿੱਚ ਕਹਿੰਦੀ ਹੈ।
"ਡਰ ਕਾਹਦਾ? ਮੈਂ ਏਥੇ ਬੈਠੀ ਤਾਂ ਹਾਂ।" ਉਸਨੂੰ ਸਮਝਾਉਂਦਿਆਂ ਉਹ ਬੋਲੀ। "ਜਾ ਹਰੀਸ਼, ਜਾ ਕੇ ਕੁਝ ਚਿਰ ਆਪਣੇ ਭਰਾ ਕੋਲ ਬੈਠ। ਨਿੰਮਾ ਹਨੇਰੇ 'ਚ 'ਕੱਲੀ ਬੈਠੀ ਡਰਦੀ ਹੈ।" ਚੁੱਲ੍ਹੇ ਕੋਲੋਂ ਉੱਠ ਕੇ ਜਾਣ ਨੂੰ ਮੇਰਾ ਦਿਲ ਨਹੀਂ ਕਰਦਾ। ਮੈਨੂੰ ਨਿੰਮਾ 'ਤੇ ਗੁੱਸਾ ਆਉਂਦਾ ਹੈ। ਮਨ ਮਾਰ ਕੇ ਰਾਜੂ ਕੋਲ ਜਾ ਲੰਮਾ ਪੈਂਦਾ ਹਾਂ।

"ਸੁਣੋ, ਇੱਕ ਵੱਜਣ ਵਾਲਾ ਹੈ", ਕਾਂਤੀ ਨੇ ਰਜ਼ਾਈ ਦੀ ਨੁੱਕਰ ਖਿੱਚਦਿਆਂ ਕਿਹਾ ਤਾਂ ਘਰ ਤੇ ਵਿਹੜਾ, ਜੋ ਮੇਰੀ ਯਾਦ 'ਚ ਜਿਉਂਦਾ ਹੋ ਗਿਆ ਸੀ, ਪਲ ਵਿੱਚ ਹੀ ਰੇਤ ਦੀ ਕੰਧ ਵਾਂਗ ਢਹਿ ਗਿਆ।
ਸਾਨੂੰ ਘਰੋਂ ਨਿਕਲਣ 'ਚ ਸਿਰਫ਼ ਦਸ ਮਿੰਟ ਲੱਗੇ ਹੋਣਗੇ, ਤੇ ਖੁਸ਼ਕਿਸਮਤੀ ਨਾਲ, ਜਿਉਂ ਹੀ ਅਸੀਂ ਗਲੀ ਪਾਰ ਕੀਤੀ, ਸਾਨੂੰ ਇੱਕ ਰਿਕਸ਼ਾ ਮਿਲ ਗਿਆ। ਮੈਂ ਤੇ ਕਾਂਤੀ ਨੇ ਸੂਟਕੇਸ ਤੇ ਬਿਸਤਰਾ ਚੁੱਕਿਆ ਤੇ ਰਿਕਸ਼ੇ 'ਚ 'ਕੱਠੇ ਜਿਹੇ ਹੋ ਕੇ ਬਹਿ ਗਏ। ਠੰਡੀ ਹਵਾ ਤੋਂ ਬਚਣ ਲਈ ਮੈਂ ਆਪਣੇ ਓਵਰਕੋਟ ਦਾ ਕਾਲਰ ਚੁੱਕ ਲਿਆ।

ਪਲੇਟਫ਼ਾਰਮ 'ਤੇ ਭੀੜ ਨਹੀਂ ਸੀ; ਲੋਕ ਵੇਟਿੰਗ ਰੂਮ 'ਚ ਕੰਬਲ ਵਲ੍ਹੇਟੀ ਪਏ ਸਨ ਜਾਂ ਏਧਰ-ਓਧਰ ਚਾਹ ਦੇ ਸਟਾਲਾਂ ਦੁਆਲੇ ਇਕੱਠੇ ਹੋਏ ਖਲੋਤੇ ਸਨ। ਗੱਡੀ ਕੋਈ ਅੱਧੇ ਘੰਟੇ ਨੂੰ ਆਉਣੀ ਸੀ। ਵੇਟਿੰਗ ਰੂਮ 'ਚ ਜਾਣ ਦਾ ਕੋਈ ਮਤਲਬ ਨਹੀਂ ਸੀ, ਇਸ ਲਈ ਇੱਕ ਖਾਲੀ ਬੈਂਚ 'ਤੇ ਸੂਟਕੇਸ ਸਿਰਹਾਣੇ ਰੱਖ ਮੈਂ ਲੰਮਾ ਪੈ ਗਿਆ।
ਕੈਬਿਨ ਤੋਂ ਪਰ੍ਹੇ, ਰੰਗ-ਬਿਰੰਗੀਆਂ ਲਾਈਟਾਂ ਚਮਕ ਰਹੀਆਂ ਸਨ। ਲਾਲ-ਹਰੀਆਂ-ਪੀਲੀਆਂ ਬੱਤੀਆਂ ਦੀਆਂ ਸੁਨਹਿਰੀ ਕਿਰਨਾਂ ਦਾ ਜਾਲ ਫੈਲਿਆ ਹੋਇਆ ਸੀ। ਏਧਰ ਪਟੜੀਆਂ ਦੇ ਵਿਛੇ ਜਾਲ 'ਚ ਫਸਿਆ ਇੱਕ ਇੰਜਨ ਸ਼ੰਟਿੰਗ ਕਰ ਰਿਹਾ ਸੀ।
ਸ਼ੂੰ-ਸ਼ੂੰ ਦੀ ਨੱਪੀ ਘੁੱਟੀ ਜਿਹੀ ਅਵਾਜ਼

**ਪ੍ਰੇਤ** 'ਚ ਛਟਪਟਅ ਰਹੇ ਇੰਜਨ ਨਾਲ ਤਾਲ ਮਿਲਾਉਂਦਾ ਮੈਂ ਕਿਤਿਓਂ ਦਾ ਕਿਤੇ ਪਹੁੰਚਣ ਲੱਗਾ। ਮੈਂ ਵੇਖਿਆ ਕਿ ਬਾਬੂਜੀ ਸਾਹਮਣਿਓਂ ਆ ਰਹੇ ਹਨ। ਜਦੋਂ ਉਹ ਆਪਣੇ ਲੜਖੜਾਉਂਦੇ ਕਦਮਾਂ ਨੂੰ ਟਿਕਵੇਂ ਕਰਨ ਦੀ ਕੋਸ਼ਿਸ਼ ਵਿਚੋਂ ਹਨ ਤਾਂ ਉਨ੍ਹਾਂ ਦੀ ਚਾਲ ਬਿਲਕੁਲ ਬੇਢੰਗੀ ਹੋ ਜਾਂਦੀ ਹੈ। ਸਰੀਰ ਦਾ ਬੈਲੰਸ ਵਿਗੜ ਜਾਣ ਨਾਲ ਉਹ ਰਾਹ ਵਿਚ ਹੀ ਬੈਠ ਗਏ ਹਨ। ਉਨ੍ਹਾਂ ਦਾ ਸਾਹ ਫੁੱਲ ਗਿਆ ਤੇ ਉਹ ਖੜ੍ਹੇ ਹੋਣ ਦੀ ਕੋਸ਼ਿਸ਼ 'ਚ ਏਧਰ-ਓਧਰ ਡਿੱਗੀ ਜਾ ਰਹੇ ਹਨ। ਉਸੇ ਵੇਲੇ ਤਾਇਆ ਜੀ ਆਪਣੇ ਘਰੋਂ ਬਾਹਰ ਆਏ ਤਾਂ ਮੈਂ ਸੁੱਖ ਦਾ ਸਾਹ ਲਿਆ।

"ਮਾਧੋ, ਕੁਝ ਤਾਂ ਸ਼ਰਮ ਕਰ, ਸਾਰਾ ਮਹੱਲਾ ਹੱਸ ਰਿਹਾ ਹੈ," ਤਾਇਆ ਜੀ ਨੇ ਬਾਬੂਜੀ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ।

"ਸ਼ਰਮ ਕਾਹਦੀ? ਕਿਉਂ ਕਰਾਂ ਸ਼ਰਮ? ਕਿਸੇ ਦੀ ਚੋਰੀ ਕੀਤੀ ਹੈ ਮੈਂ? ਵੱਡੇ ਵੱਡੇ ਰਾਜੇ ਮਹਾਰਾਜੇ ਪੀਂਦੇ ਹਨ ਸਾਲੇ।"

"ਬਕਵਾਸ ਬੰਦ ਕਰ। ਪਚਦੀ ਹੈ ਨਹੀਂ, ਪਰ ਪੀਏਗਾ ਜ਼ਰੂਰ।"

"ਕਿਹੜਾ ਉੱਲੂ ਦਾ ਪੱਠਾ ਕਹਿੰਦਾ ਹੈ - ਪਚਦੀ ਨਹੀਂ। ਪੀਂਦਿਆਂ ਚੜ੍ਹ ਜਾਂਦੀ ਹੈ ਸਾਲੀ। ਤੂੰ ਸਾਲਾ..."

"ਹਰੀਸ਼," ਤਾਇਆ ਜੀ ਨੇ ਮੈਨੂੰ ਹਾਕ ਮਾਰੀ। "ਇਹ ਏਥੇ ਇਓਂ ਹੀ ਜਲੂਸ ਕਢਵਾਏਗਾ।"

"ਮੈਂ ਇਸ ਤਰ੍ਹਾਂ ਨਹੀਂ ਉੱਠਣਾ।" ਉਹ ਬੱਚਿਆਂ ਵਾਂਗ ਜ਼ਿਦ ਕਰਨ ਲੱਗੇ।

ਤਾਇਆ ਜੀ ਬਾਬੂਜੀ ਨੂੰ ਉਠਾਉਣ ਦੀ ਕੋਸ਼ਿਸ਼ ਕਰਦੇ ਹਨ। ਅਚਾਨਕ ਖੜ੍ਹੇ ਹੋ ਕੇ ਬਾਬੂ ਜੀ ਨੇ ਤਾਇਆ ਜੀ ਨੂੰ ਇੱਕ ਪਾਸੇ ਧੱਕਾ ਮਾਰਿਆ ਹੈ ਤੇ ਲੜਖੜਾਉਂਦੇ ਕਦਮੀਂ ਘਰ ਨੂੰ ਤੁਰ ਪਏ ਹਨ।

ਮੈਂ ਪੁੱਠੇ ਪੈਰੀਂ ਵਾਪਸ ਮੁੜਦਾ ਹਾਂ। ਸਮਝ ਨਹੀਂ ਆਉਂਦੀ ਕਿ ਬਾਬੂ ਜੀ ਅਜਿਹਾ ਕਿਉਂ ਕਰਦੇ ਹਨ। ਅਕਸਰ ਸ਼ਰੇਆਮ ਉਨ੍ਹਾਂ ਦਾ ਇਉਂ ਸ਼ਰਾਬੀ ਹਾਲਤ ਵਿੱਚ ਘਰ ਵਾਪਸ ਆਉਣਾ ਗਲੀ-ਮਹੱਲੇ ਲਈ ਇੱਕ ਤਮਾਸ਼ਾ ਬਣ ਜਾਂਦਾ ਹੈ। ਲੋਕ ਵੇਖਦੇ ਹਨ ਤੇ ਉਨ੍ਹਾਂ ਦੀ ਪਿੱਠ ਪਿੱਛੇ ਗੱਲਾਂ ਕਰਦੇ ਹਨ। ਸਾਹਮਣੇ ਕਿਸੇ ਦੀ ਕੁਝ ਕਹਿਣ ਦੀ ਹਿੰਮਤ ਨਹੀਂ ਹੁੰਦੀ।

ਮੈਂ ਬਾਬੂਜੀ ਤੋਂ ਪਹਿਲਾਂ ਘਰ ਪਹੁੰਚ ਜਾਂਦਾ ਹਾਂ। ਉਹ ਕੁਝ ਚਿਰ ਬਾਅਦ ਆਉਂਦੇ ਹਨ। ਆਪਣੇ ਹੱਥ 'ਚ ਫੜਿਆ ਝੋਲਾ ਜੀਆ ਵੱਲ ਸੁੱਟਦਿਆਂ ਬੈਠਕ ਵੱਲ ਜਾਂਦੇ ਹਨ। ਜੀਆ ਨੇ ਬਾਹਰੋਂ ਹੱਥ ਮਾਰ ਝੋਲਾ ਹੁੱਕ 'ਤੇ ਟੰਗ ਦਿੱਤਾ ਹੈ। ਉਹ ਠੰਢੀ ਸੁਆਹ ਖੁਰਚਦੀ ਹੈ ਤੇ ਚੁੱਲ੍ਹੇ 'ਚ ਪਾਥੀਆਂ ਪਾਉਂਦੀ ਹੈ। ਉਹ ਹੌਲੀ ਹੌਲੀ ਪਤਾ ਨਹੀਂ ਕੀ ਬੁੜ ਬੁੜ ਕਰ ਰਹੀ ਹੈ। ਮੈਂ ਉਸ ਦੇ ਕੋਲ ਜਾ ਕੇ ਬੈਠ ਜਾਂਦਾ ਹਾਂ। ਇੱਕ ਕਟੋਰੇ 'ਚ ਸਾਬਤ ਮਸਾਲੇ ਪਾ ਕੇ ਉਹ ਇੱਕ ਨੁੱਕਰੇ ਪਏ ਕੂੰਡੇ 'ਚ ਰਗੜਨ ਲੱਗਦੀ ਹੈ। "ਤੂੰ ਏਥੇ ਕੀ ਕਰ ਰਿਹਾ ਹੈਂ, ਜਾ ਕੇ ਆਪਣਾ ਸਕੂਲ ਦਾ ਕੰਮ ਕਰ," ਕੂੰਡੇ 'ਚੋਂ ਮਸਾਲਾ 'ਕੱਠਾ ਕਰਦੀ ਨੇ ਉਸ ਨੇ ਕਿਹਾ।

ਪਾਥੀਆਂ ਬਾਲ ਉਸ ਨੇ ਚੁੱਲ੍ਹੇ 'ਤੇ ਕੜਾਹੀ ਧਰ ਦਿੱਤੀ ਹੈ ਤੇ ਝੋਲਾ ਇੱਕ ਪਲੇਟ 'ਤੇ ਪਲਟਾਅ ਦੀਵੇ ਦੀ ਰੋਸ਼ਨੀ 'ਚ ਬੋਟੀਆਂ ਸਾਫ਼ ਕਰਨ ਬਹਿ ਗਈ ਹੈ। ਉਹ ਹਰੇਕ ਟੁਕੜੇ ਨੂੰ ਉਲਟਾਅ-ਪਲਟਾਅ ਕੇ ਧਿਆਨ ਨਾਲ ਸਾਫ਼ ਕਰਦੀ ਹੈ। ਮੈਂ ਉੱਠ ਕੇ ਕਮਰੇ 'ਚ ਆ ਜਾਂਦਾ ਹਾਂ।

ਰਮੇਸ਼, ਵਿਸ਼ੂ, ਰਾਜੂ ਤੇ ਨਿੰਮਾ ਮੰਜੇ 'ਤੇ ਗੂੜ੍ਹੀ ਨੀਂਦ ਸੁੱਤੇ ਪਏ ਹਨ। ਮੈਂ ਹੇਠਾਂ ਲਟਕਦੀ ਰਜਾਈ ਸੁਆਰ ਕੇ ਉਨ੍ਹਾਂ ਸਾਰਿਆਂ ਨੂੰ ਚੰਗੀ ਤਰ੍ਹਾਂ ਢਕਦਾ ਹਾਂ। ਦੀਵੇ ਦੀ ਟਿਮਟਿਮਾਉਂਦੀ ਪੀਲੀ ਰੋਸ਼ਨੀ 'ਚ ਉਨ੍ਹਾਂ ਦੇ ਚਿਹਰੇ ਬਹੁਤ ਮਸੂਮ ਲੱਗਦੇ ਹਨ। ਮੈਨੂੰ ਇਨ੍ਹਾਂ ਬੱਚਿਆਂ ਦੀ ਰੋਜ਼ਾਨਾ ਹੋਣ ਵਾਲੀ ਕੁੱਟਮਾਰ ਬਾਰੇ ਇਸ ਵੇਲੇ ਬਹੁਤ ਅਫ਼ਸੋਸ ਹੁੰਦਾ ਹੈ। ਵਿਚਾਰੇ ਕਦੇ ਬਾਬੂਜੀ ਤੋਂ ਮਾਰ ਖਾਂਦੇ ਹਨ, ਕਦੇ ਜੀਆ ਤੋਂ, ਉੱਤੋਂ ਮੈਂ ਵੀ ਕਦੇ ਕਦੇ ਦੋ ਚਾਰ ਲਾ ਦਿੰਦਾ ਹਾਂ। ਮੈਂ ਮਨੋ ਮਨੀ ਸਹੁੰ ਖਾਂਦਾ ਹਾਂ ਕਿ ਮੈਂ ਆਪਣੇ ਛੋਟੇ ਭੈਣ ਭਰਾਵਾਂ ਨੂੰ ਹੁਣ ਨਹੀਂ ਮਾਰਾਂਗਾ। ਥੋੜ੍ਹੀ ਦੇਰ ਬਾਅਦ ਮੈਨੂੰ ਨੀਂਦ ਆ ਜਾਂਦੀ ਹੈ।

ਮੈਨੂੰ ਨਹੀਂ ਪਤਾ ਜਾਨਕੀ ਰਾਤ ਨੂੰ ਕਦੋਂ ਤੱਕ ਮੰਜੇ 'ਤੇ 'ਕੱਲੀ ਸੁੱਤੀ ਰਹੀ। ਇਸਦਾ ਮਤਲਬ ਸੀ ਕਿ ਜੀਆ ਅਜੇ ਵੀ ਕੰਮ 'ਚ ਰੁੱਝੀ ਹੋਈ ਸੀ। ਮੈਂ ਪਿਸ਼ਾਬ ਕਰਨ ਲਈ ਬਾਹਰ ਗਿਆ ਤਾਂ ਵੇਖਿਆ ਛੱਪਰ ਵਾਲੀ ਥਾਂ ਵੀ ਸੁੰਨੀ ਪਈ ਸੀ। ਵਿਹੜੇ ਤੋਂ ਪਰ੍ਹਾਂ ਨਾਲੀ ਤੋਂ ਵਾਪਸ ਮੁੜਦਿਆਂ ਵੇਲੇ ਮੈਂ ਬੈਠਕ ਵੱਲ ਨਜ਼ਰ ਮਾਰੀ। ਦਰਵਾਜ਼ਾ ਥੋੜ੍ਹਾ ਜਿਹਾ ਖੁੱਲ੍ਹਾ ਦਿਸਿਆ। ਜੀਆ ਬਾਬੂਜੀ ਦੀ ਪੁਆਂਦੀਂ ਬੈਠੀ ਪੈਰ ਘੁੱਟ ਰਹੀ ਸੀ ਤੇ ਬਾਬੂ ਜੀ ਸ਼ਰਾਬੀ ਹਾਲਤ 'ਚ ਪਤਾ ਨਹੀਂ ਕੀ ਬੜ ਬੜ ਕਰ ਰਹੇ ਸਨ। ਮੈਂ ਪੋਲੇ-ਪੈਰੀਂ ਅੱਗੇ ਵਧਿਆ ਤੇ ਦਰਵਾਜ਼ੇ ਨਾਲ ਕੰਨ ਲਾ ਕੇ ਸੁਣਨ ਲੱਗਾ।

"ਹਰੀ ਤਿੰਨਾਂ ਦਿਨਾਂ ਦਾ ਫ਼ੀਸ ਬਾਰੇ ਕਹਿ ਰਿਹਾ ਹੈ। ਪਿਛਲੇ ਮਹੀਨੇ ਵੀ ਉਸਦੀ ਫ਼ੀਸ ਨਹੀਂ ਸੀ ਭਰੀ ਗਈ। ਜੇ ਕੱਲ੍ਹ ਤੱਕ ਫ਼ੀਸ ਨਾ ਭਰੀ ਗਈ ਤਾਂ ਉਸ ਦਾ ਸਕੂਲੋਂ ਨਾਂ ਕੱਟ ਦਿੱਤਾ ਜਾਏਗਾ," ਜੀਆ ਕਹਿ ਰਹੀ ਸੀ।

"ਕੱਟਦਾ ਹੈ ਤਾਂ ਕੱਟ ਜਾਣ ਦੇ। ਉਹਦੀ ਫ਼ੀਸ ਲਈ ਵਿਕ ਜਾਵਾਂ?"

"ਵਿਕਣ ਵਾਲੀ ਕਿਹੜੀ ਗੱਲ ਹੈ? ਫ਼ੀਸ ਦਾ ਇੰਤਜ਼ਾਮ ਤਾਂ ਕੀਤਾ ਹੀ ਜਾ ਸਕਦਾ ਹੈ।"

"ਮੇਰੇ ਕੋਲ ਕਿਹੜਾ ਖ਼ਜ਼ਾਨਾ ਨੱਪਿਆ ਪਿਆ ਹੈ? ਮੇਰੇ ਕੋਲ ਪੈਸੇ ਨਹੀਂ ਹਨ, ਤਾਂ ਨਹੀਂ ਹਨ, ਬੱਸ।"

"ਪੀਣ ਲਈ ਵੀ ਤਾਂ ਰੁਪਏ ਆਉਂਦੇ ਹੀ ਹਨ ਕਿਧਰੋਂ।" ਜੀਆ ਨੇ ਦਬੀ ਦਬੀ ਅਵਾਜ਼ ਵਿੱਚ ਤਿੱਖੀ ਗੱਲ ਕਹਿ ਦਿੱਤੀ।

"ਆਪਣੇ ਪੈਸਿਆਂ ਦੀ ਪੀਂਦਾ ਹਾਂ, ਕਿਹੜਾ ਤੇਰਾ ਪਿਓ ਦੇ ਕੇ ਜਾਂਦਾ ਹੈ?"

"ਬੱਚਿਆਂ ਦੀ ਜ਼ਿੰਦਗੀ ਦਾ ਕੁਝ ਤਾਂ ਖਿਆਲ ਕਰੋ। ਪਹਿਲਾਂ ਹੀ ਤਿੰਨ ਛੋਟੇ ਬੱਚੇ ਸਕੂਲੋਂ ਹਟਾਅ ਕੇ ਘਰ ਬਿਠਾਏ ਹੋਏ ਨੇ। ਇੱਕੋ ਮੁੰਡਾ ਪੜ੍ਹ ਰਿਹਾ ਹੈ, ਤਾਂ ਉਹਦੀ ਫ਼ੀਸ ਤੁਹਾਥੋਂ..."

"ਬੱਚਿਆਂ ਦੀ ਤੈਨੂੰ ਬਹੁਤੀ ਹੀ ਚਿੰਤਾ ਹੈ। ਆਪਣੇ ਪਿਓ ਦੇ ਘਰੋਂ ਲਿਆਈ ਹੈਂ ਨਾ!"

"ਕੀ ਊਟ-ਪਟਾਂਗ ਬੋਲ ਰਹੇ ਹੋ?" ਜੀਆ ਨੇ ਥੋੜ੍ਹਾ ਗੁੱਸੇ ਨਾਲ ਕਿਹਾ।

"ਊਟ-ਪਟਾਂਗ ਬੋਲ ਰਿਹਾ ਹਾਂ? ਉੱਲੂ ਦੀਏ ਪੱਠੀਏ, ਜ਼ਬਾਨ ਲੜਾਉਂਦੀ ਹੈਂ ਮੇਰੇ ਨਾਲ? ਚੱਲ, ਭੱਜ ਜਾ ਏਥੋਂ।" ਬਾਬੂਜੀ ਨੇ ਗੁੱਸੇ ਵਿੱਚ ਉਸ ਨੂੰ ਲੱਤ ਮਾਰੀ ਜੋ ਉਸਦੇ ਗੋਡੇ 'ਤੇ ਵੱਜੀ। ਉਹ ਸੰਭਲਦੀ-ਸੰਭਲਦੀ ਵੀ ਹੇਠਾਂ ਡਿੱਗ ਪਈ। ਮੇਰੇ 'ਚ ਹੋਰ ਕੁਝ ਵੇਖਣ ਦੀ ਹਿੰਮਤ ਨਹੀਂ ਸੀ। ਜੀਅ ਕੀਤਾ ਕਿ ਹੁਣੇ ਅੰਦਰ ਜਾ ਕੇ ਬਾਬੂਜੀ

# ਅਸ਼ੋਕ ਸਕਸੈਨਾ

ਦਾ ਗਲਾ ਘੁੱਟ ਦਿਆਂ। ਜੀਆ ਰੋਂਦੀ ਕੁਰਲਾਉਂਦੀ ਉੱਠ ਖਲੋਤੀ ਤੇ ਮੈਂ ਚੁੱਪਚਾਪ ਤੇਜ਼ੀ ਨਾਲ ਕਮਰੇ ਵੱਲ ਵਧਿਆ। ਥੋੜ੍ਹੇ ਚਿਰ ਬਾਅਦ ਉਹ ਆਉਂਦੀ ਹੈ ਤੇ ਦਰਵਾਜ਼ਾ ਬੰਦ ਕਰ ਕੇ ਜਾਨਕੀ ਨਾਲ ਲੰਮੀ ਪੈ ਜਾਂਦੀ ਹੈ।

ਟਣ! ਟਣ!! ਟਣ!!! ਮੇਰੇ ਦਿਮਾਗ 'ਚ ਘੰਟੀਆਂ ਵੱਜਣ ਲੱਗੀਆਂ ਹਨ। ਕੋਈ ਮੇਰੇ ਦਿਮਾਗ਼ ਦੀਆਂ ਨਾੜਾਂ 'ਤੇ ਹਥੌੜੇ ਮਾਰ ਰਿਹਾ ਹੈ। ਧੁੰਦਲੀਆਂ ਅਵਾਜ਼ਾਂ ਦਾ ਰੌਲਾ ਰੱਪਾ ਹੈ, ਅਜੀਬ ਜਿਹੀ ਹਲਚਲ ਮਚੀ ਹੋਈ ਹੈ। ਏਥੇ ਏਨੇ ਸਾਰੇ ਲੋਕ ਕਿਉਂ ਜਮ੍ਹਾਂ ਹਨ? ਏਨਾ ਚੀਕ ਚਿਹਾੜਾ ਕਿਉਂ ਪਿਆ ਹੋਇਆ ਹੈ ਕਿ ਕੁਝ ਵੀ ਨਹੀਂ ਸੁਣਦਾ?

''ਸੌਂ ਗਏ ਹੋ? ਉੱਠੋ, ਗੱਡੀ ਆ ਰਹੀ ਹੈ,'' ਕਾਂਤੀ ਨੇ ਮੈਨੂੰ ਤਕਰੀਬਨ ਝੰਜੋੜਦਿਆਂ ਕਿਹਾ। ਮੈਂ ਝੱਟ ਉੱਠ ਬੈਠਾ। ਨੀਂਦ ਟੁੱਟਣ ਨਾਲ ਮੈਨੂੰ ਬੜੀ ਰਾਹਤ ਮਹਿਸੂਸ ਹੋਈ।

ਗੱਡੀ ਗੜ ਗੜ ਕਰਦੀ ਪਲੇਟਫ਼ਾਰਮ 'ਤੇ ਆ ਕੇ ਰੁਕ ਗਈ। ਚਾਹ ਵਾਲੀਆਂ ਅੰਗੀਠੀਆਂ ਦੇ ਆਲੇ ਦੁਆਲੇ 'ਕੱਠੇ ਹੋਏ ਕੁਲੀਆਂ 'ਚ ਹਰਕਤ ਸ਼ੁਰੂ ਹੋ ਗਈ। ਉਹ ਆਪਣੇ ਮੋਢਿਆਂ 'ਤੇ ਰੱਖੇ ਪਰਨੇ ਠੀਕ ਕਰਦੇ ਖੜ੍ਹੇ ਹੋ ਗਏ।

''ਸੁਣ, ਗੱਡੀ ਖਾਲੀ ਪਈ ਹੈ। ਚੱਲ ਪਿਛੇ ਵਾਲੇ ਡੱਬੇ 'ਚ ਚੜ੍ਹਦੇ ਹਾਂ,'' ਮੈਂ ਬਿਸਤਰਾ ਚੁੱਕਦੇ ਚੁੱਕਦੇ ਕਿਹਾ। ਪਿਛਲੇ ਡੱਬਿਆਂ ਵਿੱਚ ਕਾਫ਼ੀ ਜਗ੍ਹਾ ਸੀ। ਲੋਕੀਂ ਆਰਾਮ ਨਾਲ ਸੁੱਤੇ ਪਏ ਸਨ। ''ਚਲੋ ਚੰਗਾ ਹੋਇਆ। ਲੇਟਣ ਲਈ ਜਗ੍ਹਾ ਮਿਲ ਗਈ,'' ਕਾਂਤੀ ਨੇ ਬਿਸਤਰਾ ਖੋਲ੍ਹ ਕੇ ਵਿਛਾਉਂਦੀ ਨੇ ਕਿਹਾ। ਮੈਂ ਅਰਾਮ ਨਾਲ ਲੱਤਾਂ ਪਸਾਰ ਬਿਸਤਰੇ 'ਤੇ ਪੈ ਗਿਆ ਤੇ ਉਹ ਵੀ ਕੰਬਲ ਲਪੇਟੀ ਸਾਹਮਣੇ ਵਾਲੀ ਬਰਥ 'ਤੇ ਪੈ ਗਈ।

ਪਲੇਟਫ਼ਾਰਮ ਤੋਂ ਬਾਹਰ ਨਿੱਕਲ ਰੇਲਗੱਡੀ ਨੇ ਰਫ਼ਤਾਰ ਫੜ ਲਈ। ਮੈਂ ਸੌਣ ਦੀ ਕੋਸ਼ਿਸ਼ ਕਰਨ ਲੱਗਾ, ਪਰ ਬੀਤੇ ਦੀਆਂ ਹੋਈਆਂ ਬੀਤੀਆਂ ਭਿਆਣਕ ਪਰਛਾਵਿਆਂ ਵਾਂਗ ਸਤਾਉਂਦੀਆਂ ਰਹੀਆਂ। ਟੁੱਟੀਆਂ ਕੜੀਆਂ 'ਕੱਠੀਆਂ ਹੋ ਮੁੜ ਜੁੜਨ ਲੱਗੀਆਂ।

ਬਾਬੂਜੀ ਕਚਹਿਰੀ ਜਾਣ ਲਈ ਤਿਆਰ ਹੋ ਰਹੇ ਹਨ। ਜੀਆ ਕਹਿੰਦੀ ਹੈ, ''ਰਾਜੂ ਦੀ ਹਾਲਤ ਦਿਨੋ ਦਿਨ ਵਿਗੜਦੀ ਜਾ ਰਹੀ ਹੈ।''

''ਇਲਾਜ ਚੱਲ ਤਾਂ ਰਿਹਾ ਹੈ।''

''ਵੈਦ ਜੀ ਦੀ ਦਵਾਈ ਕੰਮ ਨਹੀਂ ਕਰ ਰਹੀ ਲੱਗਦੀ। ਜੇ ਤੁਸੀਂ ਕਹੋ ਤਾਂ ਆਪਾਂ ਕਿਸੇ ਚੰਗੇ ਡਾਕਟਰ ਨੂੰ ਵਿਖਾਅ ਲਈਏ।''

''ਡਾਕਟਰ ਏਸ 'ਚ ਕੀ ਕਰੇਗਾ? ਇਹ ਟਾਈਫ਼ਾਇਡ ਹੈ। ਜਾਂਦਿਆਂ ਜਾਂਦਿਆਂ ਹੀ ਜਾਏਗਾ।''

''ਮਹੀਨਾ ਹੋ ਗਿਆ ਹੈ, ਹੋਰ ਕਿੰਨਾ ਚਿਰ ਸਬਰ ਕਰਾਂ?'' ਜੀਆ ਰੋਣਹਾਕੀ ਹੋ ਗਈ।

''ਫ਼ਜ਼ੂਲ ਦੀਆਂ ਗੱਲਾਂ ਨਾ ਕਰ। ਕੁਝ ਨਹੀਂ ਹੁੰਦਾ। ਸਭ ਠੀਕ ਹੈ। ਮੈਂ ਜਾਂਦਾ ਜਾਂਦਾ ਵੈਦ ਜੀ ਨੂੰ ਕਹਿ ਦਿਆਂਗਾ। ਇੱਕ ਵਾਰੀ ਹੁਣੇ ਆ ਕੇ ਵੇਖ ਜਾਣਗੇ।'' ਉਹ ਪੂਰੀ ਤਰ੍ਹਾਂ ਬੇਫ਼ਿਕਰ ਹੋ ਕੇ ਕਚਹਿਰੀ ਚਲੇ ਜਾਂਦੇ ਹਨ।

ਜੀਆ ਮੈਨੂੰ ਸਕੂਲ ਜਾਣੋਂ ਰੋਕਦੀ ਹੈ। ਕਮਰੇ 'ਚ ਮੈਂ ਤੇ ਜੀਆ ਸਾਰਾ ਦਿਨ ਰਾਜੂ ਦੇ ਸਿਰਹਾਣੇ ਲਾ ਦਿੰਦੇ ਹਾਂ। ਜੀਆ ਸਾਰਾ ਦਿਨ ਕਦੇ ਰਾਜੂ ਦੀ ਨਬਜ਼ ਵੇਖਦੀ ਰਹੀ ਜਾਂ ਉਸ ਦੇ ਮੱਥੇ 'ਤੇ ਹੱਥ ਫੇਰਦੀ ਰਹੀ। ਰਾਜੂ ਕੁਝ ਬੋਲਦਾ ਨਹੀਂ, ਸਿਰਫ਼ ਅੱਖਾਂ ਖੋਲ੍ਹ ਕੇ ਜੀਆ ਵੱਲ ਵੇਖ ਲੈਂਦਾ ਹੈ।

ਸ਼ਾਮੀਂ ਮੈਂ ਕਮਰਿਓਂ ਬਾਹਰ ਨਿੱਕਲਿਆ। ਬੈਠਿਆਂ-ਬੈਠਿਆਂ ਮੇਰਾ ਸਰੀਰ ਟੁੱਟਣ ਲੱਗ ਪਿਆ ਸੀ। ਲੱਤਾਂ ਸਿੱਧੀਆਂ ਕਰਨ ਲਈ ਵਿਹੜੇ 'ਚ ਟਹਿਲਣ ਲੱਗ ਪਿਆ। ਦਿਨ ਢਲ ਰਿਹਾ ਹੈ। ਧੁੱਪ ਵਿਹੜੇ ਤੋਂ ਪਰ੍ਹਾਂ ਛੱਤ 'ਤੇ ਜਾ ਚੜ੍ਹੀ ਹੈ, ਜਿਵੇਂ ਦਿਨ ਦੀ ਰੋਸ਼ਨੀ ਆਪਣੇ ਨਾਲ ਲਿਜਾਣ ਲਈ ਛੱਤ ਤੋਂ ਛਾਲ ਮਾਰ ਭੱਜਣ ਦੀ ਤਿਆਰੀ 'ਚ ਬੈਠੀ ਹੋਵੇ। ਇਸ ਖ਼ਿਆਲ ਤੋਂ ਮੈਨੂੰ ਡਰ ਆਉਣ ਲੱਗਦਾ ਹੈ। ਮੈਂ ਵਾਪਸ ਕਮਰੇ 'ਚ ਆ ਜਾਂਦਾ ਹਾਂ। ਓਸੇ ਵੇਲੇ, ਹਾਂ, ਓਸੇ ਵੇਲੇ ਜੀਆ ਚੀਕ ਪਈ। ਮੈਂ ਘਾਬਰ ਕੇ ਫ਼ੌਰਨ ਰਾਜੂ ਤੇ ਝੁਕਿਆ। ਉਹ ਤੇਜ਼ ਤੇਜ਼ ਸਾਹ ਲੈ ਰਿਹਾ ਹੈ। ਤੇ ਬੱਸ। ਜੀਆ ਦੇ ਗਲੇ 'ਚੋਂ ਅਵਾਜ਼ ਨਹੀਂ ਨਿੱਕਲਦੀ। ਮੈਂ ਬੇਤਹਾਸ਼ਾ ਰੋਣ ਲੱਗਾ। ਪਾਗਲਾਂ ਵਾਂਗ ਗਲੀਆਂ ਤੇ ਸੜਕਾਂ 'ਚੋਂ ਦੀ ਭੱਜਦਾ ਕਚਹਿਰੀ ਪਹੁੰਚ ਬਾਬੂ ਜੀ ਨੂੰ ਦੱਸਦਾ ਹਾਂ। ਉਨ੍ਹਾਂ ਬਸ ਏਨਾ ਕਿਹਾ, ''ਘਰ ਚੱਲ, ਮੈਂ ਆ ਰਿਹਾ ਹਾਂ।'' ਮੈਂ ਪੁੱਠੇ ਪੈਰੀਂ ਘਰ ਵਾਪਸ ਭੱਜਾ। ਗਲੀ 'ਚ ਕਦਮ ਰੱਖਦਿਆਂ ਹੀ ਮੈਨੂੰ ਚੀਕ-ਚਿਹਾੜਾ ਸੁਣਦਾ ਹੈ। ਮੇਰੇ ਪੈਰਾਂ 'ਚੋਂ ਜਿਵੇਂ ਜਾਨ ਨਿੱਕਲ ਗਈ ਹੋਵੇ। ਮੈਂ ਪੂਰੀ ਵਾਹ ਲਾ ਕੇ ਹੋਰ ਤੇਜ਼ ਦੌੜਦਾ ਹਾਂ।

ਵਿਹੜਾ ਖਾਲੀ ਹੈ। ਪੰਜੇ ਭੈਣ ਭਰਾ ਜੀਆ ਨੂੰ ਚੰਬੜੇ ਹੋਏ ਹਨ ਤੇ ਜੀਆ ਤਾਈ ਦੀ ਗੋਦੀ 'ਚ ਆਪਣਾ ਮੱਥਾ ਪਿੱਟ ਰਹੀ ਹੈ। ਰਾਜੂ ਨੂੰ ਫ਼ਰਸ਼' ਤੇ ਪਾ ਚਾਦਰ ਨਾਲ ਢਕਿਆ ਹੋਇਆ ਹੈ, ਕਿ ਉਹ ਹੁਣ ਕਦੇ ਨਹੀਂ ਉਠੇਗਾ। ਮੇਰੀਆਂ ਅੱਖਾਂ ਸਾਹਮਣੇ ਕਮਰਾ ਤੇ ਵਿਹੜਾ ਘੁੰਮਣ ਲੱਗਦੇ ਹਨ।

ਉਸੇ ਵੇਲੇ ਬਾਬੂਜੀ ਵਿਹੜੇ 'ਚ ਬੁੱਤ ਵਾਂਗ ਆ ਕੇ ਖਲੋਅ ਗਏ ਹਨ। ਮੈਂ ਉਨ੍ਹਾਂ ਨਾਲ ਚੰਬੜ ਜਾਂਦਾ ਹਾਂ। ਰੋਂਦਿਆਂ ਰੋਂਦਿਆਂ ਮੇਰੀ ਘਿੱਗੀ ਬੱਝ ਜਾਂਦੀ ਹੈ। ਉਨ੍ਹਾਂ ਦਾ ਹੱਥ ਮੇਰੇ ਸਿਰ' ਤੇ ਟਿਕਿਆ ਹੈ ਤੇ ਮੈਂ ਹੌਲੀ ਹੌਲੀ ਬੇਹੋਸ਼ ਹੁੰਦਾ ਜਾ ਰਿਹਾ ਹਾਂ, ਪਰ ਹੋਸ਼ ਕਾਇਮ ਰੱਖਣ 'ਚ ਕਾਮਯਾਬ ਹੋ ਜਾਂਦਾ ਹਾਂ। ਕੋਈ ਜਣਾ ਮੈਨੂੰ ਇੱਕ ਪਾਸੇ ਲਿਜਾਅ ਕੇ ਸਮਝਾਉਣ ਲੱਗਾ ਹੋਇਆ ਹੈ। 'ਇਹ ਸਭ ਸੰਜੋਗਾਂ ਦੀ ਗੱਲ ਹੈ ਭਰਾਵਾ! ਜਿਸ ਦਾ ਜਿੰਨਾ ਅੰਨ ਪਾਣੀ ਹੈ, ਉਸ ਓਨਾ ਹੀ ਖਾਣਾ ਹੈ। ਹਿੰਮਤ ਤੋਂ ਕੰਮ ਲੈ। ਘਰ 'ਚ ਤੂੰ ਸਭ ਤੋਂ ਵੱਡਾ ਤੇ ਸਮਝਦਾਰ ਹੈਂ। ਆਪਣੇ ਪਿਓ ਦਾ ਹਾਲ ਤਾਂ ਤੂੰ ਵੇਖ ਹੀ ਰਿਹਾ ਹੈਂ। ਹੁਣ ਆਪਣੀ ਜ਼ਿੰਮੇਵਾਰੀ ਸਮਝ ਕੇ ਚੱਲ। ਇਸ ਤਰ੍ਹਾਂ ਹਿੰਮਤ ਹਾਰ ਕੇ ਬੈਠੇਂਗਾ ਤਾਂ ਕੰਮ ਕਿਵੇਂ ਚੱਲੇਗਾ?'

ਹੌਲੀ ਹੌਲੀ ਮੇਰੀਆਂ ਹਿਚਕੀਆਂ ਬੰਦ ਹੋ ਗਈਆਂ। ਹੋਸ਼ ਹਵਾਸ ਮੁੜ ਆਇਆ ਹੈ, ਜਿਵੇਂ ਇਸ ਅਣਹੋਣੀ ਨੂੰ ਮੈਂ ਮੰਨ ਲਿਆ ਹੋਵੇ। ਮੈਂ ਹੰਝੂ ਪੂੰਝ ਬੈਠਕ 'ਚ ਆ ਗਿਆ ਜਿੱਥੇ ਤਾਇਆ ਜੀ ਬਾਬੂਜੀ ਨੂੰ ਸਮਝਾਅ ਰਹੇ ਸਨ - ''ਸਬਰ ਰੱਖ ਮਾਧੋ, ਕਿਸਮਤ 'ਚ ਲਿਖੇ ਨੂੰ ਕੌਣ ਮੇਟ ਸਕਦਾ ਹੈ। ਜੋ ਹੋਣਾ ਸੀ, ਉਹ ਹੋ ਗਿਆ। ਹੁਣ ਬਾਲ ਬੱਚਿਆਂ ਦੀ ਚਿੰਤਾ ਕਰ। ਏਨੇ ਚਿਰ ਤੋਂ ਰੋਂਦਿਆਂ ਰੋਂਦਿਆਂ ਦਾ ਇਨ੍ਹਾਂ ਦਾ ਬੁਰਾ ਹਾਲ ਹੋ ਰਿਹਾ ਹੈ। ਸਬਰ ਕਰ। ਇੱਕ ਨਾਲ ਇੱਕ ਨੂੰ ਹਿੰਮਤ ਮਿਲਦੀ

ਹੈ।'' ਤਾਇਆ ਜੀ ਆਪਣੀ ਜੇਬ 'ਚੋਂ ਦਸ ਰੁਪਏ ਦਾ ਨੋਟ ਕੱਢ ਬਾਬੂਜੀ ਦੀ ਮੁੱਠੀ 'ਚ ਫੜਾਉਂਦੇ ਹਨ - ''ਰਾਤ ਹੋ ਰਹੀ ਹੈ, ਪਹਿਲਾਂ ਇਹ ਪ੍ਰਬੰਧ ਕਰ। ਜੇ ਦੇਰ ਹੋ ਗਈ ਤਾਂ ਸਰੀਰ ਸਾਰੀ ਰਾਤ ਦੁੱਖ ਝੱਲੇਗਾ। ਜੋ ਗਿਆ ਉਹ ਤਾਂ ਚਲਾ ਗਿਆ। ਮਿੱਟੀ ਰੱਖਣ ਦਾ ਕੀ ਫ਼ਾਇਦਾ!''

ਬਾਬੂਜੀ ਦੇ ਬਾਹਰ ਜਾਂਦਿਆਂ ਹੀ ਮੇਰੇ ਹੰਝੂ ਫੇਰ ਵਹਿ ਤੁਰਦੇ ਹਨ। ਬਾਬੂਜੀ ਨੂੰ ਉਡੀਕਦਿਆਂ ਉਡੀਕਦਿਆਂ ਨੌਂ ਵੱਜ ਗਏ। ਜੀਆ ਦੀਆਂ ਚੀਕਾਂ ਸ਼ਾਂਤ ਹੋ ਗਈਆਂ ਹਨ। ਬੈਠਕ 'ਚ 'ਕੱਠੇ ਹੋਏ ਲੋਕਾਂ 'ਚੋਂ ਚਾਰ ਪੰਜ ਨੂੰ ਛੱਡ ਬਾਕੀ ਸਾਰੇ ਚਲੇ ਗਏ ਹਨ। ਤਾਇਆ ਜੀ ਬੇਚੈਨੀ ਨਾਲ ਏਧਰ ਓਧਰ ਆ ਜਾ ਰਹੇ ਹਨ। ਆਖਰ ਏਨਾ ਚਿਰ ਲਾਉਣ ਦਾ ਕੀ ਮਤਲਬ?

ਬਾਬੂਜੀ ਦਸ ਵਜੇ ਤੋਂ ਬਾਅਦ ਘਰ ਪਰਤਦੇ ਹਨ। ਨਸ਼ੇ 'ਚ ਏਨੇ ਧੁੱਤ ਕਿ ਚੰਗੀ ਤਰ੍ਹਾਂ ਖੜ੍ਹੇ ਵੀ ਨਹੀਂ ਹੋ ਸਕਦੇ। ਰਾਜੂ ਦਾ ਆਖਰੀ ਸਮਾਨ ਹੌਲੀ ਹੌਲੀ ਵਿਹੜੇ 'ਚ ਰੱਖ ਉਹ ਅਵਾਜ਼ ਮਾਰਦੇ ਹਨ, ''ਰਾਜੂ...'' ਤੇ ਫ਼ਰਸ਼ 'ਤੇ ਪਏ ਰਾਜੂ ਦੀ ਰਜਾਈ 'ਚ ਵੜ ਜਾਂਦੇ ਹਨ। ਘਰ 'ਚ ਫਿਰ ਅਫ਼ਰਾ ਤਫ਼ਰੀ ਮਚ ਜਾਂਦੀ ਹੈ। ਜੀਆ, ਤਾਈ ਦੀ ਪਕੜ ਤੋਂ ਛੁੱਟ ਆਪਣਾ ਸਿਰ ਫ਼ਰਸ਼ 'ਤੇ ਮਾਰਦੀ ਹੈ, ਤੇ ਨਿੰਮਾ, ਵਿਸ਼ੂ ਤੇ ਜਾਨਕੀ ਚੀਕਾਂ ਮਾਰਦੀਆਂ ਮਾਂ ਨਾਲ ਚੰਬੜ ਜਾਂਦੀਆਂ ਹਨ। ਤਾਇਆ ਜੀ ਤੇ ਕੁਝ ਹੋਰ ਲੋਕ ਭੱਜੇ ਭੱਜੇ ਕਮਰੇ 'ਚ ਆਉਂਦੇ ਹਨ। ਉਹ ਬਾਬੂਜੀ ਨੂੰ ਰਜ਼ਾਈ 'ਚੋਂ ਖਿੱਚਦੇ ਹਨ। ਗੁੱਸੇ 'ਚ ਤਾਇਆ ਜੀ ਉਨ੍ਹਾਂ ਨੂੰ ਮੁੱਕੇ ਲੱਤਾਂ ਮਾਰਦੇ ਹਨ। ਉਹ ਬਾਬੂਜੀ ਨੂੰ ਘੜੀਸ ਕੇ ਬੈਠਕ 'ਚ ਲੈ ਆਏ ਹਨ, ਜਿੱਥੇ ਉਨ੍ਹਾਂ ਨੂੰ ਮੰਜੇ 'ਤੇ ਪਾ ਬੈਠਕ ਦੀ ਬਾਹਰੋਂ ਕੁੰਡੀ ਲਾ ਦਿੰਦੇ ਹਨ। ਛੱਪਰ ਹੇਠਾਂ ਕੰਧ ਨਾਲ ਢੋਅ ਲਾ ਉਹ ਹਫ਼ਣ ਲੱਗ ਪਏ ਹਨ।

ਡੱਬੇ ਵਿੱਚ ਚਹਿਲ ਪਹਿਲ ਸ਼ੁਰੂ ਹੋ ਗਈ ਹੈ। ਆਗਰਾ ਪਹੁੰਚਦਿਆਂ-ਪਹੁੰਚਦਿਆਂ ਸੱਤ ਵੱਜ ਚੁੱਕੇ ਸਨ। ਸਟੇਸ਼ਨ ਤੋਂ ਰਿਕਸ਼ਾ ਫੜ ਅਸੀਂ ਸਿੱਧਾ ਘਰ ਪਹੁੰਚੇ।

ਬੈਠਕ 'ਚ ਡੱਠਾ ਰਹਿੰਦਾ ਤਖ਼ਤਪੋਸ਼ ਬਾਹਰ ਵਿਹੜੇ 'ਚ ਖੜ੍ਹਾ ਕਰ ਦਿੱਤਾ ਗਿਆ ਸੀ। ਤਖਤਪੋਸ਼ ਦੀ ਥਾਂ ਵਿਛੀ ਦਰੀ ਤੇ ਜੀਆ ਲੰਮੀ ਪਈ ਹੋਈ ਸੀ।

ਪਤਾ ਹੀ ਨਾ ਲੱਗਾ ਅੱਠ-ਦਸ ਦਿਨ ਕਿਵੇਂ ਬੀਤ ਗਏ। ਰਿਸ਼ਤੇਦਾਰਾਂ ਤੇ ਦੋਸਤਾਂ ਦੀ ਭੀੜ, ਦੁਨੀਆ ਭਰ ਦੇ ਕਿੱਸੇ, ਦੁਨੀਆਂ ਭਰ ਦੀਆਂ ਗੱਲਾਂ, ਰਾਤ ਨੂੰ ਬੈਠਕ 'ਚ ਬਹਿੰਦੀ ਤਾਸ਼-ਪ੍ਰੇਮੀਆਂ ਦੀ ਚੌਂਕੜੀ, ਬਾਬੂ ਜੀ ਦੇ ਸੁਭਾਅ ਦੀ ਚਰਚਾ, ਹਾਸਾ-ਮਜ਼ਾਕ ਤੇ ਦਿੱਲਲਗੀ। ਲੱਗਦਾ ਹੈ, ਲੋਕ ਮੌਤ ਨਹੀਂ, ਕਿਸੇ ਜਸ਼ਨ 'ਚ ਸ਼ਾਮਲ ਹੋਣ ਆਏ ਹਨ।

ਤੇਰ੍ਹਵੀਂ ਤੋਂ ਵਿਹਲੇ ਹੋ ਅਸੀਂ ਬੈਠਕ 'ਚ ਅਰਾਮ ਕਰਨ ਬੈਠ ਗਏ। ਜਾਨਕੀ ਤੇ ਨਿਰਮਲਾ ਨੇ ਕੱਲ੍ਹ ਜਾਣਾ ਸੀ। ਰਮੇਸ਼ ਨੇ ਟੈਲੀਗ੍ਰਾਮ ਦੇ ਕੇ ਆਪਣੀ ਛੁੱਟੀ ਕੱਲ੍ਹ ਤੱਕ ਵਧਾਅ ਲਈ ਸੀ। ਉਹ ਵੀ ਕੱਲ੍ਹ ਸ਼ਾਮ ਤੱਕ ਚਲਾ ਜਾਵੇਗਾ। ਰਿਸ਼ਤੇਦਾਰ ਤਾਂ ਪਹਿਲਾਂ ਹੀ ਚਲੇ ਗਏ ਸਨ।

ਜੀਆ ਕਿਸ ਨਾਲ ਰਹੇਗੀ? ਇਹ ਅਜੇ ਤੈਅ ਨਹੀਂ ਹੋਇਆ ਸੀ। ਕਾਂਤੀ ਅਤੇ ਰਮੇਸ਼ ਉਸ ਬਾਰੇ ਫ਼ੈਸਲਾ ਕਰਨ 'ਚ ਲੱਗੇ ਹੋਏ ਹਨ। ਰਮੇਸ਼ ਉਸਨੂੰ ਆਪਣੇ ਨਾਲ ਲਿਜਾਣਾ ਚਾਹੁੰਦਾ ਹੈ ਤੇ ਕਾਂਤੀ ਦੀ ਜ਼ਿਦ ਹੈ ਕਿ ਜੀਆ ਕੁਝ ਦਿਨ ਉਨ੍ਹਾਂ ਨਾਲ ਰਹੇ। ਜੀਆ ਕੁਝ ਨਹੀਂ ਕਹਿੰਦੀ। ਸਭ ਦੀ ਸੁਣਦੀ ਹੈ। ਮੇਰੀ ਨਜ਼ਰ ਉਹਦੇ ਚਿਹਰੇ 'ਤੇ ਟਿਕੀ ਹੋਈ ਹੈ, ਜਿੱਥੇ ਅਣਗਿਣਤ ਝੁਰੜੀਆਂ 'ਚ ਇਸ ਘਰ ਦਾ ਦਰਦਨਾਕ ਇਤਿਹਾਸ ਛੁਪਿਆ ਹੋਇਆ ਹੈ।

''ਜੀਆ, ਰਮੇਸ਼ ਕੱਲ੍ਹ ਜਾ ਰਿਹਾ ਹੈ ਤੇ ਮੈਂ ਵੀ ਇੱਕ-ਦੋ ਦਿਨਾਂ 'ਚ ਜਾ ਰਿਹਾ ਹਾਂ। ਜਦੋਂ ਤੱਕ ਜੀਅ ਕਰੇ, ਸਾਡੇ ਕੋਲ ਰਹਿ। ਜਦੋਂ ਇੱਛਾ ਹੋਵੇ ਰਮੇਸ਼ ਜਾਂ ਵਿਸ਼ੂ ਕੋਲ ਆ ਜਾਵੀਂ,'' ਮੈਂ ਕਿਹਾ।

ਉਹ ਚੁੱਪ ਸੀ। ਉਹਦੇ ਜਵਾਬ ਦੀ ਉਡੀਕ 'ਚ ਅਸੀਂ ਸਾਰੇ ਚੁੱਪ ਸੀ।

''ਜੀਆ ਬੋਲ, ਕੀ ਕਹਿੰਦੀ ਹੈਂ,'' ਰਮੇਸ਼ ਨਿਮਰਤਾ ਨਾਲ ਬੋਲਿਆ।

''ਕੀ ਕਹਾਂ?'' ਉਸ ਨੇ ਭਰੇ ਹੋਏ ਗਲੇ ਨਾਲ ਕਿਹਾ। ''ਜਦੋਂ ਸਾਰੀ ਜ਼ਿੰਦਗੀ ਇਸ ਘਰ 'ਚ ਕੱਟ ਲਈ ਹੈ, ਤਾਂ ਹੁਣ ਅੰਤ ਸਮੇਂ ਇਸ ਦਹਿਲੀਜ਼ ਨੂੰ ਛੱਡ ਕੇ ਕਿੱਥੇ ਜਾਵਾਂਗੀ?''

''ਇਸ ਦਾ ਮਤਲਬ ਹੈ ਤੂੰ 'ਕੱਲੀ ਰਹੇਂਗੀ?''

'' 'ਕੱਲੀ ਕਿਉਂ? ਤੁਸੀਂ ਲੋਕ ਤਾਂ ਆਉਂਦੇ ਜਾਂਦੇ ਰਹੋਗੇ ਨਾ! ਮੇਰੇ ਲਈ ਏਨਾ ਹੀ ਕਾਫ਼ੀ ਹੈ,'' ਉਸ ਨੇ ਹੌਲੀ ਜਿਹੀ ਕਿਹਾ।

ਜੀਆ ਦੇ ਆਤਮਵਿਸ਼ਵਾਸ ਨੂੰ ਵੇਖ ਮੇਰਾ ਵਿਸ਼ਵਾਸ ਹਿੱਲ ਗਿਆ। ਜ਼ਿੰਦਗੀ 'ਚ ਕਿਹੜਾ ਸੁਖ ਮਿਲਿਆ ਇਹਨੂੰ? ਪਤੀ ਦੀ ਕੁੱਟ ਮਾਰ, ਰਿਸ਼ਤੇਦਾਰਾਂ ਤੇ ਗੁਆਂਢੀਆਂ ਦੀ ਹਮਦਰਦੀ - ਉਹ ਹਮਦਰਦੀ ਜੋ ਸਿਰਫ਼ ਤਰਸਯੋਗ ਬਣ ਕੇ ਹੀ ਲਈ ਜਾ ਸਕਦੀ ਹੈ। ਸੰਤਾਨ ਦਾ ਵਿਜੋਗ, ਅਤਿ ਦੀ ਗਰੀਬੀ, ਦੁੱਖ ਤੇ ਪੀੜ। ਮੈਂ ਸਮਝ ਨਹੀਂ ਸਕਿਆ ਕਿ ਇਸ ਕਮਜ਼ੋਰ ਸਰੀਰ 'ਚ ਜੀਣ ਦੀ ਕਿਹੜੀ ਅਟੱਲ ਇੱਛਾ ਛੁਪੀ ਹੋਈ ਹੈ, ਜਿਸ ਨੇ ਨਰਕ ਭਰੀ ਜ਼ਿੰਦਗੀ ਦੇ ਦਰਦ ਨੂੰ ਕਿਸਮਤ ਸਮਝ ਕੇ ਮੰਨ ਲਿਆ ਹੈ।

ਜੀਆ ਕਿਤੇ ਨਹੀਂ ਜਾਵੇਗੀ। ਜੇ ਉਸ ਨੇ ਜਾਣਾ ਹੁੰਦਾ ਤਾਂ ਭਰ ਜਵਾਨੀ 'ਚ ਆਪਣੇ ਪੇਕੇ ਚਲੀ ਗਈ ਹੁੰਦੀ, ਜਦੋਂ ਬਾਬੂ ਜੀ ਦੇ ਜ਼ੁਲਮਾਂ ਤੋਂ ਤੰਗ ਆ ਕੇ ਵੱਡੇ ਮਾਮਾ ਜੀ ਜੀਆ ਨੂੰ ਹਮੇਸ਼ਾ ਲਈ ਲਿਜਾਣ ਦੇ ਇਰਾਦੇ ਨਾਲ ਆਪਣੇ ਘਰੋਂ ਚੱਲੇ ਸਨ।

ਮੈਨੂੰ ਲੱਗਾ ਕਿ ਬਾਬੂ ਜੀ ਮਰੇ ਨਹੀਂ ਹਨ। ਉਨ੍ਹਾਂ ਦੀ ਹੋਂਦ ਅਜੇ ਵੀ ਮੌਜੂਦ ਸੀ। ਇੱਕ ਪ੍ਰੇਤ ਹੈ ਜੋ ਇਸ ਘਰ 'ਤੇ ਮੰਡਰਾਅ ਰਿਹਾ ਹੈ ਤੇ ਇਹ ਪ੍ਰੇਤ ਜੀਆ ਨੂੰ ਜ਼ਿੰਦਗੀ-ਭਰ ਆਪਣੇ ਸ਼ਿਕੰਜੇ ਤੋਂ ਮੁਕਤ ਨਹੀਂ ਹੋਣ ਦੇਵੇਗਾ। ਇੱਕ ਦਿਨ ਇਸੇ ਘਰ ਦੀ ਚਾਰਦੀਵਾਰੀ 'ਚ ਜੀਆ ਦੇ ਤਰਸਯੋਗ ਕਿੱਸੇ ਦਾ ਅੰਤ ਹੋ ਜਾਵੇਗਾ।

''ਠੀਕ ਹੈ, ਜਿਵੇਂ ਤੂੰ ਚਾਹੇਂ,'' ਮੈਂ ਕਿਹਾ।

ਜਾਨਕੀ ਜਾਣ ਦੀ ਤਿਆਰੀ 'ਚ ਅਟੈਚੀ ਸਾਂਭ ਰਹੀ ਸੀ। ਏਧਰ ਨਿੰਮਾ ਦੀ ਨਿੱਕੀ ਧੀ ਰਮੇਸ਼ ਦੇ ਪੁੱਤਰ ਦੇ ਲੰਬੇ ਵਾਲਾਂ 'ਚ ਰਿਬਨ ਬੰਨ੍ਹ ਰਹੀ ਸੀ।


ਮੈਂ ਬੱਚਿਆਂ ਦੀ ਇਸ ਖੇਡ ਵਿੱਚ ਸ਼ਾਮਲ ਹੋ ਗਿਆ।

ਲੇਖਕ: 931478028

ਅਨੁ: ਪ੍ਰੋ. ਨਵ ਸੰਗੀਤ ਸਿੰਘ;ਪੂਨਮ ਸਿੰਘ।

# ਬਿਹਾਰ ਦੀਆਂ ਬਾਤਾਂ

## ਮਨਮੋਹਨ ਸਿੰਘ ਆਈਪੀਐੱਸ (ਰਿ.)



**ਬਿਹਾਰ** ਵਿੱਚ ਚਾਹੇ ਚੋਣਾਂ ਪੰਚਾਇਤਾਂ ਦੀਆਂ ਹੋਣ, ਚਾਹੇ ਬਲਾਕ ਸੰਮਤੀਆਂ ਦੀਆਂ, ਚਾਹੇ ਜ਼ਿਲ੍ਹਾ ਪ੍ਰੀਸ਼ਦ, ਵਿਧਾਨ ਸਭਾ ਜਾਂ ਸੰਸਦ ਦੀਆਂ ਹੋਣ- ਪੁਲਿਸ ਦਾ ਵੱਡੇ ਪੱਧਰ ਉੱਤੇ ਬੰਦੋਬਸਤ ਲੱਗਣਾ ਹੀ ਲੱਗਣਾ ਹੈ।

ਪ੍ਰਸ਼ਾਸਨ ਅਤੇ ਪ੍ਰਬੰਧਨ ਦੀ ਇਹ ਘੁੰਡੀ ਮੈਨੂੰ ਬਿਹਾਰ 'ਚ ਨੌਕਰੀ ਸ਼ੁਰੂ ਕਰਦਿਆਂ ਹੀ ਚੰਗੀ ਤਰ੍ਹਾਂ ਸਮਝ ਆ ਗਈ ਸੀ।

ਮੇਰੀਆਂ ਕਿਸੇ ਜ਼ਿਲ੍ਹੇ ਦੇ ਪੁਲਿਸ ਮੁਖੀ ਦੇ ਸੁਤੰਤਰ ਅਫ਼ਸਰ ਵਜੋਂ ਇਹ ਪਹਿਲੀਆਂ ਚੋਣਾਂ ਸਨ।

ਭਾਵੇਂ ਇਹ ਬਲਾਕ ਸੰਮਤੀ ਦੀਆਂ ਹੀ ਚੋਣਾਂ ਸਨ ਪਰ ਵਿਧੀ-ਵਿਵਸਥਾ ਦੇ ਨੁਕਤਾ ਨਿਗਾਹ ਤੋਂ ਬਹੁਤ ਸੰਵੇਦਨਸ਼ੀਲ ਸਨ।

ਮਧੇਪਰਾ ਜ਼ਿਲ੍ਹਾ ਯਾਦਵ-ਬਹੁਲਤਾ ਦਾ ਖੇਤਰ ਹੈ। ਸਰਕਾਰ ਲਾਲੂ ਪ੍ਰਸਾਦ ਯਾਦਵ ਦੀ ਸੀ। ਕਈ ਦਹਾਕਿਆਂ ਤੋਂ ਚੱਲੇ ਆ ਰਹੇ ਕਾਂਗਰਸ ਦੇ ਰਾਜ ਵਿੱਚ, ਜਾਤ-ਦ੍ਰਿਸ਼ਟੀਕੋਣ ਤੋਂ, ਬ੍ਰਾਹਮਣ-ਭੂਮੀਹਾਰ ਸਮੀਕਰਨ ਹੀ ਸੱਤਾਧਾਰੀ ਰਿਹਾ। ਜੈ ਪ੍ਰਕਾਸ਼ ਨਾਰਾਇਣ ਦੇ ਸੰਪੂਰਨ ਕ੍ਰਾਂਤੀ ਦੇ ਨਾਅਰੇ ਤੋਂ ਬਾਅਦ ਪਹਿਲੀ ਵਾਰ ਸੱਤਾ ਪਰਿਵਰਤਨ ਹੋਇਆ- ਇਸ ਕਾਰਨ ਸਮਾਜ ਦਾ ਪੱਛੜਿਆ-ਦਲਿਤ ਵਰਗ ਸੱਤਾ ਢਾਂਚਿਆਂ ਵਿੱਚ ਸਹਿਭਾਗੀ ਬਣਿਆ।

ਇਸ ਦ੍ਰਿਸ਼ਟੀਕੋਣ ਤੋਂ, ਬਲਾਕ ਪੱਧਰ ਦੀਆਂ ਚੋਣਾਂ ਰਾਹੀਂ ਸਥਾਨਕ ਸੱਤਾ ਵਿੱਚ ਸ਼ਮੂਲੀਅਤ ਦਾ ਸੰਘਰਸ਼ ਵੀ, ਬੜਾ ਗਲ਼-ਵੱਢਵਾਂ ਸੀ।

ਮੈਂ, ਜ਼ਿਲ੍ਹੇ ਵਿੱਚ ਜਿੱਥੇ ਕਿਤੇ ਵੀ ਪੁਲਿਸ ਬਲ ਗ਼ੈਰ-ਪੁਲਿਸੀ ਕਾਰਜਾਂ ਅਤੇ ਬਾਡੀਗਾਰਡਾਂ ਦੇ ਰੂਪ 'ਚ ਤੈਨਾਤ ਸੀ, ਵਾਪਸ ਬੁਲਾਅ ਲਿਆ। ਇਸ ਲਈ ਮੈਨੂੰ ਕਈ ਪਾਸਿਆਂ ਤੋਂ ਸਖ਼ਤ ਵਿਰੋਧ ਅਤੇ ਆਲੋਚਨਾ ਦਾ ਸਾਹਮਣਾ ਵੀ ਕਰਨਾ ਪਿਆ। ਇੰਞ ਪਰ ਮੈਂ ਆਪਣੀ ਸਾਰੀ ਸ਼ਕਤੀ ਅਤੇ ਸਰੋਤ ਪੁਲਿਸ ਬੰਦੋਬਸਤ ਵਿੱਚ ਝੋਕ ਦਿੱਤੇ ਤਾਂ ਕਿ ਚੋਣਾਂ ਅਮਨ ਸ਼ਾਂਤੀ ਨਾਲ ਨਿਰਵਿਘਨ ਅਤੇ ਬਿਨਾਂ ਕਿਸੇ ਹਿੰਸਾ ਅਤੇ ਮਾਰ ਕਾਟ ਦੇ ਸੰਪੂਰਨ ਹੋ ਜਾਣ...!

ਮੈਂ ਕੰਟਰੋਲ ਰੂਮ 'ਚ ਬੈਠਾ ਚੋਣ ਪ੍ਰਕਿਰਿਆ ਦੀ ਨਿਗਰਾਨੀ ਕਰ ਰਿਹਾ ਸੀ ਕਿ, ਦੁਪਹਿਰ ਦੇ ਢਾਈ ਤਿੰਨ ਕੁ ਵਜੇ, ਵਾਇਰਲੈੱਸ 'ਤੇ ਖ਼ਬਰ ਆਈ ਕਿ ਮਧੇਪੁਰਾ ਸਦਰ ਬਲਾਕ ਵਿੱਚ ਬੜੀਆਂ ਤਾਬੜਤੋੜ ਗੋਲੀਆਂ ਚੱਲ ਰਹੀਆਂ ਹਨ...ਦੋ ਤਿੰਨ ਲਾਸ਼ਾਂ ਵੀ ਡਿੱਗੀਆਂ ਹਨ... ਤੁਰੰਤ ਪੁਲਿਸ ਬਲ ਭੇਜਿਆ ਜਾਵੇ! ਮੌਕੇ ਦੇ ਅਧਿਕਾਰੀ ਨੇ ਦੱਸਿਆ ਕਿ ਇਹ ਤਾਂ ਹੁਣ, ਓਥੇ ਤੈਨਾਤ ਪੁਲਿਸ ਪਾਰਟੀ ਦੇ ਵੱਸੋਂ ਬਾਹਰ ਦਾ ਮਸਲਾ ਏ...! ਮੈਂ ਉਸੇ ਵੇਲੇ ਸਦਰ ਇੰਸਪੈਕਟਰ ਨੂੰ ਵਾਇਰਲੈੱਸ 'ਤੇ ਕਿਹਾ ਕਿ ਉਹ ਮੌਕੇ 'ਤੇ ਪਹੁੰਚੇ। ਉਸ ਦਾ ਜਵਾਬ ਆਇਆ ਕਿ ਉਹ ਦੂਰ ਇਲਾਕੇ 'ਚ ਹੈ, ਉਸ ਨੂੰ ਪਹੁੰਚਣ ਵਿੱਚ ਕੁਝ ਸਮਾਂ ਲੱਗੇਗਾ। ਸਥਿਤੀ ਦੀ ਨਜ਼ਾਕਤ ਨੂੰ ਭਾਂਪਦਿਆਂ ਮੈਂ ਆਪ ਮੌਕੇ 'ਤੇ ਪਹੁੰਚਣ ਦਾ ਨਿਰਣਾ ਲਿਆ। ਕੰਟਰੋਲ ਰੂਮ ਦੀ ਨਫ਼ਰੀ ਲੈ ਕੇ ਮੈਂ ਮੌਕਾ-ਏ-ਵਾਰਦਾਤ 'ਤੇ ਪਹੁੰਚ ਕੇ ਸਥਿਤੀ ਨੂੰ ਕਾਬੂ ਵਿੱਚ ਕੀਤਾ। ਹਥਿਆਰ ਜ਼ਬਤ ਕਰ ਗ੍ਰਿਫ਼ਤਾਰੀਆਂ ਸ਼ੁਰੂ ਕੀਤੀਆਂ। ਕੁਝ ਦੇਰ ਨੂੰ ਇੰਸਪੈਕਟਰ ਵੀ ਪਹੁੰਚ ਗਿਆ। ਸਥਾਨਕ ਡੀ ਐੱਸ ਪੀ ਕਿਸੇ ਹੋਰ ਬਲਾਕ ਵਿੱਚ ਤੈਨਾਤ ਸੀ।

ਮੈਨੂੰ ਬੜੇ ਦਿਨਾਂ ਬਾਅਦ ਪਤਾ ਲੱਗਾ ਕਿ ਇੰਸਪੈਕਟਰ ਨੇ ਜਾਣ ਬੁੱਝ ਕੇ ਆਉਣ 'ਚ ਦੇਰੀ ਕੀਤੀ ਸੀ, ਕਿਉਂਕਿ ਉਹ ਪ੍ਰਭਾਵਸ਼ਾਲੀ ਸਥਾਨਕ ਸਾਂਸਦ ਦੀ ਅੰਦਰਖ਼ਾਤੇ ਮਦਦ ਕਰ ਰਿਹਾ ਸੀ। ਮੈਂ ਬੜੀ ਦੇਰ- ਬਲਾਕ ਦਫ਼ਤਰ ਦੇ ਬਾਹਰ- ਉਦੋਂ ਤੱਕ ਬੈਠਾ ਰਿਹਾ ਜਦੋਂ ਤਕ ਪੁਲਿਸ ਕਾਰਵਾਈ ਆਪਣੇ ਤਾਰਕਿਕ ਅੰਤ ਤੱਕ ਨਾ ਪਹੁੰਚੀ। ਇਸ ਦੌਰਾਨ ਮੈਂ ਸਹਿਵਨ ਹੀ ਆਲ਼ੇ ਦੁਆਲੇ ਉੱਤੇ ਨਜ਼ਰ ਮਾਰਦਾ ਰਿਹਾ। ਬਲਾਕ ਦੇ ਇਰਦ ਗਿਰਦ ਨਵੇਂ ਮਕਾਨ ਉੱਸਰ ਰਹੇ ਸਨ। ਸਭ ਤੋਂ ਵੱਧ ਪ੍ਰਭਾਵਸ਼ਾਲੀ ਦਿੱਖ ਵਾਲੀ ਕੋਠੀ ਬੜੀ ਸੁੰਦਰ ਲੱਗ ਰਹੀ ਸੀ, ਜਿਸਦੇ ਬਾਹਰ 'ਡਾ. ਐੱਲ ਐੱਨ ਯਾਦਵ ਪੌਲੀ ਕਲਿਨਿਕ' ਦਾ ਬੋਰਡ ਲੱਗਾ ਸੀ। ਸ਼ਾਮ ਪੰਜ ਵਜੇ ਜਦ ਚੋਣ ਪ੍ਰਕਿਰਿਆ ਖ਼ਤਮ ਹੋ ਗਈ ਮੈਂ ਘਰ ਪਰਤ ਆਇਆ।

ਮੈਂ ਘਰ ਜਾ ਕੇ ਕੁਝ ਦੇਰ ਲਾਮੇ (ਪੁੱਤਰ) ਨਾਲ ਖੇਡਿਆ। ਉਸ ਨੂੰ ਕੁਝ ਸਮਾਂ ਪੜ੍ਹਾਇਆ ਅਤੇ ਫਿਰ ਰੋਟੀ ਪਾਣੀ ਛਕ ਕੁਝ ਦੇਰ ਆਪਣੇ ਪੀਐਚ.ਡੀ. ਦੇ ਥੀਸਿਸ ਬਾਰੇ ਪੜ੍ਹਾਈ ਲਿਖਾਈ ਕਰ, ਸੌਂ ਗਿਆ। ਮੈਂ *'ਦਸਮ ਗ੍ਰੰਥ ਵਿੱਚ ਮਿੱਥ ਰੂਪਾਂਤਰਣ: ਰੂਪ ਅਤੇ ਅਰਥ ਦਾ ਚਿਹਨ ਵਿਗਿਆਨਿਕ ਅਧਿਐਨ'* ਉੱਤੇ ਕੰਮ ਕਰ ਰਿਹਾ ਸੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਮੇਰੀ ਇਸ ਵਿਸ਼ੇ ਉੱਤੇ ਰਜਿਸਟਰੇਸ਼ਨ ਹੋ ਚੁੱਕੀ ਸੀ -ਪਰ ਆਈਪੀਐਸ 'ਚ ਚੋਣ ਹੋ ਜਾਣ ਬਾਅਦ ਇਹ ਖੋਜ ਕਾਰਜ ਅੱਧ 'ਚ ਲਟਕਿਆ ਹੋਇਆ ਸੀ। ਮੇਰੀ ਪੂਰੀ ਕੋਸ਼ਿਸ਼ ਸੀ ਕਿ ਮੈਂ ਇਸ ਨੂੰ ਨੇਪਰੇ ਚਾੜ੍ਹ ਦੇਵਾਂ। ਮੇਰੇ ਨਿਗਰਾਨ (ਹੁਣ ਮਰਹੂਮ) ਡਾ. ਪਰਮਜੀਤ ਸਿੰਘ ਸਿੱਧੂ ਵੀ ਮੈਨੂੰ ਪ੍ਰੇਰਿਤ ਕਰ ਰਹੇ ਸਨ ਕਿ ਆਪਾਂ ਇਹ ਕਾਰਜ ਹਰ ਹਾਲਤ ਵਿੱਚ ਕਰਨਾ ਹੀ ਕਰਨਾ ਹੈ...!

ਅੱਧੀ ਰਾਤ ਫ਼ੋਨ ਡਿਊਟੀ ਨੇ ਮੈਨੂੰ ਜਗਾਇਆ: 'ਜਨਾਬ, ਕਿਸੀ ਲੜਕੀ ਕਾ ਫੋਨ ਛਥਿਨ...ਬੜੀ ਘਬਰਾਇਲ ਛੇ..."

ਮੈਂ ਫ਼ੋਨ ਸੁਣਿਆ; 'ਐੱਸ ਪੀ ਅੰਕਲ... ਮੈਂ ਡਾ. ਯਾਦਵ ਕੀ ਬੇਟੀ ਬੋਲ ਰਹੀ ਹੂੰ...ਹਮਾਰੇ ਘਰ ਮੇਂ ਡਕੈਤੀ ਹੋ ਗਇਲ ਛੇ...ਹਮ ਥਾਣਾ ਮੇਂ ਭੀ ਫੋਨ ਕੀਅਲ ਛਥਿਨ...ਕੋਈ ਰਿਸਪਾਂਸ ਨਹੀਨ..."

ਮੈਂ ਪੁੱਛਿਆ; "ਅਹਾਂ ਘਰ ਕਿਹਲਾ ਛਥਿਨ...?"

"ਬਲਾਕ ਆਫ਼ਿਸ ਕੇ ਬਿਲਕੁਲ ਸਾਮਨੇ..."
ਇੱਕ ਦਮ ਮੇਰੇ ਦਿਮਾਗ਼ 'ਚ ਦੁਪਹਿਰੇ ਦੇਖਿਆ ਦ੍ਰਿਸ਼ ਸਾਕਾਰ ਹੋ ਗਿਆ।
ਮੇਰੇ ਨਾਲ ਲਾਮਾ ਅਤੇ ਹਰਪ੍ਰੀਤ ਘੂਕ ਸੁੱਤੇ ਪਏ ਸਨ। ਮੈਂ ਕੁੜਤੇ ਪਜਾਮੇ ਉੱਤੇ ਹੀ ਜੈਕਟ ਪਹਿਨ ਲਈ। ਆਪਣਾ ਰਿਵਾਲਵਰ ਚੁੱਕਿਆ। ਕੁਝ ਹੋਰ ਗੋਲੀਆਂ ਜੇਬ ਵਿੱਚ ਪਾ, ਬਿਨਾਂ ਕਿਸੇ ਦੇਰੀ ਦੇ, ਪੋਰਚ 'ਚ ਖੜ੍ਹੀ ਜਿਪਸੀ ਕੱਢੀ। ਗੇਟ 'ਤੇ ਪਹਿਰਾ ਦੇ ਰਹੇ ਸਿਪਾਹੀ ਨੂੰ ਜਲਦੀ ਜਲਦੀ ਪਿੱਛੇ ਬਿਠਾਇਆ। ਦਸੰਬਰ ਦਾ ਮਹੀਨਾ ਅਤੇ ਅੰਤਾਂ ਦੀ ਧੁੰਦ ਸੀ। ਮੌਕਾ-ਏ-ਵਾਰਦਾਤ 'ਤੇ ਮੈਂ ਮਸਾਂ ਪਹੁੰਚਿਆ।
ਨਾਲ ਦੀ ਨਾਲ ਮੈਂ ਵਾਰਦਾਤ ਬਾਰੇ ਵਾਇਰਲੈੱਸ 'ਤੇ ਸੰਦੇਸ਼ ਦੇ ਦਿੱਤਾ ਸੀ। ਜਿਪਸੀ ਥੋੜ੍ਹੀ ਦੂਰ ਖੜ੍ਹੀ ਕੀਤੀ। ਬੱਤੀਆਂ ਬੰਦ ਕਰ, ਦੱਬੇ ਪੈਰੀਂ ਘਰ ਦੇ ਮੂਹਰੇ ਪਹੁੰਚਿਆ। ਮੁੱਖ ਦਰਵਾਜ਼ਾ ਅੰਦਰੋਂ ਬੰਦ ਸੀ। ਅੰਦਰੋਂ ਚੀਕਾਂ ਅਤੇ ਉੱਚੀ ਉੱਚੀ ਰੋਣ ਦੀਆਂ ਅਵਾਜ਼ਾਂ ਆ ਰਹੀਆਂ ਸਨ। ਮੈਂ ਅਤੇ ਮੇਰੇ ਨਾਲ ਦਾ ਸਿਪਾਹੀ, ਕੰਧ ਟੱਪ ਕੇ ਘਰ ਅੰਦਰ ਵੜੇ। ਅਪਰਾਧੀਆਂ ਨੇ ਡਾ. ਯਾਦਵ ਨੂੰ ਸਿਰ 'ਤੇ ਰਾਡਾਂ ਮਾਰ ਕੇ ਜ਼ਖ਼ਮੀ ਕਰ ਦਿੱਤਾ ਸੀ! ਬੁਰੀ ਤਰ੍ਹਾਂ ਲਹੂ ਵਹਿ ਰਿਹਾ ਸੀ। ਉਹ ਬੇਹੋਸ਼ ਸਨ। ਸ੍ਰੀਮਤੀ ਯਾਦਵ ਨਾਲ ਅਪਰਾਧੀਆਂ ਵੱਲੋਂ ਬਦਤਮੀਜ਼ੀ ਕੀਤੀ ਗਈ ਸੀ। ਅਪਰਾਧੀ, ਕੀਮਤੀ ਗਹਿਣੇ ਅਤੇ ਨਗਦੀ ਲੈ ਕੇ ਫ਼ਰਾਰ ਹੋਣ ਹੀ ਵਾਲੇ ਸਨ! ਅਚਾਨਕ ਮੈਨੂੰ ਉੱਥੇ ਦੇਖ, ਅਪਰਾਧੀ ਭੌਚੱਕੇ ਰਹਿ ਗਏ। ਇੱਕ ਨੇ ਰਾਡ ਮੇਰੇ ਵੱਲ ਵਗ੍ਹਾਤੀ ਮਾਰੀ, ਜੋ ਮੇਰੀ ਸੱਜੀ ਲੱਤ ਦੀ ਪਿੰਨੀ 'ਤੇ ਵੱਜੀ। ਰਾਡ ਮਾਰਨ ਵਾਲੇ ਨੂੰ ਤਾਂ ਸਿਪਾਹੀ ਨੇ ਗੋਲੀ ਮਾਰ ਦਿੱਤੀ- ਦੂਜੇ ਨੂੰ ਮੈਂ ਮਾਰ ਮੁਕਾਇਆ। ਦੂਜੇ ਕਮਰੇ ਵਿੱਚ ਦੋ ਹੋਰ ਅਪਰਾਧੀਆਂ ਨੇ ਜਦੋਂ ਰਾਡਾਂ ਨਾਲ ਮੇਰੇ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਮੈਂ ਉਨ੍ਹਾਂ ਦੋਵਾਂ ਨੂੰ ਵੀ ਬਿਨਾਂ ਕਿਸੇ ਦੇਰੀ ਦੇ ਗੋਲੀ ਚਲਾਅ, ਢੇਰੀ ਕਰ ਦਿੱਤਾ। ਗੁਸਲਖ਼ਾਨੇ ਅੰਦਰ ਲੁਕੇ ਅਪਰਾਧੀ ਨੂੰ ਮੈਂ ਬਾਹਰੋਂ ਕੁੰਡਾ ਮਾਰ ਡੱਕ ਦਿੱਤਾ। ਅਸੀਂ ਸਾਰੇ ਘਰ ਦੀ ਤਲਾਸ਼ੀ ਲਈ। ਹੁਣ ਕੋਈ ਹੋਰ ਅਪਰਾਧੀ ਨਹੀਂ ਸੀ ਬਚਿਆ।
ਏਨੇ ਨੂੰ ਸਦਰ ਇੰਸਪੈਕਟਰ ਅਤੇ ਡੀਐਸਪੀ ਵੀ ਆ ਗਏ। ਮੇਰੀ ਪਿੰਨੀ ਦੀ ਸੱਟ 'ਚੋਂ ਲਗਾਤਾਰ ਲਹੂ ਵਹਿ ਰਿਹਾ ਸੀ। ਮੈਨੂੰ ਤੇ ਡਾ. ਯਾਦਵ ਨੂੰ ਲਾਗੇ ਦੇ ਹਸਪਤਾਲ ਪਹੁੰਚਾਇਆ ਗਿਆ। ਦਿਨ ਚੜ੍ਹਦੇ ਹਰਪ੍ਰੀਤ ਅਤੇ ਲਾਮਾ ਮੇਰੀ ਸੁੱਖ-ਸਾਂਦ ਦੇਖਣ ਆਏ। ਹਰਪ੍ਰੀਤ ਦੀਆਂ ਅੱਖਾਂ ਨਮ ਸਨ ਪਰ ਉਸ ਦਾ ਹੌਸਲਾ ਕਾਇਮ ਸੀ। ਲਾਮਾ ਬੱਚਿਆਂ ਵਾਂਗ ਡੌਰ ਭੌਰ ਇੱਧਰ ਉੱਧਰ ਦੇਖ ਰਿਹਾ ਸੀ...! ਉਸ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ। ਉਹ ਮੇਰੇ ਬੈੱਡ 'ਤੇ ਬੈਠ ਮੇਰੀ ਛਾਤੀ ਨਾਲ ਲੱਗ ਸਿਸਕਣ ਲੱਗਾ...! ਮੈਂ ਉਸਦੇ ਸਿਰ 'ਤੇ ਹੱਥ ਫੇਰ ਧਰਵਾਸ ਦਿੱਤਾ...!
ਬਚ ਗਏ ਅਪਰਾਧੀ ਦੀ ਲੰਮੀ ਪੁੱਛਗਿੱਛ ਕੀਤੀ ਗਈ ਤਾਂ ਪਤਾ ਲੱਗਾ ਕਿ ਇਹ ਬੌਰੀਆ ਡਕੈਤ ਗਿਰੋਹ ਹੈ। ਉਸ ਵੱਲੋਂ ਦੱਸੇ ਗਏ ਆਸੇ ਪਾਸੇ ਦੇ ਇਲਾਕਿਆਂ 'ਚ ਟਿਕਾਣਿਆਂ 'ਤੇ ਛਾਪੇਮਾਰੀਆਂ ਕੀਤੀਆਂ ਗਈਆਂ ਤਾਂ ਕਿ ਉਨ੍ਹਾਂ ਦੇ ਹੋਰ ਸਾਥੀਆਂ ਨੂੰ ਕਾਬੂ ਕੀਤਾ ਜਾ ਸਕੇ। ਪਿਛਲੇ ਕਈ ਸਾਲਾਂ ਤੋਂ ਉੱਤਰ-ਪੂਰਬੀ ਬਿਹਾਰ ਦੇ ਜ਼ਿਲ੍ਹਿਆਂ ਵਿੱਚ ਸਰਦੀਆਂ ਦੇ ਮੌਸਮ ਵਿੱਚ, ਇਹ ਬੌਰੀਆ ਗਿਰੋਹ, ਡਕੈਤੀਆਂ ਕਰ ਰਹੇ ਸਨ; ਲੋਹੇ ਦੀਆਂ ਰਾਡਾਂ ਅਤੇ ਕੱਚੇ ਬਾਂਸਾਂ ਨੂੰ ਹਥਿਆਰ ਵਜੋਂ ਵਰਤਦੇ ਸਨ। ਕਦੇ ਕਦੇ ਇਹ ਦੇਸੀ ਕੱਟੇ ਵੀ ਵਰਤਦੇ। ਲੰਮੀ ਪੁੱਛਗਿੱਛ ਕਰਨ ਤੋਂ ਬਾਅਦ ਅਪਰਾਧੀ ਨੂੰ ਪੁਲਿਸ ਵਾਲਿਆਂ ਨੇ ਬਿਨਾਂ ਮੇਰੀ ਇਜਾਜ਼ਤ ਦੇ, ਮੁਕਾਬਲੇ ਵਿੱਚ ਮਾਰ ਮੁਕਾਇਆ! (ਮੈਂ ਉਸ ਇੰਸਪੈਕਟਰ ਤੋਂ ਪਹਿਲਾਂ ਹੀ ਬਹੁਤ ਤੰਗ ਸੀ- ਕੁਝ ਦਿਨ ਜਾਂਚ ਕਰਨ ਮਗਰੋਂ ਮੈਂ ਉਸ ਨੂੰ ਬਰਖ਼ਾਸਤ ਕਰ ਦਿੱਤਾ।)
ਕੁਝ ਦਿਨਾਂ ਬਾਅਦ ਮੇਰਾ ਡਿਵੀਜ਼ਨਲ ਕਮਿਸ਼ਨਰ ਅਤੇ ਡੀਆਈਜੀ ਵੀ ਮੇਰੀ ਖ਼ਬਰ ਸਾਰ ਲੈਣ ਆਏ। ਉਨ੍ਹਾਂ ਦੇ ਇਸ ਵਿਹਾਰ ਨਾਲ ਮੇਰੀ ਬੜੀ ਹੌਸਲਾ-ਅਫ਼ਜ਼ਾਈ ਹੋਈ। ਉਨ੍ਹਾਂ ਦੋਹਾਂ ਨੇ ਬਾਅਦ ਵਿੱਚ ਬਹਾਦਰੀ ਦੇ ਤਮਗੇ ਲਈ ਬੜੀ ਹਾਂ-ਪੱਖੀ ਅਤੇ ਪੁਰਜ਼ੋਰ ਸਿਫ਼ਾਰਸ਼ ਵੀ ਕੀਤੀ ਪਰ ਇਹ ਪ੍ਰਸਤਾਵ ਆਈਜੀ ਦੇ ਦਫ਼ਤਰ ਵਿੱਚ ਜਾ ਕੇ ਫਸ ਗਿਆ। ਜਿਸ ਇੰਸਪੈਕਟਰ ਵਿਰੁੱਧ ਮੈਂ ਵਿਭਾਗੀ ਕਾਰਵਾਈ ਕੀਤੀ ਸੀ, ਉਸ ਨੇ ਜਾ ਕੇ ਝੂਠੀ ਚੁਗਲੀ ਕਰ ਦਿੱਤੀ। ਉਹ ਆਈਜੀ ਦਾ ਖ਼ਾਸ-ਮ-ਖ਼ਾਸ ਬੰਦਾ ਸੀ। ਆਈਜੀ ਨੂੰ ਦੁਨੀਆ ਦੇ ਸਾਰੇ ਐਬ ਸਨ। ਮੈਂ, ਆਪਣੀ ਅਸੂਲਪ੍ਰਸਤੀ ਕਾਰਨ, ਉਸਦਾ ਨਾ-ਪਸੰਦੀਦਾ ਅਫ਼ਸਰ ਸਾਂ। ਉਹ ਜਦ ਵੀ ਮੇਰੇ ਜ਼ਿਲ੍ਹੇ 'ਚ ਆਉਂਦਾ- ਰਾਤ ਦਾ ਖਾਣਾ ਤਾਂ ਖੁਆਉਣਾ ਹੀ ਪੈਂਦਾ- ਰਾਤ 'ਚ ਚਾਰ ਚਾਰ ਵਾਰ ਖਾਣਾ ਗਰਮ ਕਰਨਾ ਪੈਂਦਾ। ਆਏ ਅਫ਼ਸਰਾਂ ਦੀਆਂ ਜ਼ਨਾਨੀਆਂ ਦੁਖੀ ਹੋ ਜਾਂਦੀਆਂ- ਆਈਜੀ ਦੀ ਮਹਿਫ਼ਲ ਹੀ ਨਾ ਮੁੱਕਣ 'ਚ ਆਉਂਦੀ। (ਹਰਪ੍ਰੀਤ ਨੇ ਉਸ ਦਾ ਨਾਮ 'ਆਈਜੀ ਟੁੰਨ' ਰੱਖਿਆ ਹੋਇਆ ਸੀ!)
ਆਈਜੀ ਬਹਾਦਰੀ ਦੇ ਤਮਗ਼ੇ ਦੀ ਸਿਫ਼ਾਰਸ਼ ਬਦਲੇ ਮੈਥੋਂ ਕੁਝ ਭਾਲਦਾ ਸੀ। ਪਰ ਮੈਂ ਨਾ ਕਦੇ ਉਸ ਨਾਲ ਕੋਈ ਇਸਦਾ ਜ਼ਿਕਰ ਕੀਤਾ ਨਾ ਹੀ ਕੋਈ ਬੇਨਤੀ। ਮੈਂ ਸੋਚਿਆ ਅਜਿਹੇ ਬਹਾਦਰੀ ਦੇ ਤਮਗੇ ਨਾਲੋਂ ਬੁਜ਼ਦਿਲੀ ਦੀ ਤਖ਼ਤੀ ਹੀ ਬਿਹਤਰ ਹੈ।
ਬੰਦੇ ਦੇ ਫ਼ੈਸਲਿਆਂ ਮੂਹਰੇ ਕੁਦਰਤ ਦਾ ਇਨਸਾਫ਼ ਬੜਾ ਬੁਲੰਦ ਹੁੰਦਾ ਹੈ। ਕਈ ਮਹੀਨਿਆਂ ਬਾਅਦ, ਇੱਕ ਐਤਵਾਰ ਦੀ ਸ਼ਾਮ, ਡਾ. ਯਾਦਵ ਤੰਦਰੁਸਤ ਹੋਣ ਮਗਰੋਂ ਪਰਿਵਾਰ ਸਮੇਤ ਮੇਰੇ ਘਰ ਆਏ। ਉਨ੍ਹਾਂ ਦੇ ਕੋਲ ਮਠਿਆਈ ਦੀ ਟੋਕਰੀ ਸੀ, ਗੁਲਦਸਤਾ ਅਤੇ ਇੱਕ ਸਫ਼ੇਦ ਲਿਫ਼ਾਫ਼ਾ। ਹਰਪ੍ਰੀਤ ਅਤੇ ਲਾਮਾ ਸਰਦੀਆਂ ਦੀਆਂ ਛੁੱਟੀਆਂ ਕੱਟ ਕੇ ਅੰਮ੍ਰਿਤਸਰ ਜਾ ਚੁੱਕੇ ਸਨ। ਮੈਂ ਉਨ੍ਹਾਂ ਨੂੰ ਚਾਹ ਪਾਣੀ ਪਿਆਇਆ। ਹਾਲ ਚਾਲ ਅਤੇ ਕੰਮ ਕਾਜ ਬਾਰੇ ਪੁੱਛਿਆ। ਬੱਚੀ ਸੁਮਨ ਯਾਦਵ ਨੇ ਜਾਣ ਲੱਗਿਆਂ ਮੇਰੇ ਪੈਰੀਂ ਹੱਥ ਲਾਇਆ...! ਉਹਦੀਆਂ ਅੱਖਾਂ ਵਿੱਚ ਕੁਝ ਨਿਸ਼ਬਦ ਭਾਵ ਸਨ...!
ਯਾਦਵ ਪਰਿਵਾਰ ਦੇ ਜਾਣ ਮਗਰੋਂ ਮੈਂ ਲਿਫ਼ਾਫ਼ੇ ਨੂੰ ਖੋਲ੍ਹ ਕੇ ਵੇਖਿਆ। ਲਿਖਾਈ, ਸਿਆਹੀ ਦੀ ਥਾਂ ਲਹੂ ਨਾਲ ਲਿਖੀ ਹੋਈ ਸੀ! ਲਿਖਿਆ ਸੀ: "ਸਰ, ਮੇਰੇ ਪਾਪਾ ਕੋ ਬਚਾਨੇ ਵਾਲੇ ਆਪ ਇਸ ਦੁਨੀਆ ਪਰ ਮੇਰੇ ਲੀਏ ਭਗਵਾਨ ਬਰਾਬਰ ਹੋ। ਮੈਂ ਆਪ ਕਾ ਅਹਿਸਾਨ ਜ਼ਿੰਦਗੀ ਭਰ ਨਹੀਂ ਭੂਲੂੰਗੀ... ਆਪ ਕੀ ਬਹਿਨ... ਸੁਮਨ ਯਾਦਵ"।
ਚਿੱਠੀ ਪੜ੍ਹ ਮੇਰੀਆਂ ਅੱਖਾਂ 'ਚੋਂ ਪਰਲ ਪਰਲ ਹੰਝੂ ਵਗਣ ਲੱਗੇ।
ਅੱਜ, ਖ਼ੂਨ ਦੇ ਰਿਸ਼ਤਿਆਂ ਬਾਰੇ ਕੌੜੇ ਤਜਰਬਿਆਂ 'ਚੋਂ ਲੰਘਣ ਬਾਅਦ ਜੀਵਨ ਦੇ ਇਸ ਪੜਾਅ 'ਤੇ, ਆਪਣੇ ਆਪ ਨੂੰ ਪੁੱਛਦਾ ਹਾਂ ਕਿ ਉਨ੍ਹਾਂ ਹੰਝੂਆਂ ਦੇ ਪਿੱਛੇ ਛੁਪੇ ਭਾਵ-ਅਨੁਭਵ ਕੀ ਸਨ...!?
ਬਹੁਤ ਸੋਚਣ ਅਤੇ ਮਨਨ ਕਰਨ ਬਾਅਦ ਅੱਜ ਤੱਕ ਵੀ ਮੈਂ ਇਸ ਗੁੰਝਲ ਨੂੰ ਹੱਲ ਨਹੀਂ ਕਰ ਸਕਿਆ...!

# ਗੁਟਾਰ ਤੇ ਮੋਰ



ਗੁਟਾਰ ਨੇ ਮੰਗੇ ਮੋਰ ਤੋਂ
ਪੈਰ!
ਵੀਰਾ ਸੁਣ ਤੂੰ ਗੱਲ, ਤੂੰ
ਠਹਿਰ!
ਨਾਨਕੀਂ ਜਾਣਾ ਮੈਂ
ਵਿਆਹ!
ਕਰਨੀ, ਤੇਰੇ ਨਾਲ ਇੱਕ
ਸਲਾਹ!

ਪੈਰ ਮੈਨੂੰ ਤੂੰ ਦੇ ਉਧਾਰੇ
ਲੱਗਣੇ ਨੇ ਕੁੱਲ ਦਿਨ
ਚਾਰ-ਏ
ਮੋੜ ਦਊਂਗੀ ਤੇਰੇ ਪੈਰ
ਭੈਣ ਮੰਗੇ ਸਦਾ ਵੀਰ ਦੀ
ਖੈਰ

ਵਿਆਹ ਤੋਂ ਮੁੜ ਕੇ ਆਈ ਗੁਟਾਰ
ਕੀਤੀ ਉਸ ਮੋਰ ਦੇ ਨਾਲ ਤਕਰਾਰ
"ਕਿਹੜੇ ਪੈਰ ਤੂੰ ਮੰਗੇਂ ਵੀਰਾ?
ਚੰਗਾ ਨਹੀਂ ਇਹ ਤੇਰਾ ਵਤੀਰਾ!"

ਮੋਰ ਕੇਰੇ ਹੰਝੂ, ਦੇਖ-ਦੇਖ ਪੈਰ!
ਗੁਟਾਰ ਜਾਪਦੀ ਉਸਨੂੰ ਜ਼ਹਿਰ!
ਪੈਲ਼ਾਂ ਪਾਵੇ, ਰੋਵੇ-ਕੁਰਲਾਵੇ
ਪਰ ਮੋਰ ਦੀ ਹੁਣ ਕੋਈ ਪੇਸ਼ ਨਾ ਜਾਵੇ।

(ਲੇਖਕ ਦਾ ਨਾਂ ਸਾਡੇ ਤੋਂ ਗੁਆਚ ਗਿਆ ਹੈ)



ਗੁਟਾਰ

ਮੋਰ ਦੇ ਪੈਰ



# ਕਾਲ਼ੀ ਬੋਲ਼ੀ ਹਨ੍ਹੇਰੀ!!

ਕਾਲ਼ੀ ਬੋਲ਼ੀ ਨ੍ਹੇਰੀ ਜਦ
ਆਵੇ ਬੱਚਿਓ!
ਡਰਾਉਣੀਆਂ ਅਵਾਜ਼ਾਂ!!
ਇਹ ਸ਼ੂਕਾਂ ਪਾਵੇ ਬੱਚਿਓ!

ਮਿੱਟੀ ਅਸਮਾਨੀਂ ਇਹ
ਚਾੜ੍ਹ ਦਿੰਦੀ ਹੈ!
ਵੱਡੇ ਵੱਡੇ ਰੁੱਖਾਂ ਨੂੰ
ਉਖਾੜ ਦਿੰਦੀ ਹੈ!
ਬਿਜਲੀ ਦੇ ਖੰਭੇ,
ਨਾਲ਼ੇ ਤਾਰਾਂ ਤੋੜਦੀ!
ਮੋਟੇ ਮੋਟੇ ਪਾਈਪ
ਪਲ਼ੋ ਪਲ਼ ਮਰੋੜਦੀ।

ਕਰੇ ਨੁਕਸਾਨ ਵਿੱਤੋਂ
ਬਾਹਰ ਬੱਚਿਓ।
ਬੁਰੀ ਹੁੰਦੀ ਨ੍ਹੇਰੀ
ਇਹ ਹੈ ਮਾਰ ਬੱਚਿਓ।

ਕਾਲ਼ੀ ਭੂਰੀ, ਚਿੱਟੀ, ਤੇ
ਮਿੱਟੀ ਕਾਲ਼ੇ ਰੰਗ ਦੀ।
ਭਰ ਦੇਵੇ ਸਭ-ਕੁਝ
ਜਿੱਥੋਂ ਦੀ ਹੈ ਲੰਘਦੀ।

ਬੁਰਾ ਹੁੰਦਾ ਨ੍ਹੇਰੀ-
ਤੂਫ਼ਾਨ ਬੱਚਿਓ।
ਪਸ਼ੂ, ਪੰਛੀ ਹੁੰਦੇ ਨੇ
ਪਰੇਸ਼ਾਨ ਬੱਚਿਓ।

ਆਵੇ ਜਦੋਂ ਨ੍ਹੇਰੀ ,
ਨਹੀਂਓਂ ਬਾਹਰ ਜਾਈਦਾ।
'ਪੱਤੋ' ਕਰੇ ਸਾਵਧਾਨ ,
ਬਚ ਜਾਈਦਾ!



ਹਰਪ੍ਰੀਤ ਪੱਤੋ 94658 21417

**ਕਾਲਾ ਟਿੱਕਾ** ਮਾਂ ਮੈਨੂੰ ਹਰ ਰੋਜ਼ ਤਿਆਰ ਕਰਦੀ- ਅਸੀਂ ਕਿਤੇ ਜਾਣਾ ਹੋਵੇ ਜਾਂ ਭਾਵੇਂ ਮੈਂ ਘਰ ਹੀ ਰਹਿਣਾ ਹੋਵੇ। ਤਿਆਰ ਕਰਨ ਤੋਂ ਬਾਅਦ ਉਹ ਹਰ ਰੋਜ਼ ਕਦੇ ਮੇਰੇ ਕੰਨ ਪਿੱਛੇ, ਕਦੇ ਵਾਲਾਂ ਵਿੱਚ ਅਤੇ ਕਦੇ ਗੁੱਟ 'ਤੇ ਇੱਕ ਕਾਲਾ ਟਿੱਕਾ ਲਾਉਂਦੀ ਤੇ ਪਰਮਾਤਮਾ ਅੱਗੇ ਅਰਦਾਸ ਕਰਦੀ ਕਿ 'ਮੇਰੇ ਬੱਚੇ ਨੂੰ ਕਿਸੇ ਦੀ ਵੀ ਬੁਰੀ ਨਜ਼ਰ ਨਾ ਲੱਗੇ'! ਮੈਨੂੰ ਉਸ ਟਿੱਕੇ ਦੀ ਇੱਕ ਆਦਤ ਜਿਹੀ ਪੈ ਗਈ- ਇੰਝ ਵੀ ਲੱਗਣ ਲੱਗਾ ਕਿ ਜਿਵੇਂ ਹਰ ਜਗ੍ਹਾ ਇਹ ਟਿੱਕਾ ਹੀ ਮੇਰੀ ਰੱਖਿਆ ਕਰਦਾ ਹੈ!! ਮੈਂ ਵੱਡਾ ਹੁੰਦਾ ਗਿਆ। ਇੱਕ ਦਿਨ ਮੈਨੂੰ ਛੁੱਟੀ ਸੀ ਅਤੇ ਮਾਂ ਨੂੰ ਰਿਸ਼ਤੇਦਾਰੀ ਵਿੱਚ ਕਿਤੇ ਜਾਣਾ ਪਿਆ। ਮਾਂ ਮੈਨੂੰ ਸੁੱਤੇ ਪਏ ਨੂੰ ਛੱਡ ਗਈ। ਬਾਕੀ ਸਾਰੇ ਘਰ ਹੀ ਸਨ। ਮੈਂ ਸਵੇਰੇ ਉੱਠਿਆ ਤਾਂ ਖ਼ੁਦ ਹੀ ਤਿਆਰ ਹੋ ਗਿਆ ਤੇ ਘਰੋਂ ਬਾਹਰ ਦੋਸਤਾਂ ਨਾਲ ਖੇਡਣ ਚਲਾ ਗਿਆ- ਬੱਸ ਮੇਰੇ ਉਹ ਕਾਲਾ ਟਿੱਕਾ ਨਹੀਂ ਲੱਗਾ ਸੀ ਜੋ ਮਾਂ ਹਰ ਰੋਜ਼ ਲਾਉਂਦੀ ਸੀ। ਮਨ ਬੇਚੈਨ ਰਿਹਾ! ਮੈਂ ਡਰਦਾ-ਡਰਦਾ ਘਰ ਹੀ ਵਾਪਸ ਆ ਗਿਆ ਕਿ 'ਅੱਜ ਕਾਲਾ ਟਿੱਕਾ ਨਹੀਂ ਹੈ, ਕਿਤੇ ਕੁਝ ਬੁਰਾ ਹੀ ਨਾ ਹੋ ਜਾਵੇ'। ਦੋਸਤ ਬੁਲਾਉਂਦੇ ਰਹੇ ਪਰ ਮੈਂ ਬਾਹਰ ਨਾ ਗਿਆ। ਸ਼ਾਮ ਨੂੰ ਜਦੋਂ ਮਾਂ ਘਰ ਵਾਪਸ ਆਈ ਤਾਂ ਮਾਂ ਨੂੰ ਸਾਰੀ ਗੱਲ ਦੱਸੀ। ਮਾਂ ਨੇ ਉਸ ਵੇਲੇ ਤਾਂ ਮੈਨੂੰ ਲਾਡ ਲਡਾਅ ਕੇ ਸੁਆ ਦਿੱਤਾ- ਪਰ ਆਪ ਸਾਰੀ ਰਾਤ ਨਾ ਸੌਂ ਸਕੀ! ਸੋਚਾਂ ਵਿੱਚ ਪਈ ਰਹੀ ਕਿ ਅੱਜ ਇਸ ਕਾਲੇ ਟਿੱਕੇ ਦੀ ਵਜ੍ਹਾ ਨਾਲ ਮੇਰਾ ਸ਼ੇਰ ਵਰਗਾ ਪੁੱਤ ਘਰੋਂ ਬਾਹਰ ਨਹੀਂ ਜਾ ਸਕਿਆ- ਇਹ ਕਾਲਾ ਟਿੱਕਾ ਕਿਤੇ ਮੇਰੇ ਬੱਚੇ ਦੀ ਜ਼ਿੰਦਗੀ ਦੇ ਰਾਹ ਵਿੱਚ ਰੋੜਾ ਹੀ ਨਾ ਬਣ ਜਾਵੇ! ਜਦ ਅਗਲੀ ਸਵੇਰ ਮੈਂ ਉੱਠਿਆ ਤਾਂ ਮਾਂ ਨੇ ਮੈਨੂੰ ਤਿਆਰ ਕੀਤਾ ਤੇ ਮੈਨੂੰ ਇੱਕ ਗੱਲ ਸਮਝਾਈ ਕਿ 'ਪੁੱਤ, ਮਾਂ ਦੀ ਦੁਆ ਕਿਸੇ ਕਾਲੇ ਟਿੱਕੇ ਤੋਂ ਘੱਟ ਨਹੀਂ ਹੁੰਦੀ। ਜੇ ਕਦੇ ਕਿਸੇ ਕਾਰਨ ਮੈਂ ਘਰ ਨਾ ਹੋਵਾਂ ਤਾਂ ਡਰਨਾ ਬਿਲਕੁਲ ਨਹੀਂ; ਕਾਲੇ ਟਿੱਕੇ ਦੀ ਪਰਵਾਹ ਨਹੀਂ ਕਰੀਦੀ ਕਿ ਲੱਗਾ ਹੈ ਜਾਂ ਨਹੀਂ। ਬਸ ਇਹ ਯਾਦ ਰੱਖੀਂ ਕਿ ਤੂੰ ਜਿੱਥੇ ਵੀ ਹੈਂ, ਮਾਂ ਦੀ ਸ਼ੁਭ ਇੱਛਾ ਹਮੇਸ਼ਾ ਹੀ ਤੇਰੇ ਨਾਲ ਹੈ- ਤੇ ਜ਼ਿੰਦਗੀ ਵਿੱਚ ਕਦੇ ਰੁਕੀਂ ਨਾ। ਨਿਧੜਕ ਹੋ ਕੇ ਜ਼ਿੰਦਗੀ ਜੀਅ। ਉਸ ਦਿਨ ਤੋਂ ਬਾਅਦ ਭਾਵੇਂ ਕਿਸੇ ਨੇ ਮੇਰੇ ਕਾਲਾ ਟਿੱਕਾ ਲਾਇਆ ਹੋਵੇ ਭਾਵੇਂ ਨਾ, ਮੈਂ ਮਾਂ ਦਾ ਅਸ਼ੀਰਵਾਦ ਲਏ ਬਗ਼ੈਰ ਕਦੇ ਵੀ ਘਰੋਂ ਬਾਹਰ ਨਹੀਂ ਨਿਕਲਿਆ।

ਪਰਮਿੰਦਰ ਕੌਰ ਮੁੱਲਾਂਪੁਰ ਦਾਖਾ 9877346150

# ਆ ਗਈ ਆ ਗਈ!

ਸੁਜ਼ਾਨਾ

The winds told the grass/
and the grass told the trees/
and the trees told the bushes/
and the bushes told the bees/ and the bees told the birds/
who sang out clear:/ wake up wake up/ spring is here! Susannah

"ਹਵਾਵਾਂ ਦੱਸਿਆ ਘਾਅ ਨੂੰ
ਤੇ ਘਾਅ ਨੇ ਦੱਸਿਆ ਝਾੜੀਆਂ ਨੂੰ
ਤੇ ਝਾੜੀਆਂ ਦੱਸਿਆ ਦ੍ਰਖ਼ਤਾਂ ਨੂੰ
ਤੇ ਦ੍ਰਖ਼ਤਾਂ ਅੱਗੋਂ ਮਧੂਮੱਖੀਆਂ ਨੂੰ
ਮਧੂਮੱਖੀਆਂ ਦੱਸਿਆ ਪੰਛੀਆਂ ਨੂੰ
ਤੇ ਜਿਨ੍ਹਾਂ ਸੀ ਗਾਇਆ ਉੱਚੀ ਤੇ ਸਾਫ਼ :
"ਜਾਗ ਪਓ! ਜਾਗੋ ਬਈ!
ਲਓ ਆਈ ਐ ਬਹਾਰ!"

instagram.com/ ਅਨੁ: ਪੂਨਮ ਸਿੰਘ



## ਕੁਲਫ਼ੀ

ਨਵਦੀਪ ਸਿੰਘ ਬਦੇਸ਼ਾ 9815118124

ਕੁਲਫ਼ੀ ਵਾਲਾ ਭਾਈ ਆਵੇ।
ਗਲੀ 'ਚ ਆ ਕੇ ਹੋਕਾ ਲਾਵੇ।

ਠੰਡੀ-ਮਿੱਠੀ ਕੁਲਫ਼ੀ ਖਾ ਲਓ!
ਖਾ ਕੇ ਗਰਮੀ ਦੂਰ ਭਜਾਅ ਲਓ!

ਅੰਬ, ਇਲੈਚੀ, ਸੰਤਰੇ ਵਾਲੀ।
ਦੁੱਧ ਮਲਾਈ ਸਵਾਦੀ ਬਾਹਲੀ।

ਚੌਰਸ, ਗੋਲ, ਤਿਕੋਣ ਵੀ ਹੈ ਜੀ!
ਵੱਡੀ-ਛੋਟੀ ਕੋਨ ਵੀ ਹੈ ਜੀ!

ਉੱਚੀ-ਉੱਚੀ ਗਾਉਂਦਾ ਜਾਵੇ।
ਟੱਲੀ ਨੂੰ ਖੜਕਾਉਂਦਾ ਜਾਵੇ।



# ਮਾਂ-ਬੋਲੀ ਦੀ ਕਦਰ

ਸੁਖਦੇਵ ਸਿੰਘ ਸਾਂਤ

ਦੋਵੇਂ ਬੱਚੇ ਆਪਣੇ ਦੋਸਤਾਂ ਨਾਲ ਖੇਡ ਕੇ ਘਰ ਆਏ। ਆਉਂਦਿਆਂ ਹੀ ਦਵਿੰਦਰ ਬੋਲੀ, "ਦਾਦੀ ਜੀ, ਮਿੱਸੀ ਰੋਟੀ ਬਣਾਉ।"



ਰੂਸੀ ਭੈਣ ਭਰਾ

ਅਮਨ ਵੀ ਬੋਲਿਆ, "ਦਾਦਾ ਜੀ, ਹੁਣ ਤੁਹਾਡੇ ਨਾਲ ਅਸੀਂ ਪੰਜਾਬੀ ਬੋਲਾਂਗੇ।"

ਦਵਿੰਦਰ ਅਤੇ ਅਮਨ ਨੂੰ ਪੰਜਾਬੀ ਵਿੱਚ ਬੋਲਦਿਆਂ ਦੇਖ ਕੇ ਦਾਦਾ-ਦਾਦੀ ਖੁਸ਼ ਵੀ ਸਨ ਅਤੇ ਹੈਰਾਨ ਵੀ!

ਦਾਦਾ-ਦਾਦੀ ਪਿਛਲੇ ਸਾਲ ਅਮਰੀਕਾ ਆਏ ਸਨ। ਉਦੋਂ ਤੋਂ ਹੀ ਉਹ ਬੱਚਿਆਂ ਨੂੰ ਅਤੇ ਨੂੰਹ-ਪੁੱਤਰ ਨੂੰ ਕਹਿੰਦੇ ਆ ਰਹੇ ਸਨ, "ਘਰ 'ਚ ਪੰਜਾਬੀ ਬੋਲਿਆ ਕਰੋ।"

ਉਹ ਸਾਰੇ ਉਨ੍ਹਾਂ ਦੀ ਗੱਲ ਇੱਕ ਕੰਨ ਰਾਹੀਂ ਸੁਣਦੇ ਅਤੇ ਦੂਜੇ ਕੰਨ ਰਾਹੀਂ ਬਾਹਰ ਕੱਢ ਦਿੰਦੇ!

ਬੱਚੇ ਸਕੂਲ ਵਿੱਚ ਅੰਗਰੇਜ਼ੀ ਹੀ ਬੋਲਦੇ, ਪੜ੍ਹਦੇ ਅਤੇ ਲਿਖਦੇ। ਘਰ ਆ ਕੇ ਵੀ ਬੱਚੇ ਇਸੇ ਭਾਸ਼ਾ ਵਿੱਚ ਹੀ ਗੱਲਾਂ ਕਰਦੇ। ਉਨ੍ਹਾਂ ਦੇ ਮਾਂ-ਪਿਓ ਕੰਮਾਂ ਵਾਲੀਆਂ ਥਾਵਾਂ 'ਤੇ ਇਹੀ ਭਾਸ਼ਾ ਬੋਲਣ ਦੇ ਆਦੀ ਹੋ ਚੁੱਕੇ ਸਨ। ਉਹ ਬੱਚਿਆਂ ਨਾਲ ਘਰ ਵਿੱਚ ਵੀ ਅੰਗਰੇਜ਼ੀ ਵਿੱਚ ਹੀ ਬੋਲੀ ਜਾਂਦੇ।

ਹਫ਼ਤੇ ਬਾਅਦ ਐਤਵਾਰ ਨੂੰ ਸਾਰਾ ਪਰਿਵਾਰ ਗੁਰਦੁਆਰੇ ਜਾਂਦਾ- ਉੱਥੇ ਵੀ ਦਾਦਾ-ਦਾਦੀ ਨੇ ਦੇਖਿਆ ਕਿ ਛੋਟੇ ਬੱਚੇ ਅਤੇ ਉਨ੍ਹਾਂ ਦੇ ਜੁਆਨ ਮਾਂ-ਪਿਓ, ਸਾਰੇ, ਅੰਗਰੇਜ਼ੀ ਹੀ ਬੋਲਦੇ ਹਨ। ਗੁਰਦੁਆਰੇ ਵਿੱਚ ਪੰਜਾਬੀ ਸਿਖਾਉਣ ਵਾਲਾ ਸਕੂਲ ਵੀ ਸੀ- ਬੱਚੇ ਉਸ ਸਕੂਲ ਵਿੱਚ ਵੀ ਘੱਟ ਹੀ ਜਾਂਦੇ!

ਇੱਕ ਮਹੀਨਾ ਪਹਿਲਾਂ, ਮੁਹੱਲੇ ਵਿੱਚ, ਇੱਕ ਨਵਾਂ ਪਰਿਵਾਰ ਆਣ ਵੱਸਿਆ। ਉਨ੍ਹਾਂ ਦੀ ਬੇਟੀ ਨਤਾਸ਼ਾ ਨੇ ਦਵਿੰਦਰ ਦੀ ਜਮਾਤ ਵਿੱਚ ਦਾਖਲਾ ਲਿਆ। ਉਨ੍ਹਾਂ ਦਾ ਬੇਟਾ ਪਾਵੇਲ ਵੀ ਅਮਨ ਵਾਲੀ ਜਮਾਤ ਵਿੱਚ ਦਾਖਲ ਹੋਇਆ। ਚਾਰੇ ਬੱਚੇ ਆਪਸ ਵਿੱਚ ਜਲਦੀ ਹੀ ਘੁਲ-ਮਿਲ ਗਏ ਅਤੇ ਦੋਸਤ ਬਣ ਗਏ।

ਅੱਜ, ਦਵਿੰਦਰ ਅਤੇ ਅਮਨ, ਖੇਡਦੇ-ਖੇਡਦੇ, ਨਤਾਸ਼ਾ ਅਤੇ ਪਾਵੇਲ ਦੇ ਨਾਲ ਹੀ ਉਨ੍ਹਾਂ ਦੇ ਘਰ ਚਲੇ ਗਏ।

ਘਰ ਵਿੱਚ ਵੜਦਿਆਂ ਹੀ, ਨਤਾਸ਼ਾ ਅਤੇ ਪਾਵੇਲ ਆਪਣੀ ਬੋਲੀ ਰੂਸੀ ਵਿੱਚ ਬੋਲਣ ਲੱਗ ਪਏ ਸਨ!

ਘਰ ਦੇ ਸਾਰੇ ਜੀਅ ਆਪਸ ਵਿੱਚ ਆਪਣੀ ਰੂਸੀ ਭਾਸ਼ਾ ਹੀ ਬੋਲ ਰਹੇ ਸਨ!

ਦਵਿੰਦਰ ਅਤੇ ਅਮਨ ਨੂੰ, ਨਤਾਸ਼ਾ ਨੇ, ਅੰਗਰੇਜ਼ੀ ਵਿੱਚ ਬੋਲ ਕੇ ਦੱਸਿਆ, "ਅਸੀਂ ਘਰ ਵਿੱਚ ਆਪਣੀ ਭਾਸ਼ਾ ਹੀ ਬੋਲਦੇ ਹਾਂ। ਅਸੀਂ ਆਪਣੀ ਰੂਸੀ ਭਾਸ਼ਾ ਨੂੰ ਚੰਗੀ ਤਰ੍ਹਾਂ ਪੜ੍ਹਨੀ ਅਤੇ ਲਿਖਣੀ ਵੀ ਸਿੱਖ ਰਹੇ ਹਾਂ। ਜਦੋਂ ਅਸੀਂ ਰੂਸ ਜਾਵਾਂਗੇ ਤਾਂ ਓਥੇ ਬੜੀ ਮੌਜ ਰਹੇਗੀ! ਭੈਣਾਂ ਭਰਾਵਾਂ, ਰਿਸ਼ਤੇਦਾਰਾਂ ਅਤੇ ਗੁਆਂਢੀਆਂ, ਦੁਕਾਨਦਾਰਾਂ ਨਾਲ ਰੂਸੀ ਵਿਚ ਹੀ ਗੱਲਾਂ ਕਰਾਂਗੇ!"

ਆਪਣੀ ਸਹੇਲੀ ਨਤਾਸ਼ਾ ਦੀਆਂ ਗੱਲਾਂ ਨੂੰ ਦਵਿੰਦਰ ਨੇ ਬੜੇ ਧਿਆਨ ਨਾਲ ਸੁਣਿਆ।

ਕੋਲ ਖੜ੍ਹੇ ਅਮਨ ਨੇ ਵੀ ਸਾਰਾ ਕੁਝ ਕੰਨ ਲਾ ਕੇ ਸੁਣਿਆ।

ਖਰਬੂਜੇ ਨੇ ਖਰਬੂਜੇ ਨੂੰ ਦੇਖ ਕੇ ਰੰਗ ਫੜ ਲਿਆ! ਨਤਾਸ਼ਾ ਦੇ ਬੋਲੇ ਸ਼ਬਦਾਂ ਨੇ ਦਵਿੰਦਰ ਅਤੇ ਅਮਨ ਉੱਤੇ ਜਾਦੂ ਵਰਗਾ ਅਸਰ ਕੀਤਾ! ਉਨ੍ਹਾਂ ਨੇ ਮਨ ਵਿੱਚ ਪੱਕੀ ਧਾਰ ਲਈ ਕਿ ਉਹ ਵੀ ਹੁਣ ਚੰਗੀ ਤਰ੍ਹਾਂ ਪੰਜਾਬੀ ਬੋਲਣੀ, ਪੜ੍ਹਨੀ ਤੇ ਲਿਖਣੀ ਸਿੱਖਣਗੇ। ਨਤਾਸ਼ਾ ਅਤੇ ਪਾਵੇਲ ਤੋਂ, ਦੋਵ੍ਹਾਂ ਬੱਚਿਆਂ ਨੇ, ਮਾਂ-ਬੋਲੀ ਦੀ ਕਦਰ ਕਰਨੀ ਸਿੱਖ ਲਈ ਸੀ!

001-317-406-0002

# ਆਪਣੇ ਘਰ ਵਿੱਚ ਪਰਦੇਸੀ

## ਰਾਹੁਲ ਵੋਹਰਾ



**ਕਈ ਸਾਲਾਂ** ਮਗਰੋਂ ਆਪਣੇ ਹੀ ਸ਼ਹਿਰ ਪਟਿਆਲੇ ਨੂੰ ਚਾਲੇ ਪਾਏ, ਪਰ ਪਹਿਲਾਂ ਦੀ ਤਰ੍ਹਾਂ ਤੰਗ ਪਰੇਸ਼ਾਨ ਕਰਨ ਦੀ ਹੱਦ ਤੱਕ ਮੈਨੂੰ ਵਾਰ-ਵਾਰ ਫ਼ੋਨ ਕਰਨ ਵਾਲਾ ਕੋਈ ਨਹੀਂ ਸੀ, ਕਿ – "ਕਿਥੇ ਪਹੁੰਚ ਗਿਆ? ਬੱਸ ਸਟੈਂਡ ਤੋਂ ਅੱਗੇ ਪਿੰਡ ਕਿਵੇਂ ਆਵੇਂਗਾ ਹਨ੍ਹੇਰੇ ਪਏ? ਬੱਸ ਵਿੱਚ ਸੀਟ ਮਿਲ ਗਈ ਸੀ? ਰਸਤੇ 'ਚ ਚਾਹ-ਪਾਣੀ ਪੀ ਲਈਂ, ਪੈਂਡਾ ਬੜਾ ਲੰਮਾ ਹੈ!" ....ਹੁਣ ਪਟਿਆਲੇ ਪਹੁੰਚ ਕੇ ਆਪਣੇ ਘਰ ਦੀਆਂ ਬਰੂਹਾਂ ਵੜਦਿਆਂ ਹੀ ਘੁੱਟ ਕੇ ਜੱਫੀ ਪਾ ਕੇ ਮਿਲਣ ਵਾਲੇ ਮਾਪੇ ਨਹੀਂ ਸਨ- ਜਿਹੜੇ ਏਦਾਂ ਲੱਗਦਾ ਹੁੰਦਾ ਸੀ ਕਿ ਪਤਾ ਨਹੀਂ ਕਿਹੜੇ ਵੇਲਿਆਂ ਤੋਂ ਤੇਰੇ ਹੀ ਘਰ ਆਉਣ ਨੂੰ ਉਡੀਕਦੇ ਪਏ ਹੁੰਦੇ!

ਮਾਪਿਆਂ ਦੀ ਨਿੱਘੀ ਬੁੱਕਲ ਵਿੱਚ ਸਾਰੀ ਦੁਨੀਆਂ ਦੇ ਝੁੱਲਦੇ ਝੱਖੜ ਸ਼ਾਂਤ, ਠੰਡੀ ਹਵਾ ਹੋ ਜਾਂਦੇ ਸਨ!

ਜਦੋਂ ਪਿੰਡੋਂ ਸ਼ਹਿਰ ਸਕੂਲ ਨੂੰ ਬੱਸ ਫੜ ਕੇ ਆਉਣਾ ਹੁੰਦਾ ਸੀ, ਤਾਂ ਬੱਸ ਸਟੈਂਡ ਤੋਂ ਨਿਕਲਦੇ-ਨਿਕਲਦੇ ਮੈਂ 'ਬਾਹਰਲੇ' ਲੋਕਾਂ ਨੂੰ ਦੱਸਦੇ ਜਾਣਾ ਕਿ ਫ਼ਲਾਣੇ ਪਿੰਡ ਦੀ ਬੱਸ ਇਥੋਂ ਮਿਲੇਗੀ, ਉਸ ਬਜ਼ਾਰ ਜਾਣ ਦਾ ਰਸਤਾ ਇੱਧਰੋਂ ਪੈਣਾ। ਏਦਾਂ ਲੱਗਦਾ ਸੀ ਇਹ ਸ਼ਹਿਰ ਆਪਣਾ ਹੈ, ਜਿੱਥੇ ਹਰ ਗਲੀ, ਮੋੜ ਅੱਖਾਂ ਬੰਦ ਕਰ ਕੇ ਵੀ ਪਾਰ ਕਰ ਲਈਏ!

ਹੁਣ ਸ਼ਹਿਰ ਦਾ ਮੂੰਹ-ਮੱਥਾ ਬਦਲਿਆ ਵੇਖ ਕੇ ਨਿਰਾ ਹੀ ਓਪਰਾ ਜਿਹਾ ਲੱਗਾ। ਮੈਨੂੰ, 'ਅਜਨਬੀ' ਨੂੰ, ਸ਼ਹਿਰ ਏਦਾਂ ਬਿਟਰ-ਬਿਟਰ ਝਾਕਦਾ ਹੋਵੇ ਜਿਵੇਂ ਨਿਆਣੇ ਪਹਿਲੀ ਵਾਰ ਘਰ ਆਏ ਰਿਸ਼ਤੇਦਾਰ ਨੂੰ ਮਿਲਣ ਲੱਗੇ ਸੰਗਦੇ ਹਨ?!

ਆਪਣਿਆਂ ਦੇ ਮੋਹ-ਭਿੱਜੇ ਬੋਲਾਂ ਤੋਂ ਸੱਖਣੇ ਬੰਦੇ ਲਈ, ਆਪਣੇ ਹੀ ਪਰਾਏ ਹੋ ਚੁੱਕੇ ਸ਼ਹਿਰ ਵਿੱਚ ਆਉਣਾ, ਕਿੰਨਾ ਜ਼ਾਲਮ ਹੋ ਸਕਦਾ ਹੈ- ਇਹ ਬਲਰਾਜ ਸਾਹਨੀ ਦੇ ਪਾਕਿਸਤਾਨੀ ਸਫ਼ਰਨਾਮੇ ਵਿੱਚ ਅੰਮ੍ਰਿਤਸਰ ਤੋਂ ਗਏ ਮਸ਼ਹੂਰ ਕਵੀ ਅਹਿਮਦ ਰਾਹੀ ਦੀ ਵਤਨ ਫੇਰੀ ਵੇਲੇ ਲਿਖੀਆਂ ਸਤਰਾਂ ਪੜ੍ਹੀਆਂ ਸੀ: "ਦੇਸਾਂ ਵਾਲਿਓ ਆਪਣੇ ਦੇਸ ਅੰਦਰ /ਅਸੀਂ ਆਏ ਹਾਂ ਵਾਂਗ ਪ੍ਰਦੇਸੀਆਂ ਦੇ / ਘਰਾਂ ਵਾਲਿਓ ਆਪਣੇ ਘਰ ਅੰਦਰ /ਅਸੀਂ ਆਏ ਹਾਂ ਵਾਂਗ ਪਰਾਹੁਣਿਆਂ ਦੇ।"

ਮੈਂ ਨਵੇਂ ਬੱਸ ਅੱਡੇ 'ਤੇ ਖੜ੍ਹੇ ਕਿਸੇ "ਲੋਕਲ" ਗਾਰਡ ਨੂੰ ਵੇਖ ਕੇ ਜਾਣਕਾਰੀ ਮੰਗੀ ਤੇ ਵਾਪਸ ਜਾਣ ਦੀ ਕਾਹਲ ਕੀਤੀ।

ਹੁਣ ਕਿਹੜਾ ਏਥੇ ਤੇਰਾ ਪਿਓ ਵੱਸਦਾ ਹੈ ਜੋ -ਆਪਣੇ ਤਰਲੇ ਨੂੰ ਹਾਸੇ-ਮਜ਼ਾਕ ਦੀ ਸੁਰ ਵਿੱਚ ਤਬਦੀਲ ਕਰ ਕੇ -ਤੈਨੂੰ ਇੱਕ ਦਿਨ ਹੋਰ ਰੁਕਣ ਲਈ ਆਖੇਗਾ! ਨਾ ਹੀ ਕੋਈ ਤੈਨੂੰ ਤੇਰੀ ਮਨਪਸੰਦ ਸਬਜ਼ੀ ਬਣਾਅ ਕੇ ਮਿਲੇਗੀ, ਕਿ- "ਖ਼ਬਰੇ ਓਥੇ ਕਿੱਦਾਂ ਦੀ ਸਬਜ਼ੀ ਖਾਂਦਾ ਹੋਣਾ!" ਨਾ ਕੋਈ ਤੇਰੀ ਜਾਂਦੀ ਬੱਸ ਨੂੰ ਓਦੋਂ ਤੱਕ ਵੇਖੇਗਾ, ਕਿ ਜਦੋਂ ਤੱਕ ਤੂੰ ਦੂਰ ਦਿਸ-ਹੱਦੇ ਵਿੱਚ ਗੁਆਚ ਨਾ ਜਾਵੇਂ।





ਜਦੋਂ ਤਿੰਨ-ਚਾਰ ਘੰਟੇ ਪਟਿਆਲੇ ਰਹਿ ਕੇ ਗੱਚ ਭਰ ਆਇਆ, ਤਾਂ ਬਿਲਕੁਲ ਏਦਾਂ ਲੱਗਾ ਜਿਵੇਂ ਆਪਣੇ ਮੂਲ ਨਾਲੋਂ ਟੁੱਟ ਕੇ ਮਿੱਟੀ ਵਿੱਚ ਰੁਲਦਾ ਪੱਤਾ ਆਪਣੀ ਟਾਹਣੀ ਵੱਲ ਵੇਖਦਾ ਹੋਵੇ; ਪਰ ਹੁਣ ਉਸ ਬੇਰੰਗ ਹੋ ਰਹੇ ਪੱਤੇ ਨੂੰ ਬੇਰਹਿਮ ਹਵਾ ਨੇ ਕਿੱਧਰ ਚੁੱਕ ਕੇ ਸੁੱਟਣਾ ਹੈ, ਉਸ ਨੂੰ ਆਪ ਵੀ ਪਤਾ ਨਹੀਂ।

8447940196

# ਓਹ ਅਤੇ ਮੈਂ

## ਜਸਵੀਰ ਤਿਆਗੀ

ਓਹ ਬਹੁਤ ਚੰਗੀ
ਮੈਂ ਰਤਾ ਮਾੜਾ

ਓਸਦੇ ਨਾਲ ਰਲ਼ ਕੇ
ਮੈਂ ਵੀ ਚੰਗਾ ਹੋ ਜਾਵਾਂਗਾ

ਜਿਵੇਂ ਮਿਸ਼ਰੀ ਨਾਲ ਰਲ਼ ਕੇ
ਫਿੱਕਾ ਜਲ ਵੀ ਮਿੱਠਾ ਹੋ ਜਾਏ।

## 2. ਰਿਸ਼ਤਾ

ਰਿਸ਼ਤਿਆਂ ਨੂੰ
ਸਮੇਂ ਸਮੇਂ 'ਤੇ

ਵਾਕਫ਼ੀ ਦੇ ਪਾਣੀ ਨਾਲ ਸਿੰਝਦੇ ਰਹੋ
ਧਿਆਨ ਦੀ ਧੁੱਪ ਲੁਆਉਂਦੇ ਰਹੋ

ਕਦੇ ਕਦਾਈਂ
ਖ਼ੁਸ਼ੀਆਂ ਦੀ
ਖਾਦ ਵੀ ਜ਼ਰੂਰੀ ਐ

ਅਣਗਹਿਲੀਆਂ ਤੇ ਅਣਡਿੱਠਾਂ ਦੀਆਂ
ਹਨੇਰੀਆਂ ਤੋਂ ਬਚਾਉਂਦੇ ਰਹਿਓ

ਰਿਸ਼ਤੇ ਬੂਟਿਆਂ ਦੇ ਵਾਂਗ ਨੇ
ਧਿਆਨ ਨਾ ਦੇਣ 'ਤੇ
ਮੁਰਝਾਅ ਕੇ ਇੱਕ ਦਿਨ ਸੁੱਕ ਜਾਂਦੇ ਨੇ

ਅਨੁਵਾਦ: ਪੂਨਮ ਸਿੰਘ

# ਜ਼ਿੰਦਗੀ ਦੀ ਹਕੀਕਤ

## ਵਿਜੈ ਗਰਗ



**ਮੈਂ** ਐੱਮਐੱਲਏ ਲਈ ਗੱਡੀ ਚਲਾਉਂਦਾ ਹਾਂ। ਮੈਂ ਜ਼ਿਆਦਾਤਰ ਰਾਤ ਦੀ ਸ਼ਿਫ਼ਟ ਵਿਚ ਕੰਮ ਕਰਦਾ ਹਾਂ।
ਪਿਛਲੇ ਹਫ਼ਤੇ, ਰਾਤ ਦੇ ਕਰੀਬ ਗਿਆਰਾਂ ਵਜੇ, ਮੈਂ ਇੱਕ ਬਜ਼ੁਰਗ ਸੱਜਣ ਨੂੰ 'ਪਿੱਕ' ਕੀਤਾ। ਚਿੱਟਾ ਕੁੜਤਾ ਅਤੇ ਧੋਤੀ, ਅੱਖਾਂ ਵਿੱਚ ਥਕਾਵਟ— ਪਰ ਉਨ੍ਹਾਂ ਦੀ ਅਵਾਜ਼ ਵਿੱਚ ਇੱਕ ਅਜੀਬ ਜਿਹੀ ਦ੍ਰਿੜ੍ਹਤਾ ਸੀ।

ਜਿਵੇਂ ਹੀ ਉਹ ਗੱਡੀ ਵਿੱਚ ਬੈਠੇ, ਉਨ੍ਹਾਂ ਕਿਹਾ:
"ਅੱਜ ਰਾਤ, ਤੂੰ ਮੈਨੂੰ ਪੰਜ ਥਾਵਾਂ 'ਤੇ ਲੈ ਕੇ ਜਾਣਾ ਹੈ। ਮੈਂ ਤੈਨੂੰ ਪੰਜ ਹਜ਼ਾਰ ਰੁਪਏ ਦਿਆਂਗਾ। ਨਕਦ। ਪਰ ਜਦੋਂ ਤੱਕ ਸਭ ਖ਼ਤਮ ਨਾ ਹੋ ਜਾਵੇ, ਕਾਰਨ ਨਾ ਪੁੱਛੀਂ।"

ਉਨ੍ਹਾਂ ਮੈਨੂੰ ਕਾਗਜ਼ ਦਾ ਇੱਕ ਟੁਕੜਾ ਦਿੱਤਾ, ਜਿਸ ਉੱਤੇ ਪੰਜ ਪਤੇ ਲਿਖੇ ਸਨ।

### -ਪਹਿਲਾ ਪੜਾਅ-

ਦੱਖਣੀ ਕੋਲਕਾਤਾ ਵਿੱਚ ਇੱਕ ਪੁਰਾਣਾ ਘਰ।
ਮੈਂ ਗੱਡੀ ਰੋਕ ਦਿੱਤੀ। ਉਹ ਹੇਠਾਂ ਨਹੀਂ ਉੱਤਰੇ। ਬਸ ਸ਼ੀਸ਼ਾ ਥੱਲੇ ਕੀਤਾ ਅਤੇ ਉਸ ਘਰ ਨੂੰ ਦੇਖਦੇ ਰਹੇ... ਦਸ ਮਿੰਟ।
ਉਨ੍ਹਾਂ ਦੀਆਂ ਅੱਖਾਂ ਵਿਚੋਂ ਚੁੱਪ-ਚਾਪ ਹੰਝੂ ਵਹਿੰਦੇ ਰਹੇ।
"ਚੱਲੋ... ਅਗਲੀ ਥਾਂ।"

### -ਦੂਜਾ ਪੜਾਅ—

ਇੱਕ ਪ੍ਰਾਇਮਰੀ ਸਕੂਲ। ਗੇਟ ਨੂੰ ਜਿੰਦਰਾ ਲੱਗਾ ਸੀ। ਅੰਦਰ ਦਾ ਖੇਡ ਦਾ ਮੈਦਾਨ ਹਨੇਰੇ ਵਿੱਚ ਡੁੱਬਾ ਸੀ।
ਉਹ ਹੇਠਾਂ ਉੱਤਰੇ, ਹੌਲੀ ਹੌਲੀ ਤੁਰਦੇ ਹੋਏ ਇੱਕ ਝੂਲੇ ਕੋਲ ਗਏ, ਉਸ 'ਤੇ ਬੈਠੇ, ਤੇ ਹੌਲੀ ਹੌਲੀ ਝੂਲਾ ਝੂਲਣ ਲੱਗੇ।

ਵੀਹ ਮਿੰਟ ਬਾਅਦ, ਉਹ ਵਾਪਸ ਆਏ ਅਤੇ ਬੋਲੇ—
"ਮੈਂ ਇੱਥੇ ਪੜ੍ਹਾਇਆ ਸੀ। ਤਰਤਾਲੀ ਸਾਲ। ਇਹ ਮੇਰੀ ਜ਼ਿੰਦਗੀ ਦਾ ਸਭ ਤੋਂ ਵਧੀਆ ਦੌਰ ਸੀ।"

### -ਤੀਜਾ ਪੜਾਅ—

ਇੱਕ ਛੋਟਾ, ਪੁਰਾਣਾ ਕੌਫ਼ੀ ਹਾਊਸ।
ਉਹ ਅੰਦਰ ਗਏ, ਇੱਕ ਕੱਪ ਚਾਹ ਦਾ ਆਰਡਰ ਦਿੱਤਾ, ਅਤੇ ਕੋਨੇ ਵਾਲੀ ਇੱਕ ਮੇਜ਼ 'ਤੇ ਇਕੱਲੇ ਬੈਠ ਗਏ। ਉਨ੍ਹਾਂ ਚਾਹ ਨੂੰ ਛੋਹਿਆ ਵੀ ਨਹੀਂ। ਬਸ ਆਲੇ ਦੁਆਲੇ ਦੇਖਦੇ ਰਹੇ।
ਪੰਦਰਾਂ ਮਿੰਟਾਂ ਬਾਅਦ, ਉਹ ਹਲਕੀ ਜਿਹੀ ਮੁਸਕਾਨ ਨਾਲ ਵਾਪਸ ਆਏ—
"ਇੱਥੇ ਹੀ ਮੈਂ ਪਹਿਲੀ ਵਾਰ ਮਿਤਾਲੀ ਨੂੰ ਮਿਲਿਆ ਸੀ... ਮੇਰੀ ਪਤਨੀ ਨੂੰ। 1969 ਵਿੱਚ।"

### -ਚੌਥਾ ਪੜਾਅ-

ਨਿਮਤਲਾ ਸ਼ਮਸ਼ਾਨਘਾਟ।
ਉਹ ਹੇਠਾਂ ਉਤਰੇ, ਇੱਕ ਸਮਾਰਕ ਕੋਲ ਖੜ੍ਹੇ ਹੋਏ, ਅਤੇ ਹੌਲੀ ਜਿਹੇ ਕੁਝ ਅਜਿਹਾ ਕਿਹਾ ਜੋ ਮੈਂ ਸੁਣ ਨਹੀਂ ਸਕਿਆ।
ਅੱਧੇ ਘੰਟੇ ਬਾਅਦ, ਉਹ ਵਾਪਸ ਆਏ। ਉਨ੍ਹਾਂ ਦੀਆਂ ਅੱਖਾਂ ਲਾਲ ਸਨ।
"ਉਸ ਨੂੰ ਗੁਜ਼ਰੀ ਨੂੰ ਤਿੰਨ ਸਾਲ ਹੋ ਗਏ ਹਨ।"

### - ਪੰਜਵਾਂ ਪੜਾਅ-

ਇੱਕ ਵੱਡਾ ਸਰਕਾਰੀ ਹਸਪਤਾਲ।
ਉਨ੍ਹਾਂ ਮੈਨੂੰ ਗੱਡੀ ਪਾਰਕ ਕਰਨ ਲਈ ਕਿਹਾ। ਫਿਰ ਮੇਰੇ ਵੱਲ ਦੇਖਿਆ ਤੇ ਬੋਲੇ—
"ਹੁਣ ਮੈਂ ਤੈਨੂੰ ਕਾਰਨ ਦੱਸਦਾ ਹਾਂ। ਮੈਨੂੰ ਸਟੇਜ ਚਾਰ ਦਾ ਕੈਂਸਰ ਹੈ। ਡਾਕਟਰ ਨੇ ਕਿਹਾ ਹੈ... ਕੁਝ ਹਫ਼ਤੇ... ਸ਼ਾਇਦ ਬੱਸ ਕੁਝ ਦਿਨ। ਅੱਜ ਰਾਤ, ਮੈਂ ਆਪਣੀ ਪੂਰੀ ਜ਼ਿੰਦਗੀ ਨੂੰ ਆਖਰੀ ਵਾਰ ਦੇਖਣਾ ਚਾਹੁੰਦਾ ਸੀ।"

ਮੈਂ ਆਪਣਾ ਸਿਰ ਸਟੀਅਰਿੰਗ ਵੀਲ 'ਤੇ ਰੱਖ ਦਿੱਤਾ ਤੇ ਰੋਣ ਲੱਗ ਪਿਆ।

ਉਨ੍ਹਾਂ ਕਿਹਾ—
"ਉਹ ਘਰ — ਜਿੱਥੇ ਮੈਂ ਆਪਣੇ ਬੱਚਿਆਂ ਨੂੰ ਪਾਲਿਆ-ਪੋਸਿਆ।
ਉਹ ਸਕੂਲ — ਜਿੱਥੇ ਮੈਨੂੰ ਆਪਣੀ ਜ਼ਿੰਦਗੀ ਦਾ ਮਕਸਦ ਮਿਲਿਆ।
ਉਹ ਕੌਫ਼ੀ ਹਾਊਸ — ਜਿੱਥੇ ਮੈਨੂੰ ਆਪਣਾ ਪਿਆਰ ਮਿਲਿਆ।
ਉਹ ਸ਼ਮਸ਼ਾਨਘਾਟ — ਜਿੱਥੇ ਮੈਂ ਆਪਣੇ ਪਿਆਰਿਆਂ ਨੂੰ ਆਖਰੀ ਵਿਦਾਈ ਦਿੱਤੀ।
ਤੇ ਇਹ ਹਸਪਤਾਲ — ਜਿੱਥੇ ਹੁਣ ਮੈਂ ਭਰਤੀ ਹੋਣ ਜਾ ਰਿਹਾ ਹਾਂ। ਹੁਣ ਇੱਥੋਂ ਘਰ ਵਾਪਸੀ ਨਹੀਂ ਹੋਣੀ।"

ਉਨ੍ਹਾਂ ਮੇਰੇ ਹੱਥ ਵਿੱਚ 5000 ਰੁਪਏ ਰੱਖੇ।

"ਧੰਨਵਾਦ। ਤੂੰ ਮੈਨੂੰ ਇੱਕ ਵਾਰ ਫਿਰ ਮੇਰੀ ਪੂਰੀ ਜ਼ਿੰਦਗੀ ਨਾਲ ਰੂਬਰੂ ਕਰਵਾਅ ਦਿੱਤਾ। ਤੂੰ ਹੀ ਉਹ ਆਖਰੀ ਅਜਨਬੀ ਹੈਂ... ਜੋ ਮੇਰੇ ਨਾਲ ਏਨੀ ਹਮਦਰਦੀ ਨਾਲ ਪੇਸ਼ ਆਇਆ।"

ਮੈਂ ਕਿਹਾ—
"ਮੈਂ ਇਹ ਪੈਸੇ ਨਹੀਂ ਲੈ ਸਕਦਾ।"

ਉਨ੍ਹਾਂ ਜਵਾਬ ਦਿੱਤਾ—
- "ਲੈ ਲੈ। ਹੁਣ ਮੇਰੇ ਕੋਲ ਇਹ ਦੇਣ ਲਈ ਕੋਈ ਬਚਿਆ ਹੀ ਨਹੀਂ। ਮੇਰੇ ਬੱਚੇ ਮੇਰੇ ਤੋਂ ਏਨੀ ਦੂਰ ਹੋ ਗਏ ਨੇ ਕਿ ਹੁਣ ਉਹ ਮੇਰੇ ਨਾਲ ਗੱਲ ਵੀ ਨਹੀਂ ਕਰਦੇ। ਮੇਰੇ ਸਾਰੇ ਦੋਸਤ ਵੀ ਇੱਕ ਇੱਕ ਕਰ ਕੇ ਇਸ ਦੁਨੀਆ ਤੋਂ ਚਲੇ ਗਏ। ਤੂੰ ਮੈਨੂੰ ਤਿੰਨ ਘੰਟੇ ਦਿੱਤੇ— ਇਨਸਾਨੀਅਤ ਨਾਲ ਭਰੇ ਤਿੰਨ ਘੰਟੇ। ਇਹ ਦੌਲਤ ਤੋਂ ਕਿਤੇ ਵੱਧ ਕੀਮਤੀ ਹੈ।"

ਉਨ੍ਹਾਂ ਆਪਣਾ ਛੋਟਾ ਜਿਹਾ ਸੂਟਕੇਸ ਚੁੱਕਿਆ ਅਤੇ ਅੰਦਰ ਚਲੇ ਗਏ।

ਅਗਲੇ ਦਿਨ, ਮੈਂ ਹਸਪਤਾਲ ਗਿਆ।
ਮੈਂ ਪੁੱਛਿਆ—
"ਸ਼੍ਰੀ ਅਨਿਰੁੱਧ ਮੁਖਰਜੀ। ਕਮਰਾ ਨੰਬਰ 412."

ਮੈਂ ਫੁੱਲਾਂ ਦਾ ਗੁਲਦਸਤਾ ਲੈ ਕੇ ਅੰਦਰ ਗਿਆ। ਮੈਨੂੰ ਦੇਖਦਿਆਂ ਹੀ ਉਨ੍ਹਾਂ ਦੇ ਚਿਹਰੇ 'ਤੇ ਮੁਸਕਾਨ ਆ ਗਈ—
''ਤੂੰ ਆ ਗਿਆ?''

''ਮੈਂ ਤੁਹਾਨੂੰ ਇਸ ਤਰ੍ਹਾਂ ਇਕੱਲਾ ਛੱਡ ਕੇ ਨਹੀਂ ਜਾ ਸਕਦਾ ਸੀ।''

ਅਸੀਂ ਦੋ ਘੰਟੇ ਗੱਲਾਂ ਕੀਤੀਆਂ— ਮਿਤਾਲੀ ਦੇਵੀ ਬਾਰੇ, ਉਨ੍ਹਾਂ ਦੇ ਵਿਦਿਆਰਥੀਆਂ ਬਾਰੇ, ਅਤੇ ਉਨ੍ਹਾਂ ਦੇ ਉਨ੍ਹਾਂ ਬੱਚਿਆਂ ਬਾਰੇ ਜੋ ਹੁਣ ਉਨ੍ਹਾਂ ਤੋਂ ਦੂਰ ਹੋ ਚੁੱਕੇ ਸਨ।

ਮੈਂ ਹਰ ਰੋਜ਼ ਉਨ੍ਹਾਂ ਨੂੰ ਮਿਲਣ ਜਾਣ ਲੱਗ ਪਿਆ। ਮੈਂ ਉਨ੍ਹਾਂ ਲਈ ਚਾਹ ਲੈ ਕੇ ਜਾਂਦਾ, ਉਨ੍ਹਾਂ ਨੂੰ ਅਖ਼ਬਾਰ ਪੜ੍ਹ ਕੇ ਸੁਣਾਉਂਦਾ, ਜਾਂ ਕਦੇ ਕਦੇ ਬਸ ਚੁੱਪ ਚਾਪ ਉਨ੍ਹਾਂ ਕੋਲ ਬੈਠਾ ਰਹਿੰਦਾ।

ਇੱਕ ਦਿਨ, ਉਨ੍ਹਾਂ ਕਿਹਾ—
''ਮੈਨੂੰ ਲੱਗਦਾ ਸੀ ਕਿ ਮੈਂ ਬਿਲਕੁਲ ਇਕੱਲਾ ਮਰਾਂਗਾ। ਪਰ ਤੂੰ ਇੱਥੇ ਹੈਂ। ਮੇਰੀ ਜ਼ਿੰਦਗੀ ਦੇ ਆਖਰੀ ਪਲਾਂ ਵਿੱਚ, ਇੱਕ ਅਜਨਬੀ ਹੀ ਮੇਰਾ ਆਪਣਾ ਪਰਿਵਾਰ ਬਣ ਗਿਆ। ਮੇਰਾ ਅਸ਼ੀਰਵਾਦ ਹਮੇਸ਼ਾ ਤੇਰੇ ਨਾਲ ਹੈ।''

ਮੈਂ ਉਨ੍ਹਾਂ ਦਾ ਹੱਥ ਫੜ ਲਿਆ—
''ਤੁਸੀਂ ਬਿਲਕੁਲ ਵੀ ਇਕੱਲੇ ਨਹੀਂ ਹੋ।''

ਮੰਗਲਵਾਰ ਦੀ ਸਵੇਰ, 3:17 ਵਜੇ, ਉਨ੍ਹਾਂ ਆਪਣਾ ਆਖਰੀ ਸਾਹ ਲਿਆ। ਮੈਂ ਉੱਥੇ ਹੀ ਬੈਠਾ ਸੀ, ਉਨ੍ਹਾਂ ਦਾ ਹੱਥ ਫੜ ਕੇ।

ਉਨ੍ਹਾਂ ਦੇ ਆਖਰੀ ਸ਼ਬਦ ਸਨ—
''ਸਭ ਨੂੰ ਇਹ ਸੁਨੇਹਾ ਦੇਣਾ... ਕਿ ਅਜਨਬੀਆਂ ਵੱਲ ਵੀ ਧਿਆਨ ਦਿਓ। ਸਚਮੁਚ ਉਨ੍ਹਾਂ ਨੂੰ ਗਹੁ ਨਾਲ ਦੇਖੋ। ਅਸੀਂ ਸਾਰੇ ਕਿਤੇ ਨਾ ਕਿਤੇ ਜਾ ਹੀ ਤਾਂ ਰਹੇ ਹਾਂ— ਕੋਈ ਤੇਜ਼ ਰਫ਼ਤਾਰ ਨਾਲ, ਕੋਈ ਹੌਲੀ ਹੌਲੀ। ਇਸ ਸਫ਼ਰ ਵਿੱਚ, ਇੱਕ ਦੂਜੇ ਨਾਲ ਹਮਦਰਦੀ ਨਾਲ ਪੇਸ਼ ਆਓ। ਤੂੰ ਅਜਿਹਾ ਹੀ ਕੀਤਾ। ਤੂੰ ਮੇਰੀ ਜ਼ਿੰਦਗੀ ਦੇ ਆਖਰੀ ਦਿਨਾਂ ਨੂੰ ਜੀਉਣ ਲਾਇਕ ਬਣਾਅ ਦਿੱਤਾ।''

ਮਾਨੀਟਰ 'ਤੇ ਦਿਖ ਰਹੀ ਧੜਕਣਾਂ ਦੀ ਲਕੀਰ ਸਿੱਧੀ ਹੋ ਗਈ।

ਉਨ੍ਹਾਂ ਦੇ ਅੰਤਿਮ ਸੰਸਕਾਰ ਵਿੱਚ ਸਿਰਫ਼ ਛੇ ਜਣੇ ਮੌਜੂਦ ਸਨ:

ਮੈਂ,
ਤਿੰਨ ਨਰਸਾਂ,
ਇੱਕ ਵਕੀਲ,
ਅਤੇ ਉਨ੍ਹਾਂ ਦਾ ਇੱਕ ਪੁਰਾਣਾ ਵਿਦਿਆਰਥੀ।

- 43 ਸਾਲ ਦੀ ਅਧਿਆਪਨ ਸੇਵਾ।
- 52 ਸਾਲ ਦਾ ਵਿਆਹੁਤਾ ਜੀਵਨ।
- ਜ਼ਿੰਦਗੀ ਦੇ 81 ਸਾਲ। -
- ਛੇ ਲੋਕ। -

ਮੈਂ ਕਿਹਾ—
''ਸ਼੍ਰੀ ਅਨਿਰੁੱਧ ਨੇ ਮੈਨੂੰ ਸਿਖਾਇਆ—

ਹਰ ਅਜਨਬੀ ਕਿਸੇ ਦੀ ਪੂਰੀ ਦੁਨੀਆ ਹੁੰਦਾ ਹੈ।
ਹਰ ਯਾਤਰੀ ਇੱਕ ਕਹਾਣੀ ਹੁੰਦਾ ਹੈ।
ਹਰ ਇਨਸਾਨ ਜੀ ਰਿਹਾ ਹੈ, ਮਰ ਰਿਹਾ ਹੈ, ਇੰਤਜ਼ਾਰ ਕਰ ਰਿਹਾ ਹੈ... ਕਿ ਕੋਈ ਉਸ ਨੂੰ ਸੱਚਮੁੱਚ ਦੇਖੇ।''

ਉਨ੍ਹਾਂ ਮੈਨੂੰ ਜ਼ਿੰਦਗੀ ਦੀ ਰਾਹ 'ਤੇ ਚੱਲਣ ਲਈ 5000 ਰੁਪਏ ਦਿੱਤੇ।
ਪਰ ਉਨ੍ਹਾਂ ਮੈਨੂੰ ਜੋ ਸਿਖਾਇਆ... ਉਹ ਪੈਸਿਆਂ ਤੋਂ ਕਿਤੇ ਵੱਧ ਕੀਮਤੀ ਹੈ।

- ''ਇਨਸਾਨੀਅਤ ਕੋਈ ਫਾਲਤੂ ਚੀਜ਼ ਨਹੀਂ ਹੈ। ਇਹ ਹੀ ਸਭ ਕੁਝ ਹੈ।''-

ਅੱਜ ਵੀ, ਉਹ 5000 ਰੁਪਏ ਮੇਰੇ ਗਲੱਵ ਬਾਕਸ ਵਿੱਚ ਪਏ ਨੇ। ਮੈਂ ਉਨ੍ਹਾਂ ਨੂੰ ਕਦੇ ਖਰਚ ਨਹੀਂ ਕੀਤਾ।

ਕਿਉਂਕਿ ਹੋ ਸਕਦਾ ਹੈ ਕਿ ਹਰ ਯਾਤਰੀ ਆਪਣੀ ਆਖਰੀ ਯਾਤਰਾ 'ਤੇ ਹੋਵੇ.......
ਹੋ ਸਕਦਾ ਹੈ ਕਿ ਹਰ ਅਜਨਬੀ ਆਪਣੀ ਆਖਰੀ ਵਿਦਾਈ ਦੇ ਰਿਹਾ ਹੋਵੇ......

ਇਸ ਲਈ ਹੁਣ, ਮੈਂ ਵੱਖਰੇ ਤਰੀਕੇ ਨਾਲ ਗੱਡੀ ਚਲਾਉਂਦਾ ਹਾਂ।
ਮੈਂ ਪੁੱਛਦਾ ਹਾਂ। ਮੈਂ ਸੁਣਦਾ ਹਾਂ। ਮੈਂ ਲੋਕਾਂ ਨੂੰ ਸੱਚਮੁੱਚ ਦੇਖਦਾ ਹਾਂ।
ਕਿਉਂਕਿ ਇੱਕ ਵਾਰ ਇੱਕ ਬਜ਼ੁਰਗ ਅਧਿਆਪਕ ਨੇ ਇੱਕ ਸੁਕੂਨ ਭਰੀ ਰਾਤ ਦੀ ਗੁਜ਼ਾਰਿਸ਼ ਕੀਤੀ ਸੀ— ਅਤੇ ਇੱਕ ਅਜਨਬੀ ਨੇ ਉਨ੍ਹਾਂ ਨਾਲ ਰੁਕਣ ਦਾ ਫ਼ੈਸਲਾ ਕੀਤਾ।

(-ਖਾਮੋਸ਼ ਪਲ, ਅਣਕਹੇ ਸੱਚ।-)
ਰਿਟਾਇਰਡ ਪ੍ਰਿੰਸੀਪਲ

ਅਜ਼ੂਰੇਸ਼ਨਲ ਕਾਲਮਨਵੀਸ ਮਲੋਟ ਪੰਜਾਬ

*ਕਸ਼ਮੀਰ ਤੋਂ ਨਵੀਂ ਕਿਤਾਬ:*
*''ਝੀਲ ਪਿੰਡੇ ਤੇ ਲਿਖੀ ਬਹਿਰ'' ਵਿਚੋਂ*

## ਜੋਗਿੰਦਰ ਸਿੰਘ ਪਾਂਧੀ

*ਮਿਲਣੇ ਨੂੰ ਗ਼ਮ ਕੀ ਮਿਲੇ, ਯਾਰ ਮਿਲੇ*
*ਗ਼ਮਜ਼ਦਾ ਹੋ ਕੇ ਹੀ ਗ਼ਮਜ਼ਾਰ ਮਿਲੇ*

*ਦਾਗ਼ ਦਿਲ ਸਾਂਝੇ ਨੇ ਕਿਉਂ? ਪੁੱਛਿਆ ਜਦ*
*ਸ਼ੀਸ਼ਾ ਕਹਿੰਦਾ ਕਿ ਉਹਨੂੰ ਹਾਰ ਮਿਲੇ*

*ਠੰਢ ਵਰਤਾਂਦੇ ਚਿਨਾਰ ਤਾਂ ਹੁਰਾਂ ਨੂੰ*
*ਖ਼ੁਦ ਤਰਸ ਜਾਣਾ ਕਿ ਸ਼ਹਿਜ਼ਾਰ* ਮਿਲੇ*
**ਛਾਂ*

*ਇੱਕ ਤਮਾਸ਼ਾ ਮੈਂ ਵੀ ਬਣਿਆ ਉਨ੍ਹਾਂ ਵਿਚ*
*ਮੌਖਟੇ ਪਾ ਪਾ ਜੋ ਕਿਰਦਾਰ ਮਿਲੇ*

*ਗ਼ਮ, ਸਿਤਮ, ਜਬਰ, ਕਪਟ ਤੇ ਬੇਬਸੀ*
*ਇੱਕ ਬਦਨ ਕਿਤਨੇ ਉਹਨੂੰ ਖ਼ਾਰ ਮਿਲੇ*

*ਸੱਪ ਤੁਰਦੇ ਆ ਰਹੇ ਬਸਤੀ ਦੇ ਵਲ*
*ਸਾਹਵੇਂ ਤੋਂ ਕੋਈ ਤਾਂ ਸ਼ਾਹਮਾਰ ਮਿਲੇ*

*ਚੁੰਮਾਂ ਚੁੰਮੀਂ 'ਚ ਦੱਸਾਂਗਾ ਕੀ ਫ਼ਰਕੈ*
*ਜੇ ਸ਼ਮਾ, ਸੁਅਲਾ ਜਾਂ ਰੁਖ਼ਸਾਰ* ਮਿਲੇ*
**ਗੱਲ੍ਹ*

*ਪਾਂਧੀ ਕੱਢ ਲੈ ਗਿਆ ਦਿਲ ਸੀਨੇ 'ਚੋਂ ਜਦ*
*ਸਹਿਰਾ, ਜੰਗਲ ਜਾਂ ਉੱਥੇ ਗਾਰ ਮਿਲੇ।*

*2. ਜ਼ਿੰਦਗੀ ਗਰਦਾਬ* ਹੈ* * ਭੰਵਰ
*ਖ਼ਾਬ ਵਿੱਚ ਇਕ ਖ਼ਾਬ ਹੈ*
*ਵਕਤ ਵਹਿੰਦਾ ਆਬ ਹੈ*
*ਇਹ ਜਹਾਂ ਸੁਰਾਬ* ਹੈ* * ਮ੍ਰਿਗਤ੍ਰਿਸ਼ਣਾ

*ਜੇ ਨਹਾਣਾ ਛੁਪਕੇ ਤੂੰ*
*ਅੱਖ ਮੇਰੀ ਤਲਾਬ ਹੈ*

*ਪਿਆਰ ਵਿਚ ਘਾਇਲ ਦੁਵੇਂ*
*ਦਿਲ ਜਾਂ ਸੂਹਾ ਗੁਲਾਬ ਹੈ*

*ਕਿਰ ਗਏ ਹੰਝੂ ਮੇਰੇ ਜਦ*
*ਫਿਰ ਚਮਨ ਸੈਰਾਬ* ਹੈ* *ਹਰਾ ਕਚੂਰ

*ਰਾਹ ਉਸ ਵਲ ਜਾਣ ਕਿੰਨੇ*
*ਟੇਢਾ ਮੇਢਾ ਹਿਸਾਬ ਹੈ*

*ਬੈਠਾ ਬੰਦਰ ਪੜ੍ਹਨੇ ਨੂੰ*
*ਵਰਕ ਵਰਕ ਕਿਤਾਬ ਹੈ*

*ਕਿੰਝ ਨਦੀ ਸਾਗਰ ਨੂੰ ਅੱਜ*
*ਮਿਲਣ ਲਈ ਬੇ-ਤਾਬ ਹੈ*

*ਮਾਹੀ* ਦਾ ਕੂਲਾ ਬਦਨ* *ਮੱਛੀ/ ਪ੍ਰੇਮਕਾ
*ਕੌਸਾ ਕੌਸਾ ਤਲਾਬ ਹੈ*

*ਇਕ ਬੁਢਾਪਾ ਅਪਣੇ ਵਿਚ*
*ਪਾਂਧੀ ਇਕ ਅਜ਼ਾਬ ਹੈ*

# ਤੋਹਫ਼ਾ



**ਏਨੇ** ਵਰ੍ਹਿਆਂ ਬਾਅਦ ਜਦੋਂ ਮੈਂ ਸਹੇਲੀ ਬਲਵੀਰ ਨੂੰ ਮਿਲੀ ਤਾਂ ਇਹ ਜਾਣ ਕੇ ਹੈਰਾਨੀ ਨਾ ਹੋਈ ਕਿ ਉਸਨੇ ਓਦੋਂ ਤਕ ਵੀ ਵਿਆਹ ਹੀ ਨਹੀਂ ਸੀ ਕਰਵਾਇਆ। ਮੈਂ ਜਾਣਦੀ ਸਾਂ ਕਿ ਉਹ ਆਪਣੀ ਧੁਨ ਦੀ ਪੱਕੀ ਹੈ; ਆਪਣੇ ਕੀਤੇ ਫ਼ੈਸਲੇ ਕਦੇ ਨਹੀਂ ਬਦਲਦੀ- ਪਰ ਜਦੋਂ ਉਸਨੇ ਕਿਹਾ ਕਿ 'ਇਹ ਕਮਰਾ ਮੇਰੇ ਬੇਟੇ ਰੋਹਿਤ ਦਾ ਹੈ' ਤਾਂ ਮੈਂ ਮੂੰਹ 'ਚ ਉਂਗਲਾਂ ਪਾ ਹੱਕੀ-ਬੱਕੀ ਰਹਿ ਗਈ । ਮੇਰੀਆਂ ਸੋਚਾਂ ਵਿੱਚ ਬੀਤੇ ਸਮੇਂ ਦੀਆਂ ਯਾਦਾਂ ਦੀ ਰੀਲ੍ਹ ਗਲੋਟੇ ਵਾਂਗ ਉਧੜਨ ਲੱਗੀ।

ਮੈਂ ਪਹਿਲੇ ਦਿਨ ਹੋਸਟਲ ਗਈ ਸੀ ਤਾਂ ਦੂਰੋਂ ਆਉਂਦੀ ਉੱਚੀ-ਲੰਮੀ, ਗੁੰਦਵੇਂ ਸਰੀਰ, ਗੁਲਾਬੀ ਜਿਹੇ ਤੇ ਦਗ਼ ਦਗ਼ ਕਰਦੇ ਚਿਹਰੇ ਵਾਲੀ ਮੁਟਿਆਰ ਨਜ਼ਰੀਂ ਪਈ। ਉਸ ਨੂੰ ਦੇਖ ਮੇਰਾ ਚਿਹਰਾ ਖਿੜ ਗਿਆ। ਇਸ ਦਾ ਨਾਮ ਤਾਂ ਮੈਨੂੰ ਪਤਾ ਨਹੀਂ ਸੀ ਪਰ ਏਨਾ ਯਾਦ ਸੀ ਕਿ ਇਕ ਦਿਨ, ਮੋਗੇ ਸਕੂਲ ਵਿੱਚ ਪੜ੍ਹਦਿਆਂ, ਸਕੂਲ ਦੀ ਪ੍ਰਿੰਸੀਪਲ ਨੇ ਸਵੇਰ ਦੀ ਅਸੈਂਬਲੀ ਵਿਚ ਹਾਜ਼ਰ ਕੁੜੀਆਂ ਦੇ ਇਕੱਠ 'ਚ ਇਸ ਨੂੰ ਸਾਹਮਣੇ ਸੱਦ ਕੇ ਇਸ ਦੀ ਸਿਹਤ ਦੀ ਪ੍ਰਸੰਸਾ ਕੀਤੀ ਸੀ। ਪ੍ਰਿੰਸੀਪਲ ਆਖ ਰਹੀ ਸੀ ਕਿ ਇਸ ਕੁੜੀ ਦੇ ਚਿਹਰੇ ਦਾ ਜਲੌਅ ਦੇਖੋ- ਹਸੂੰ-ਹਸੂੰ ਕਰਦਾ ਮੁਸਕਰਾਉਂਦਾ ਚਿਹਰਾ ਦੇਖੋ!

ਉਸ ਦਿਨ, ਪ੍ਰਿੰਸੀਪਲ, ਸਕੂਲ ਦੀਆਂ ਸਾਰੀਆਂ ਕੁੜੀਆਂ ਨੂੰ ਸਿਹਤਮੰਦ ਹੋਣ ਬਾਰੇ ਦੱਸ ਰਹੀ ਸੀ ਅਤੇ ਉਸ ਨੇ ਇਸੇ ਕੁੜੀ ਨੂੰ ਉਦਾਹਰਣ ਦੇ ਤੌਰ 'ਤੇ ਚੁਣਿਆ ਸੀ! ਉਹ ਸੱਚਮੁਚ ਬਹੁਤ ਮਨ ਲੱਗਦੀ, ਅਤੇ ਸੁਨੱਖੀ-ਸੋਹਣੀ ਵੀ ਸੀ ਅਤੇ ਸਦਾ ਮੁਸਕਰਾਉਂਦੀ ਰਹਿੰਦੀ ਸੀ। ਉਸਦੀ ਮੁਸਕਰਾਹਟ ਉਸਦੇ ਹੁਸਨ ਨੂੰ ਚਾਰ ਚੰਨ ਲਾਉਂਦੀ। ਉਸ ਦਾ ਪੰਜਾਬੀ ਪਹਿਰਾਵਾ- ਕਮੀਜ਼ ਅਤੇ ਭਾਰੀ ਪਟਿਆਲਾ ਸਲਵਾਰ ਅਤੇ ਢਾਈ ਮੀਟਰ ਦੀ ਚੁੰਨੀ-... ਉਸਦੇ ਮਾਲਵੇ ਦੀ ਜੱਟੀ ਹੋਣ ਦੀ ਸ਼ਾਹਦੀ ਭਰਦੇ ਸਨ। ਸੋਹਣੇ ਹਲਕੇ ਰੰਗ ਦੇ ਕੱਪੜੇ ਉਸ ਨੂੰ ਬਹੁਤ ਫਬਦੇ ਸਨ।

ਅਸੀਂ ਇਕ ਦੂਸਰੀ ਨੂੰ ਮਿਲ ਕੇ ਬਹੁਤ ਖੁਸ਼ ਹੋਈਆਂ ਸੀ- ਜਾਪਿਆ ਸੀ ਜਿਵੇਂ ਕਿਸੇ ਬਗਾਨੇ ਦੇਸ਼ ਵਿੱਚ ਸਾਡਾ ਅਚਾਨਕ ਮੇਲ ਹੋ ਗਿਆ ਹੋਵੇ! ਓਦੋਂ ਹੋਸਟਲ ਵਿਦੇਸ਼ ਵਾਂਗ ਹੀ ਤਾਂ ਲੱਗਦਾ ਸੀ। ਉਸ ਨੂੰ ਮੇਰਾ ਨਾਮ ਯਾਦ ਸੀ ਅਤੇ ਉਸ ਨੇ ਬਿਨਾਂ ਪੁੱਛੇ ਆਪਣਾ ਨਾਮ ਦੱਸ ਦਿੱਤਾ। ਬਲਵੀਰ ਨੇ ਪ੍ਰੀ-ਮੈਡੀਕਲ ਵਿੱਚ ਦਾਖ਼ਲਾ ਲਿਆ ਤੇ ਮੈਂ ਬੀਐੱਸਸੀ ਮੈਡੀਕਲ ਦੇ ਦੂਸਰੇ ਸਾਲ ਵਿੱਚ। ਸਕੂਲ 'ਚ ਵੀ ਉਹ ਮੇਰੇ ਨਾਲ ਸੀ, ਮੇਰੇ ਤੋਂ ਪਿੱਛੇ। ਗੱਲ-ਬਾਤ ਦੌਰਾਨ ਪਤਾ ਲੱਗਾ ਕਿ ਹੋਸਟਲ ਵਿੱਚ ਉਸਦਾ ਕਮਰਾ ਮੇਰੇ ਕਮਰੇ ਦੇ ਨਾਲ ਵਾਲਾ ਹੀ ਸੀ। ਉਸਦੀ ਰੂਮ-ਮੇਟ ਸੀ ਲੁਧਿਆਣੇ ਦੇ ਨੇੜਲੇ ਪਿੰਡ ਦੀ ਕੁੜੀ ਸ਼ਰਨਜੀਤ, ਤੇ ਮੇਰੀ ਰੂਮ-ਮੇਟ ਸੀ ਦਿੱਲੀ ਦੀ ਕੁੜੀ -ਨੀਰੂ।

ਦਿਨ ਬੀਤਣ ਲੱਗੇ। ਅਸੀਂ ਖਾਣੇ 'ਤੇ ਇਕ ਦੂਸਰੇ ਦੀ ਉਡੀਕ ਕਰਨ ਲੱਗੀਆਂ। ਜੇਕਰ ਪੀਰੀਅਡ ਦਾ ਸਮਾਂ ਇੱਕੋ ਹੁੰਦਾ ਤਾਂ ਇਕੱਠੀਆਂ ਹੋਸਟਲ 'ਚੋਂ ਨਿੱਕਲਦੀਆਂ ਤੇ ਕਾਲਜ ਪਹੁੰਚ ਆਪੋ ਆਪਣੀਆਂ ਕਲਾਸਾਂ ਵੱਲ ਨੂੰ ਹੋ ਜਾਂਦੀਆਂ। ਬਗਾਨੇ ਸ਼ਹਿਰ ਵਿੱਚ ਸਾਨੂੰ ਇਕ ਦੂਸਰੇ ਦਾ ਬਹੁਤ ਸਹਾਰਾ ਸੀ ਅਤੇ ਕੁਝ ਹੀ ਦਿਨਾਂ ਵਿੱਚ ਸਾਡਾ ਗਰੁੱਪ ਵੀ ਵੱਡਾ ਹੋ ਗਿਆ। ਮੇਰੀ ਰੂਮ-ਮੇਟ ਨੀਰੂ ਤੇ ਬਲਵੀਰ ਦੀ ਰੂਮ-ਮੇਟ ਸ਼ਰਨਜੀਤ ਤੋਂ ਇਲਾਵਾ, ਇਕ ਯੂਪੀ, ਇਕ ਕਲਕੱਤੇ ਤੇ ਦੋ ਅਫ਼ਰੀਕਾ ਤੋਂ ਆਈਆਂ ਪੰਜਾਬੀ ਕੁੜੀਆਂ ਸਾਡੇ ਨਾਲ ਜੁੜ ਗਈਆਂ। ਇੱਕ ਨੀਰੂ ਤੋਂ ਛੁੱਟ ਸਾਰੀਆਂ ਕੁੜੀਆਂ ਪੰਜਾਬੀ ਬੋਲਦੀਆਂ ਸਨ। ਨੀਰੂ ਹਿੰਦੀ ਬੋਲਦੀ ਸੀ।

ਬਲਵੀਰ ਨੂੰ ਨੀਰੂ ਉੱਕਾ ਚੰਗੀ ਨਾ ਲੱਗਦੀ। ਉਸ ਨੂੰ ਉਸਦੇ ਹਿੰਦੀ ਬੋਲਣ 'ਤੇ ਬਹੁਤ ਖਿਝ ਚੜ੍ਹਦੀ । ਨੀਰੂ ਦੀ ਗੱਲ ਦਾ ਉਹ ਬਹੁਤ ਘੱਟ ਹੁੰਗਾਰਾ ਭਰਦੀ। ਨੀਰੂ, ਬਲਵੀਰ ਦੀ ਕਲਾਸ ਵਿਚ ਹੀ ਸੀ। ਨੀਰੂ ਨੇ ਮੈਨੂੰ ਕਈ ਵਾਰ ਕਿਹਾ ਕਿ ਬਲਵੀਰ ਉਸ ਨਾਲ ਬੋਲਦੀ ਨਹੀਂ; ਉਸ ਵੱਲ ਘੂਰ-ਘੂਰ ਦੇਖਦੀ ਰਹਿੰਦੀ ਹੈ; ਕਲਾਸ ਵਿੱਚ ਵੀ ਕਦੇ ਵੀ ਉਸ ਨਾਲ ਨਹੀਂ ਬੋਲੀ! ਮੈਂ ਹੱਸ ਕੇ ਟਾਲ ਦੇਣਾ ਪਰ ਇਕ ਦਿਨ ਮੈਂ ਆਖ ਹੀ ਦਿੱਤਾ ਕਿ ਉਸ ਨੂੰ ਤੇਰੀ ਹਿੰਦੀ ਤੋਂ ਚਿੜ੍ਹ ਹੈ।

ਉਸ ਦਿਨ ਤੋਂ ਨੀਰੂ ਨੇ ਪੰਜਾਬੀ ਬੋਲਣ ਦੀ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ। ਉਹ ਜਦੋਂ ਵੀ ਪੰਜਾਬੀ ਬੋਲਦੀ, ਬੜਾ ਹੀ ਅਜੀਬ ਜਿਹਾ ਲੱਗਦਾ। ਉਸਦੀ ਜੀਭ ਨਾ ਉਲਟਦੀ। ਬਲਵੀਰ ਹੋਰ ਵੀ ਖਿਝਦੀ।

ਇਕ ਦਿਨ ਬਲਵੀਰ ਨੇ ਖਾਣੇ ਦੀ ਟੇਬਲ 'ਤੇ ਬੁੜਬੁੜ ਕਰਦੀ ਨੇ ਆਖ ਦਿੱਤਾ, "ਜੇ ਨਹੀਂ ਬੋਲਣਾ ਆਉਂਦਾ ਤਾਂ ਚੁੱਪ ਰਹਿ! ਐਵੇਂ ਸਿਰ ਨਾ ਖਾਇਆ ਕਰ!" ਸਾਰੀਆਂ ਚੁੱਪ ਹੋ ਗਈਆਂ। ਕਮਰੇ 'ਚ ਆ ਕੇ ਨੀਰੂ ਮੈਨੂੰ ਕਹਿਣ ਲੱਗੀ, "ਦੀਦੀ! ਕੀ ਮੈਂ ਪੰਜਾਬੀ ਬਹੁਤ ਬੁਰੀ ਬੋਲਦੀ ਹਾਂ?" ਮੈਂ ਉਸ ਤੋਂ ਵੱਡੀ ਕਲਾਸ ਵਿੱਚ ਸੀ, ਇਸ ਕਰਕੇ 'ਦੀਦੀ' ਆਖਣ ਲੱਗ ਪਈ ਸੀ।

"ਨਹੀਂ," ਮੈਂ ਆਖਿਆ।

ਮੈਂ ਨੀਰੂ ਨੂੰ ਨਿਰਾਸ਼ ਨਹੀਂ ਸੀ ਕਰਨਾ ਚਾਹੁੰਦੀ, ਪਰ ਬਲਵੀਰ ਬਾਰੇ ਕੋਈ ਟੀਕਾ ਟਿੱਪਣੀ ਨਾ ਕੀਤੀ- ਨੀਰੂ ਮੈਨੂੰ ਕਦੇ ਮਾੜੀ ਨਹੀਂ ਸੀ ਲੱਗੀ ਪਰ ਮੇਰੀ ਬਲਵੀਰ ਨਾਲ ਕੁਝ ਜ਼ਿਆਦਾ ਅਪਣੱਤ ਸੀ, ਮੇਰੇ ਆਪਣੇ ਪਿੰਡ ਕੋਲ ਦੀ ਹੋਣ ਕਰਕੇ।

ਉਸ ਦਿਨ ਤੋਂ ਬਾਅਦ, ਰਾਤ ਵੇਲੇ ਖਾਣੇ ਦੇ ਟੇਬਲ 'ਤੇ ਮੈਂ ਨੀਰੂ ਦੀ ਸੀਟ ਆਪਣੇ ਨਾਲ ਰੱਖਣ ਲੱਗ ਪਈ। ਜਿਸ ਦਿਨ ਮੈਂ ਪਹਿਲੀ ਵਾਰੀ ਨੀਰੂ ਨੂੰ ਆਪਣੇ ਨਾਲ ਬਿਠਾਇਆ, ਬਲਵੀਰ ਨੇ ਅਜੀਬ ਜਿਹਾ ਮੇਰੇ ਵੱਲ ਦੇਖਿਆ। ਮੈਨੂੰ ਚੰਗਾ ਨਾ ਲੱਗਾ ਪਰ ਮੈਂ ਉਸਦੇ ਇਸ ਖਰ੍ਹਵੇਪਣ ਨੂੰ ਦੇਖ ਕੇ ਵੀ ਅਣ-ਦੇਖਿਆ ਕਰ ਦਿੱਤਾ।

ਰੂਮ-ਮੇਟ ਹੋਣ ਕਰਕੇ ਨੀਰੂ ਨਾਲ ਜੋੜ ਆਪਣੇ-ਆਪ ਬਣ ਜਾਂਦਾ। ਜਦੋਂ ਕਿਤੇ ਨੀਰੂ ਕਮਰੇ 'ਚ ਨਾ ਹੁੰਦੀ, ਬਲਵੀਰ ਛੇੜਦੀ ਤੇ ਆਖਦੀ, 'ਤੇਰੀ ਪਿਆਰੀ

ਬਾਹਮਣੀ ਕਿੱਥੇ ਆ'। ਨੀਰੂ ਦੇ ਨਾਮ ਨਾਲ ਲੱਗੇ 'ਸ਼ਰਮਾ' ਸ਼ਬਦ ਤੋਂ ਸ਼ਪੱਸਟ ਹੀ ਸੀ ਕਿ ਉਹ ਬ੍ਰਾਹਮਣਾਂ ਦੀ ਕੁੜੀ ਹੈ। ਨੀਰੂ ਦੇ ਕੱਟੇ ਹੋਏ ਵਾਲ ਮਸਾਂ ਉਸਦੇ ਮੋਢਿਆਂ ਤਕ ਆਉਂਦੇ ਸਨ। ਬਲਵੀਰ ਨੂੰ ਉਸਦੇ ਕੱਟੇ ਵਾਲ ਵੀ ਬਹੁਤ ਚੁਭਦੇ। ਉਹ ਉਸਦੇ ਵਾਲਾਂ 'ਤੇ ਕਚੀਚੀਆਂ ਲੈਂਦੀ ਰਹਿੰਦੀ। ਇਕ ਦਿਨ ਤਾਂ ਸਾਰੇ ਹੱਦਾਂ ਬੰਨੇ ਟੱਪ ਉਸਦੇ ਵਾਲਾਂ 'ਤੇ ਬੋਲਣ ਲੱਗ ਪਈ। ਖਾਣੇ ਵਾਲੇ ਟੇਬਲ 'ਤੇ ਨੀਰੂ ਆ ਕੇ ਬੈਠੀ ਹੀ ਸੀ ਕਿ ਉਹ ਬੋਲ ਪਈ, -''ਰੋਟੀ ਖਾਣ ਵੇਲੇ ਤਾਂ ਜੂੜੇ ਬੰਨ੍ਹ ਲਿਆ ਕਰ।''

ਨੀਰੂ ਨੂੰ ਗੁੱਸਾ ਤਾਂ ਬਹੁਤ ਆਇਆ ਪਰ ਬਲਵੀਰ ਦੀ ਰੂਮ-ਮੇਟ ਸ਼ਰਨਜੀਤ ਨੇ ਨੀਰੂ ਨੂੰ ਠੰਢਾ ਰੱਖਿਆ। ਉਸ ਨੇ ਤਾਂ ਬਲਵੀਰ ਨੂੰ ਵੀ ਸਮਝਾਇਆ, 'ਇਸ ਤਰ੍ਹਾਂ ਕਰਨਾ ਠੀਕ ਨਹੀਂ। ਨੀਰੂ ਆਪਾਂ ਨਾਲ ਹਰ ਤਰ੍ਹਾਂ ਸਹਿਯੋਗ ਕਰਦੀ ਹੈ। ਆਪਣੀ ਬੋਲੀ ਵੀ ਕਿਹੜਾ ਬਹੁਤੀ ਵਧੀਆ ਹੈ...। ਹੋ ਸਕਦੈ ਇਸ ਨੂੰ ਸਾਡਾ ਬੋਲਣਾ ਚੰਗਾ ਨਾ ਲਗਦਾ ਹੋਵੇ ....''

ਗੱਲ ਆਈ ਗਈ ਹੋ ਗਈ। ਨੀਰੂ ਤੇ ਬਲਵੀਰ ਦੀ ਆਪਸੀ ਦੂਰੀ ਕਾਇਮ ਹੀ ਰਹੀ। ਕਈ ਵਾਰ ਜਦੋਂ ਕਿਤੇ ਨੀਰੂ ਤੇ ਬਲਵੀਰ ਦੋਨੋਂ ਉਰੇ-ਪਰੇ ਹੁੰਦੀਆਂ ਤਾਂ ਅਸੀਂ ਖੂਬ ਹੱਸਣਾ: 'ਬਲਵੀਰ ਨੇ ਨੀਰੂ ਨੂੰ ਆਹ ਕਿਹਾ... ਨੀਰੂ ਵਿਚਾਰੀ ਚੁੱਪ ਕਰ ਗਈ'... 'ਨੀਰੂ ਨੇ ਸਕੱਰਟ ਪਾ ਲਈ, ਉਹ ਕੌੜਾ-ਕੌੜਾ ਉਸ ਵੱਲ ਵੇਖਣ ਲੱਗ ਪਈ। ਅਖੇ ਸ਼ਰਮ ਨਹੀਂ ਆਉਂਦੀ ਬਾਹਮਣੀ ਨੂੰ....'

ਇਕ ਦਿਨ ਹੋਸਟਲ ਦੀ ਮੈੱਸ ਵਿੱਚ ਸਾਗ ਬਣਿਆ। ਅਸੀਂ ਸਭ ਸ਼ਾਂਤ ਸੀ, ਸਾਗ ਦੇਖ ਕੇ। ਮੇਰੇ, ਬਲਵੀਰ ਤੇ ਸ਼ਰਨਜੀਤ ਲਈ ਸਾਗ ਕੋਈ ਖਾਸ ਚੀਜ਼ ਨਹੀਂ ਸੀ। ਅਸੀਂ ਜੱਟ ਕਿਰਸਾਨੀ ਪਰਿਵਾਰਾਂ ਨਾਲ ਸੰਬੰਧਤ ਸਾਂ। ਹੋਰਨਾਂ ਲਈ ਤੇ ਖਾਸ ਕਰ ਨੀਰੂ ਲਈ ਸਾਗ ਬੜੀ ਖਾਸ ਚੀਜ਼ ਸੀ। ਅਫ਼ਰੀਕਾ ਵਾਲੀਆਂ ਵੀ 'ਸਾਗ-ਸਾਗ!' ਕਰੀ ਜਾਣ। ਕਲਕੱਤੇ ਵਾਲੀ ਘੱਟ ਹੀ ਬੋਲਦੀ ਸੀ।

ਨੀਰੂ ਆਖਣ ਲੱਗੀ, ''ਮੇਰੀ ਮੰਮੀ ਜਬ ਮਕਈ ਦਾ ਆਟਾ ਡਾਲ ਕਰ ਸਾਗ ਬਨਾਤੀ ਹੈ ਤੋ ਸਾਰੀ ਗਲੀ ਖਾਤੀ ਹੈ।''

ਬਲਵੀਰ ਨੂੰ ਪਤਾ ਨਹੀਂ ਕਿਉਂ ਗੁੱਸਾ ਚੜ੍ਹ ਗਿਆ। ਉਹ ਇਕ ਦਮ ਬੋਲ ਪਈ, ''ਕਿਉਂ ਝੂਠ ਬੋਲਦੀ ਐਂ! ਤੇਰੀ ਮੰਮੀ ਦੋ ਚੀਰਨੀਆਂ ਸਾਗ ਮੁੱਲ ਲਿਆਉਂਦੀ ਹੋਊ ਤੇ ਸਾਰੀ ਗਲੀ ਨੂੰ ਕਿਵੇਂ ਖਵਾਅ ਦਿੰਦੀ ਆ......!''

ਨੀਰੂ ਚੁੱਪ ਰਹੀ। ਦਰਅਸਲ ਉਹ ਬਲਵੀਰ ਤੋਂ ਡਰਦੀ, ਉਸ ਦੀ ਗੱਲ ਦਾ ਕਾਟ ਨਹੀਂ ਸੀ ਕਰਨਾ ਚਾਹੁੰਦੀ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਇਕ ਵਾਰ ਅਫ਼ਰੀਕਾ ਵਾਲੀ ਅੰਮ੍ਰਿਤ ਸਾਡੇ ਸਾਰਿਆਂ ਲਈ ਅਫ਼ਰੀਕਾ ਤੋਂ ਇਕ ਇਕ ਸ਼ਰਟ ਪੀਸ ਲੈ ਕੇ ਆਈ। ਸਾਰੇ ਸ਼ਰਟ ਪੀਸ ਵੱਖਰੇ-ਵੱਖਰੇ ਰੰਗਾਂ ਦੇ ਸਨ। ਬਲਵੀਰ ਨੂੰ ਨੀਰੂ ਵਾਲਾ ਪੀਸ ਬਹੁਤਾ ਪਸੰਦ ਸੀ ਤੇ ਉਸ ਨੇ ਖਾਹਸ਼ ਪੇਸ਼ ਕੀਤੀ ਕਿ 'ਕਿਵੇਂ ਨਾ ਕਿਵੇਂ ਨੀਰੂ ਵਾਲਾ ਪੀਸ' ਉਸ ਨੂੰ ਮਿਲ ਜਾਵੇ- ਪਰ ਨੀਰੂ ਤੋਂ ਮੰਗਣਾ ਨਹੀਂ ਸੀ ਚਾਹੁੰਦੀ। ਨੀਰੂ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ, ਉਸ ਨੇ ਬਲਵੀਰ ਦੇ ਨੇੜੇ ਹੋਣ ਲਈ ਪਿਆਰ ਨਾਲ ਕਿਹਾ, ''ਬਲਵੀਰ, ਮੈਂ ਭੀ ਕਿਸੀ ਦਿਨ ਆਪਕੋ ਐਸਾ ਤੋਹਫ਼ਾ ਦੂੰਗੀ ਕਿ ਸਭੀ ਦੇਖਤੇ ਰਹਿ ਜਾਏਂਗੇ।'' ਅਸੀਂ ਸਾਰੀਆਂ ਹੱਸ ਪਈਆ। ਬਲਵੀਰ ਥੋੜ੍ਹਾ ਜਿਹਾ ਮੁਸਕਰਾਈ।

ਬਲਵੀਰ ਸਾਡੇ ਸਭ ਨਾਲੋਂ ਧਾਰਮਿਕ ਸੀ। ਉਹ ਰੋਜ਼ ਸ਼ਾਮ ਨੂੰ ਰਹਿਰਾਸ ਦਾ ਪਾਠ ਕਰਦੀ ਤੇ ਸਾਨੂੰ ਵੀ ਉਸ ਵਿੱਚ ਸ਼ਾਮਲ ਕਰਨ ਦਾ ਯਤਨ ਕਰਦੀ, ਖ਼ਾਸ ਕਰਕੇ ਮੈਨੂੰ ਤੇ ਸ਼ਰਨਜੀਤ ਨੂੰ। ਨੀਰੂ ਕਦੇ-ਕਦੇ ਸਿਰ 'ਤੇ ਚੁੰਨੀ ਲੈ ਕੇ ਸਾਡੇ ਵਿੱਚ ਬੈਠ ਜਾਂਦੀ। ਓਦੋਂ ਬਲਵੀਰ ਨੂੰ ਨੀਰੂ ਠੀਕ ਲੱਗਦੀ। ਨੀਰੂ ਵੀ ਤਾਂ ਨੀਰੂ ਸੀ- ਅੱਖਾਂ ਬੰਦ ਕਰ ਕੇ ਬੈਠੀ ਰਹਿੰਦੀ!

ਪੇਪਰ ਹੋ ਗਏ। ਰਿਜ਼ਲਟ ਆ ਗਏ। ਕੋਈ ਪਾਸ ਹੋ ਗਈ, ਕੋਈ ਫ਼ੇਲ੍ਹ। ਟੋਲਾ ਟੁੱਟ ਗਿਆ। ਕੋਈ ਏਧਰ, ਕੋਈ ਓਧਰ- ਮੈਂ ਕੈਨੇਡਾ ਆ ਗਈ; ਬਲਵੀਰ ਪ੍ਰੀ-ਮੈਡੀਕਲ 'ਚੋਂ ਫਿਰ ਲੁੜਕ ਗਈ। ਸੁਣਿਆ ਸੀ ਕਿ ਦੋ ਵਾਰ ਫ਼ੇਲ੍ਹ ਹੋਣ ਤੋਂ ਬਾਅਦ, ਬਠਿੰਡੇ, ਉਹ ਆਪਣੇ ਵੱਡੇ ਚਾਚੇ ਕੋਲ ਚਲੀ ਗਈ ਤੇ ਉਸਨੇ ਉਥੇ ਹੀ ਪ੍ਰੀ-ਮੈਡੀਕਲ 'ਚ ਦੋਬਾਰਾ ਦਾਖ਼ਲਾ ਲੈ ਲਿਆ।

ਬਲਵੀਰ ਦੇ ਡੈਡੀ ਦਿੱਲੀ ਰਹਿੰਦੇ ਸਨ। ਉਹ ਡਾਕਟਰ ਸਨ। ਪਰ ਉਸ ਨੇ ਕਦੇ ਵੀ ਆਪਣੇ ਡੈਡੀ ਦਾ ਨਾਮ ਨਹੀਂ ਸੀ ਲਿਆ। ਉਹ ਛੁੱਟੀਆਂ ਵਿੱਚ ਕਦੇ ਦਿੱਲੀ ਨਹੀਂ ਸੀ ਗਈ। ਉਸ ਦਾ ਆਪਣੇ ਚਾਚਾ-ਚਾਚੀ ਨਾਲ ਬਹੁਤ ਪਿਆਰ ਸੀ ਤੇ ਉਹੀ ਉਸਨੂੰ ਹੋਸਟਲ ਮਿਲਣ ਆਇਆ ਕਰਦੇ ਸਨ।

ਬਲਵੀਰ ਨੇ ਇਕ ਦਿਨ ਮਾੜਾ ਜਿਹਾ ਜ਼ਿਕਰ ਕੀਤਾ ਸੀ ਕਿ ਉਹ 'ਆਪਣੇ ਡੈਡੀ ਨੂੰ ਨਫ਼ਰਤ ਕਰਦੀ ਹੈ; ਉਸਦੇ ਡੈਡੀ ਨੇ ਆਪਣੀ ਇਕ ਨਰਸ ਨਾਲ ਵਿਆਹ ਕਰਵਾਅ ਲਿਆ ਸੀ ਜਿਹੜੀ ਹੁਣ ਡੈਡੀ ਨਾਲ ਰਹਿੰਦੀ ਹੈ'।

ਉਸਦੇ ਡੈਡੀ ਪਿੰਡ ਘੱਟ-ਵਧ ਹੀ ਆਉਂਦੇ। ਗੱਲ ਕੀ, ਬਲਵੀਰ ਲਈ ਉਸਦੇ ਚਾਚਾ-ਚਾਚੀ ਤੇ ਮਾਂ ਹੀ ਸਭ ਕੁਝ ਸੀ। ਉਹ ਆਪਣੀ ਮਾਂ ਨਾਲ ਵੀ ਨਰਾਜ਼ ਸੀ ਕਿ ਉਸਨੇ ਆਪਣੇ ਨਾਲ ਹੁੰਦੇ ਧੱਕੇ ਵਿਰੁੱਧ ਆਵਾਜ਼ ਕਿਉਂ ਨਾਂ ਉਠਾਈ? ਫਿਰ ਵੀ, ਉਹ ਆਪਣੀ ਮਾਂ ਨੂੰ ਪਿਆਰ ਕਰਦੀ ਸੀ।

ਪਿਤਾ ਨਾਲ ਨਫ਼ਰਤ ਹੋਣ ਕਰਕੇ ਉਸ ਨੂੰ ਸਾਰੇ ਮਰਦਾਂ ਨਾਲ ਨਫ਼ਰਤ ਸੀ! ਉਸ ਅਕਸਰ ਕਹਿਣਾ ਕਿ ਉਸਨੇ ਵਿਆਹ ਨਹੀਂ ਕਰਵਾਉਣਾ। ਉਸਨੂੰ ਡਰ ਸੀ ਕਿ ਉਸ ਨਾਲ ਵਿਆਹ ਕਰਵਾਉਣ ਵਾਲਾ ਵੀ, ਉਸਨੂੰ ਧੋਖਾ ਦੇ ਕੇ ਚਲਾ ਜਾਵੇਗਾ। ਏਸੇ ਕਰਕੇ ਉਹ ਸਾਨੂੰ ਸਭ ਨੂੰ ਵੀ ਨਸੀਹਤਾਂ ਦਿੰਦੀ ਰਹਿੰਦੀ ਸੀ ਕਿ ਕਦੇ ਕਿਸੇ ਮੁੰਡੇ ਨਾਲ ਗੱਲਬਾਤ ਨਾ ਕਰੋ।

ਇਕ ਦਿਨ, ਸਾਡੇ ਕਾਲਜ, ਕਿਸੇ ਹੋਰ ਕਾਲਜ ਦੇ ਦੋ ਆਗੂ-ਵਿਦਿਆਰਥੀ ਕਵਿਤਾ-ਉੱਚਾਰਨ ਮੁਕਾਬਲੇ ਵਿੱਚ ਹਿੱਸਾ ਲੈਣ ਲਈ ਸੱਦਾ ਦੇਣ ਆਏ। ਮੈਂ ਅਕਸਰ ਹੀ ਇਸ ਤਰ੍ਹਾਂ ਦੇ ਮੁਕਾਬਲਿਆਂ ਵਿੱਚ ਜਾਂਦੀ ਹੁੰਦੀ ਸੀ- ਮੈਨੂੰ ਪ੍ਰਿੰਸੀਪਲ ਨੇ ਬੁਲਾਅ ਲਿਆ। ਗੱਲਬਾਤ ਕਰਨ ਤੋਂ ਪਿੱਛੋਂ ਮੈਡਮ ਨੇ ਮੈਨੂੰ ਕਿਹਾ, ''ਜਾਓ ਇਨ ਕੋ ਗੇਟ ਤਕ ਛੋੜ ਕਰ ਆਉ।'' ਪ੍ਰਿੰਸੀਪਲ ਮੈਡਮ ਬੰਗਾਲੀ ਸਨ। ਹਿੰਦੀ ਬੋਲਦੇ ਸਨ।

ਮੈਨੂੰ ਉਹਨਾਂ ਨਾਲ ਤੁਰੀ ਜਾਂਦੀ ਨੂੰ ਬਲਵੀਰ ਨੇ ਦੇਖ ਲਿਆ। ਕਾਲਜ ਖ਼ਤਮ ਹੁੰਦੇ ਸਾਰ ਮੈਨੂੰ ਘੇਰ ਲਿਆ ਤੇ ਕਹਿਣ ਲੱਗੀ,

''ਦੱਸ ਮੈਨੂੰ, ਤੂੰ ਉਨ੍ਹਾਂ ਬੱਗੜਾਂ ਜਿਹਾਂ ਨਾਲ ਕਿਉਂ ਤੁਰੀ ਜਾਂਦੀ ਸੀ!''

ਬੱਗੜ ਜਿਹੇ ਇਸ ਲਈ ਆਖਦੀ ਪਈ ਸੀ ਕਿਉਂਕਿ ਉਹ ਦੋਨੋਂ ਮੁੰਡੇ ਰੰਗ ਦੇ ਬਹੁਤ ਗੋਰੇ ਸਨ। ਬਲਵੀਰ

# ਤੋਹਫ਼ਾ

ਤੋਂ ਮਸਾਂ ਖਹਿੜਾ ਛੁਡਵਾਇਆ! ਅੱਜ ਵੀ ਉਸਦੀਆਂ ਗੱਲਾਂ ਯਾਦ ਕਰ ਕੇ ਹਾਸਾ ਹੀ ਆ ਜਾਂਦਾ ਹੈ!

ਕੁਝ ਸਾਲਾਂ ਬਾਅਦ ਮੈਂ ਭਾਰਤ ਗਈ। ਬਜ਼ਾਰ ਵਿੱਚ ਮੈਨੂੰ ਦੇਖ ਕੇ ਉਹ ਚੌਂਕ ਗਈ। ਉਹ ਆਪਣੀ ਚਾਚੀ ਨਾਲ ਰਿਕਸ਼ੇ ਵਿੱਚ ਸੀ। ਮੈਨੂੰ ਦੇਖ ਕੇ ਉੱਚੀ-ਉੱਚੀ ਰਿਕਸ਼ੇ ਵਾਲੇ ਨੂੰ ਆਖਣ ਲੱਗੀ, ‘‘ਰੁਕ! ਰੁਕ!’’ ਰਿਕਸ਼ਾ ਹਾਲੇ ਰੁਕਿਆ ਹੀ ਸੀ ਕਿ ਉਹ ਛਾਲ ਮਾਰ ਕੇ ਹੇਠਾਂ ਉੱਤਰ ਗਈ।
ਅਸੀਂ ਦੋਨੋਂ ਗਲਵਕੜੀ ਪਾ ਕੇ ਮਿਲੀਆਂ। ਉਹ ਬਿਲਕੁਲ ਓਸੇ ਤਰ੍ਹਾਂ ਦੀ ਸੀ। ਸੋਹਣੇ ਫਿੱਕੇ ਜਿਹੇ ਰੰਗ ਦੀ ਸਲਵਾਰ ਕਮੀਜ਼ ਅਤੇ ਮੈਚ ਕਰਦੀ ਢਾਈ ਮੀਟਰ ਦੀ ਚੁੰਨੀ। ਓਹੋ ਗੋਰਾ ਗੁਲਾਬੀ ਰੰਗ, ਓਹੋ ਬੋਲ, ਓਹੋ ਚਾਲ- ਸੱਚਮੁਚ ਓਹੋ ਬਲਵੀਰ।
ਅਸੀਂ ਕੁਝ ਗੱਲਾਂ ਕੀਤੀਆਂ ਪਰ ਉਸ ਨੂੰ ਕਾਹਲੀ ਹੋਣ ਕਰਕੇ ਉਸਨੇ ਦੂਸਰੇ ਦਿਨ ਦਾ ਪ੍ਰੋਗਰਾਮ ਬਣਾਅ ਲਿਆ- ਕਿ ਕੱਲ੍ਹ ਨੂੰ ਆਪਾਂ ਸਾਰਾ ਦਿਨ ਇਕੱਠੀਆਂ ਰਹਾਂਗੀਆਂ।

ਮਿੱਥੇ ਸਮੇਂ ’ਤੇ ਮੈਂ ਉਨ੍ਹਾਂ ਦੇ ਘਰ ਪੁੱਜ ਗਈ।
ਹੁਣ ਉਹ ਬਲਵੀਰ ਨਹੀਂ- ਡਾ. ਬਲਵੀਰ ਕੌਰ ਭੁੱਲਰ ਸੀ! ਉਸਦੇ ਨਾਮ ਨਾਲ ਡਾਕਟਰ ਸ਼ਬਦ ਜੁੜ ਗਿਆ ਸੀ। ਮੈਨੂੰ ਉਸਦੇ ਡਾਕਟਰ ਬਣਨ ਦਾ ਬਹੁਤ ਅਚੰਭਾ ਸੀ। ਮੈਂ ਜਲਦੀ ਜਲਦੀ ਉਸ ਦੇ ਡਾਕਟਰ ਬਣਨ ਦੀ ਕਹਾਣੀ ਸੁਣਨਾ ਚਾਹੁੰਦੀ ਸੀ।
ਉਸ ਮੈਨੂੰ ਦੱਸਿਆ, ‘‘ਬਠਿੰਡੇ ਜਾ ਕੇ ਸਾਰੇ ਮਜ਼ਮੂਨਾਂ ਦੀ ਟਿਊਸ਼ਨ ਰੱਖ ਲਈ। ਨਰਸ, ਜਿਸ ਨਾਲ ਮੇਰੇ ਡੈਡੀ ਨੇ ਵਿਆਹ ਕਰਵਾਇਆ ਸੀ, ਮਰ ਗਈ- ਉਸਨੂੰ ਕੋਈ ਭੈੜੀ ਬੀਮਾਰੀ ਲੱਗ ਗਈ ਸੀ ਜਿਹੜੀ ਨਾਲ ਹੀ ਲੈ ਗਈ। ਡੈਡੀ ਇਕੱਲੇ ਹੋ ਗਏ। ਉਨ੍ਹਾਂ ਆਪਣੇ ਚਿਰਾਂ ਤੋਂ ਛੱਡੇ ਪਰਿਵਾਰ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਮੰਮੀ ਦਾ ਵੀ ਖ਼ਿਆਲ ਕਰਨ ਲੱਗੇ- ਪਰ ਰਹੇ ਉਹ ਦਿੱਲੀ ਹੀ ਕਿਉਂਕਿ ਓਥੇ ਉਹਨਾਂ ਦਾ ਕਲਿਨਿਕ ਸੀ, ਓਥੇ ਉਨ੍ਹਾਂ ਦੇ ਮਰੀਜ਼ ਸਨ। ਮੈਂ ਸੈਕਿੰਡ ਡਵੀਜ਼ਨ ਵਿੱਚ ਪ੍ਰੀ-ਮੈਡੀਕਲ ਪਾਸ ਕਰ ਲਿਆ ਤੇ ਡੈਡੀ ਨੇ ਪ੍ਰਾਈਵੇਟ ਕਾਲਜ ਨੂੰ ਡੋਨੇਸ਼ਨ ਦੇ ਕੇ ਮੈਨੂੰ ਡਾਕਟਰੀ ਵਿੱਚ ਦਾਖ਼ਲਾ ਦਵਾਅ ਦਿੱਤਾ। ਐਮਬੀਬੀਐੱਸ ਕਰ ਕੇ ਮੈਂ ਡੈਡੀ ਨਾਲ ਪ੍ਰੈਕਟਿਸ ਸ਼ੁਰੂ ਹੀ ਕੀਤੀ ਸੀ ਕਿ ਡੈਡੀ ਨੂੰ ਦਿਲ ਦਾ ਦੌਰਾ ਪੈ ਗਿਆ ਤੇ ਜਹਾਨੋਂ ਤੁਰ ਗਏ.....। ਓਦੋਂ ਤੋਂ ਮੈਂ ਡੈਡੀ ਦਾ ਕਲਿਨਿਕ ਸੰਭਾਲਿਆ ਹੋਇਆ ਹੈ। ਉਨ੍ਹਾਂ ਨੇ ਮਰਨ ਤੋਂ ਪਹਿਲਾਂ ਕਲਿਨਿਕ ਮੇਰੇ ਨਾਮ ਕਰਵਾਅ ਦਿੱਤਾ ਸੀ।’’
‘‘ਤਾਂ ਫਿਰ ਤੇਰਾ ਡੈਡੀ ਨਾਲ ਸਮਝੌਤਾ ਹੋ ਹੀ ਗਿਆ!’’ ਮੈਂ ਹੱਸ ਕੇ ਕਿਹਾ।
ਉਸ ਨੇ ਡੂੰਘਾ ਸਾਹ ਲਿਆ। ਇਕ ਪੀੜ ਮੈਂ ਉਸਦੇ ਧੁਰ ਅੰਦਰੋਂ ਨਿੱਕਲਦੀ ਦੇਖੀ। ਉਸ ਦੇ ਬਿਨਾ ਕੁਝ ਕਹੇ ਮੈਂ ਸਮਝ ਗਈ ਕਿ ਉਸਨੇ ਡੈਡੀ ਨੂੰ ਮੁਆਫ਼ ਨਹੀਂ ਕੀਤਾ ਸੀ। ਬੱਸ ਦੁਨੀਆਦਾਰੀ ਸੀ...ਸਮਝੌਤਾ ਸੀ ਆਪਣੇ ਆਪ ਨਾਲ ਅਤੇ ਆਪਣੇ ਡੈਡੀ ਨਾਲ।

ਅਸੀਂ ਸਾਰਾ ਦਿਨ ਬਜ਼ਾਰ ਵਿੱਚ ਫਿਰਦੀਆਂ ਰਹੀਆਂ। ਉਸ ਵਿੱਚ ਡਾਕਟਰਾਂ ਵਾਲੀ ਮੜ੍ਹਕ ਮਜਾਜ ਨਹੀਂ ਸੀ। ਉਹ ਮੈਨੂੰ ਬਲਵੀਰ ਬਣ ਕੇ ਮਿਲੀ ਸੀ ਤੇ ਬਲਵੀਰ ਬਣ ਕੇ ਹੀ ਗੱਲਾਂ ਕਰ ਰਹੀ ਸੀ।
ਮੈਂ ਹੱਸ ਕੇ ਪੁੱਛਿਆ, ‘‘ਕਦੇ ਨੀਰੂ ਮਿਲੀ ਤੈਨੂੰ?’’
ਨੀਰੂ ਦਾ ਨਾਮ ਸੁਣ ਕੇ ਉਹ ਹੱਸ ਪਈ। ‘‘ਬੱਸ ਅੱਜ ਤੂੰ ਮਿਲੀ ਐਂ... ਕਦੇ ਕੋਈ ਪੁਰਾਣੀ ਸਹੇਲੀ ਨਹੀਂ ਮਿਲੀ...’’ ਉਸ ਨੇ ਦਰਦ ਭਰੇ ਅੰਦਾਜ਼ ਵਿੱਚ ਕਿਹਾ।
‘‘ਬਲਵੀਰ! ਵਿਆਹ ਕਰਵਾਅ ਲਿਆ?’’ ਮੈਂ ਝਕਦੀ ਝਕਦੀ ਨੇ ਪੁੱਛਿਆ।
‘‘ਮੈਂ ਕਿਹਾ ਤਾਂ ਸੀ ਤੈਨੂੰ ਕਿ ਮੈਂ ਵਿਆਹ ਨਹੀਂ ਕਰਵਾਉਣਾ!....ਮੇਰੇ ਕੰਨ ਨਾ ਖਾਈਂ ਇਸ ਬਾਰੇ ... ਤੇਰਾ ਵਿਆਹ ਹੋ ਗਿਆ, ਸ਼ਰਨਜੀਤ ਦਾ ਹੋ ਗਿਆ... ਬਹੁਤ ਹੋ ਗਿਆ ... ਅਫ਼ਰੀਕਨਾਂ ਦਾ ਵੀ ਹੋ ਗਿਆ ਹੋਣੈਂ,’’ ਉਸ ਦੀ ਅਵਾਜ਼ ਵਿੱਚ ਤਲਖ਼ੀ ਸੀ, ‘‘ਵਿਆਹ ਬਾਰੇ ਮੈਂ ਕਦੇ ਸੋਚਿਆ ਹੀ ਨਹੀਂ। ਐਵੇਂ ਮੇਰੇ ਕੰਨ ਨਾ ਖਾਈਂ ਵਿਆਹ ਵਿਆਹ ਕਰ ਕੇ। ਮੈਂ ਇਸ ਤਰ੍ਹਾਂ ਖ਼ੁਸ਼ ਹਾਂ। ਮੈਨੂੰ ਖ਼ੁਸ਼ ਰਹਿਣ ਦੇਵੋ।’’
ਮੈਂ ਜਾਣ ਕੇ ਛੇੜਨ ਦੀ ਮਾਰੀ ਨੇ ਕਿਹਾ, ‘‘ਤੇ ਨੀਰੂ ਦਾ?’’
ਉਹ ਹੱਸ ਪਈ।
ਜਦੋਂ ਮੈਂ ਉਸ ਨੂੰ ਦੱਸਿਆ ਕਿ ਮੇਰੀ ਦੋ ਸਾਲ ਦੀ ਬੇਟੀ ਹੈ ਤਾਂ ਉਹ ਬਹੁਤ ਹੱਸੀ। ਉਸਨੂੰ ਯਕੀਨ ਨਹੀਂ ਸੀ ਕਿ ਮੈਂ ਬੱਚੇ ਦੀ ਦੇਖ-ਭਾਲ ਕਰ ਸਕਦੀ ਹਾਂ।
‘‘ਤੂੰ ਸਾਂਭ ਲੈਨੀ ਆਂ ਕੁੜੀ ਨੂੰ?’’ ਉਸ ਨੇ ਮਜ਼ਾਕ ਕੀਤਾ।
‘‘ਕਿਉਂ?’’
‘‘ਤੈਥੋਂ ਆਪਣਾ ਆਪ ਤਾਂ ਸੰਭਾਲਿਆ ਨਹੀਂ ਸੀ ਜਾਂਦਾ। ਤੂੰ ਗਲਾਸ ਕਿੰਨੇ ਤੋੜਦੀ ਸੀ। ਯਾਦ ਹੈ ਕੁਝ?’’ ਅਤੇ ਹੱਸ ਪਈ।

ਸਾਰਾ ਦਿਨ ਬੜੇ ਮਜ਼ੇ ਵਿੱਚ ਲੰਘਿਆ। ਉਸ ਤੋਂ ਕੁਝ ਦਿਨਾਂ ਬਾਅਦ ਮੈਂ ਵਾਪਸ ਕੈਨੇਡਾ ਆ ਗਈ।

ਉਨ੍ਹਾਂ ਦਿਨਾਂ ਵਿੱਚ ਚਿੱਠੀ ਪੱਤਰ ਹੀ ਹੁੰਦਾ ਸੀ। ਫ਼ੋਨ ਤਾਂ ਬਹੁਤ ਘੱਟ ਹੁੰਦੇ ਸਨ। ਜੇ ਹੁੰਦੇ ਸਨ ਤਾਂ ਮੁਸ਼ਕਿਲ ਨਾਲ ਮਿਲਦੇ ਸਨ। ‘ਹੈਲੋ-ਹੈਲੋ’ ਕਰਦਿਆਂ ਨੂੰ ਹੀ ਵੱਡਾ ਸਾਰਾ ਬਿੱਲ ਬਣ ਜਾਂਦਾ! ਮੈਂ ਏਥੋਂ ਦੇ ਰੁਝੇਵਿਆਂ ਵਿੱਚ ਪੂਰੀ ਤਰ੍ਹਾਂ ਜਕੜੀ ਗਈ। ਮੁੱਕਦੀ ਗੱਲ, ਸਾਡਾ ਆਪਸੀ ਲਿੰਕ ਟੁੱਟ ਗਿਆ।

ਤਿੰਨ ਕੁ ਸਾਲ ਪਹਿਲਾਂ ਮੈਂ ਫਿਰ ਭਾਰਤ ਗਈ। ਇਕ ਵਿਆਹ ’ਤੇ ਹਾਜ਼ਰੀ ਭਰਨੀ ਸੀ। ਮੈਂ ਮੋਗੇ ਆਪਣੇ ਰਿਸ਼ਤੇਦਾਰਾਂ ਦੇ ਘਰ ਠਹਿਰੀ ਹੋਈ ਸੀ। ਜਾਣ ਸਾਰ ਮੇਰਾ ਗਲਾ ਖ਼ਰਾਬ ਹੋ ਗਿਆ। ਮੈਂ ਆਪਣੀ ਰਿਸ਼ਤੇਦਾਰ ਨਾਲ ਡਾਕਟਰ ਦੇ ਜਾਣ ਬਾਰੇ ਗੱਲ ਕੀਤੀ।
ਸੋ, ਉਹ ਮੈਨੂੰ ਘਰ ਨੇੜੇ ਦੀ ਹੀ ਇਕ ਡਾਕਟਰ ਕੋਲ ਲੈ ਗਈ। ਉਹ ਲੇਡੀ ਡਾਕਟਰ ਸੀ। ਜਦੋਂ ਮੈਂ ਉਸਦਾ ਨਾਮ ‘ਭੁੱਲਰ’ ਪੜ੍ਹਿਆ ਤਾਂ ਮੈਨੂੰ ਕੁਝ ਖ਼ੁਸ਼ੀ ਮਹਿਸੂਸ ਹੋਈ- ਮੈਂ ਬਲਵੀਰ ਬਾਰੇ ਸੋਚਣ ਲੱਗ ਪਈ।
‘‘ਤੁਹਾਡੀ ਕੋਈ ਰਿਸ਼ਤੇਦਾਰ ਡਾਕਟਰ ਹੈ? ...ਜੋ ਦਿੱਲੀ ਰਹਿੰਦੀ ਹੈ?’’ ਮੈਂ ਡਾਕਟਰ ਦੇ ਕਮਰੇ ’ਚ ਜਾਣ ਸਾਰ ਹੀ ਪੁੱਛਿਆ।
ਉਹ ਹੱਸ ਪਈ ਤੇ ਕਹਿਣ ਲੱਗੀ, ‘‘ਹਾਂ! ਤੁਸੀਂ ਕਿਵੇਂ ਜਾਣਦੇ ਹੋ?’’
‘‘ਉਹ ਮੇਰੀ ਸਹੇਲੀ ਹੈ...’’ ਮੈਂ ਕਿਹਾ।
ਉਹ ਮੇਰਾ ਗਲਾ ਚੈੱਕ ਲੱਗ ਗਈ ਪਰ ਮੇਰਾ ਧਿਆਨ ਬਲਵੀਰ ਵੱਲ ਸੀ। ਮੇਰੇ ਚਿਹਰੇ ਦੇ ਹਾਵ-ਭਾਵ ਸਮਝ ਕੇ ਆਖਣ ਲੱਗੀ, ‘‘ਪਹਿਲਾਂ ਮੈਨੂੰ ਚੈੱਕ ਕਰ ਲੈਣ ਦੇਵੋ, ਆਪਾਂ ਫਿਰ ਗੱਲ ਕਰਦੇ ਆਂ।’’
ਗਲੇ ਵਾਸਤੇ ਦਵਾਈ ਲਿਖਣ ਬਾਅਦ ਉਸ ਨੇ ਕਿਹਾ, ‘‘ਬਲਵੀਰ ਮੇਰੀ ਨਨਾਣ ਹੈ...ਉਹ ਮੇਰੇ ਹਜ਼ਬੈਂਡ ਦੇ ਤਾਏ ਦੀ ਕੁੜੀ ਐ।’’
ਉਸ ਨੇ ਇਕ-ਦੋ ਹੋਰ ਗੱਲਾਂ ਕੀਤੀਆਂ ਅਤੇ ਦੱਸਿਆ ਕਿ ਬਲਵੀਰ ਦਾ ਭਰਾ

ਪਿੰਡ ਖੇਤੀ ਕਰਦਾ ਹੈ ਤੇ ਬਲਵੀਰ ਦਿੱਲੀ ਰਹਿੰਦੀ ਹੈ; ਬਹੁਤ ਘੱਟ ਪਿੰਡ ਆਉਂਦੀ ਹੈ।
"ਤੁਸੀਂ ਮੈਨੂੰ ਉਸ ਦਾ ਫ਼ੋਨ ਨੰਬਰ ਦੇ ਸਕਦੇ ਹੋ?" ਮੈਂ ਤਰਲੇ ਨਾਲ ਕਿਹਾ।
"ਕਿਉਂ ਨਹੀਂ!" ਉਹ ਬੋਲੀ।
ਉਸਨੇ ਆਪਣੇ ਪਰਸ 'ਚੋਂ ਛੋਟੀ ਜਿਹੀ ਡਾਇਰੀ ਕੱਢ ਕੇ ਉਸਦਾ ਫ਼ੋਨ ਨੰਬਰ ਇਕ ਪਰਚੀ 'ਤੇ ਲਿਖ ਮੇਰੇ ਹੱਥ ਫੜਾਅ ਦਿੱਤਾ।
ਦੂਸਰੇ ਦਿਨ ਗਲਾ ਕੁਝ ਠੀਕ ਹੋਇਆ ਤਾਂ ਮੈਂ ਬਲਵੀਰ ਨੂੰ ਫ਼ੋਨ ਲਾ ਲਿਆ। ਉਸ ਨੂੰ ਮੇਰੇ ਨਾਲ ਕੁਝ ਨਰਾਜ਼ਗੀ ਸੀ – ਮੈਂ ਕਿਉਂ ਦਿੱਲੀ ਤੋਂ ਜਹਾਜ਼ ਚੜ੍ਹਨ ਤੋਂ ਪਹਿਲਾਂ ਉਸ ਨੂੰ ਮਿਲ ਕੇ ਨਹੀਂ ਜਾਂਦੀ?

'ਮਿਲਣਾ ਤਾਂ ਚਾਹੀਦਾ ਸੀ...। ਪਿੰਡ ਆ ਕੇ ਹੋਰ ਰੁਝੇਵੇਂ ਨਹੀਂ ਮੁੱਕਦੇ। ਨਾ ਓਥੇ ਵਿਹਲ ਨਾ ਏਥੇ! ਪੁੱਠੇ ਸਿੱਧੇ ਕੰਮਾਂ ਵਿੱਚ ਟਾਈਮ ਗਵਾਅ ਲਈਦਾ ਹੈ... ਕਿੰਨੀ ਵਾਰੀ ਮੈਂ ਭਾਰਤ ਆਈ ਹਾਂ... ਸਮਾਂ ਤਾਂ ਕੱਢ ਸਕਦੀ ਸੀ', ਮੈਂ ਆਪਣੇ-ਆਪ ਨੂੰ ਕੋਸਿਆ।
ਖ਼ੈਰ, ਉਸ ਨਾਲ ਪ੍ਰੋਗਰਾਮ ਬਣਾਅ ਲਿਆ ਕਿ ਮੈਂ ਕੈਨੇਡਾ ਵਾਪਸ ਜਾਣ ਤੋਂ ਪਹਿਲਾਂ ਦੋ ਦਿਨ ਉਸ ਕੋਲ ਰਹਿ ਕੇ ਜਾਵਾਂਗੀ।

ਇਕ ਸੋਮਵਾਰ ਸਵੇਰੇ ਮੈਂ ਪਿੰਡੋਂ ਟੈਕਸੀ 'ਚ ਦਿੱਲੀ ਨੂੰ ਰਵਾਨਾ ਹੋ ਗਈ।
ਮੈਂ ਸਾਰੇ ਰਾਹ ਬਲਵੀਰ ਬਾਰੇ ਸੋਚਦੀ ਰਹੀ–
'ਹੁਣ ਤਾਂ ਮੇਰੇ ਵਾਂਗ ਉਸ ਦੇ ਵੀ ਵਾਲ ਚਿੱਟੇ ਹੋ ਗਏ ਹੋਣਗੇ। ਸ਼ਾਇਦ ਗੋਡੇ ਵੀ ਦੁਖਦੇ ਹੋਣ। ਉਹ ਤਾਂ ਡਾਕਟਰ ਹੈ, ਓਹਦੇ ਗੋਡੇ ਕੀ ਦੁਖਣੇ ਐ? ਵਾਲ ਡਾਈ ਨਹੀਂ ਕਰਦੀ ਹੋਣੀ। ਰੋਟੀ-ਟੁੱਕ ਨੂੰ ਕੋਈ ਨੌਕਰ ਰੱਖਿਆ ਹੋਏਗਾ। ਪਤਾ ਨਹੀਂ ਮਰੀਜ਼ਾਂ ਨੂੰ ਚੰਗੀ ਤਰ੍ਹਾਂ ਦੇਖਦੀ ਵੀ ਹੈ ਕਿ ਨਹੀਂ। ਦਵਾਈ ਠੀਕ ਵੀ ਲਿਖਦੀ ਹੈ ਜਾਂ ਨਹੀਂ। ਉਸ ਨੂੰ ਤਾਂ ਮੈਡੀਕਲ ਦੀ ਸ਼ਬਦਾਵਲੀ ਦੇ ਸਪੈਲਿੰਗ ਵੀ ਨਹੀਂ ਸੀ ਆਉਂਦੇ। ...ਕਿੰਨੀ ਕਮਜ਼ੋਰ ਸੀ ਪੜ੍ਹਾਈ ਵਿੱਚ। ਪੈਸੇ ਬਹੁਤ ਬਣਾਉਂਦੀ ਹੋਊ। ਕੀ ਕਰਦੀ ਹੋਊ ਏਨੇ ਪੈਸੇ?'
ਅਤੇ ਹੋਰ ਅਨੇਕਾਂ ਤਰ੍ਹਾਂ ਦੇ ਸਵਾਲ ਮੈਨੂੰ ਘੇਰੀ ਬੈਠੇ ਸਨ–
'ਨੀਰੂ ਨੂੰ ਸ਼ਾਇਦ ਕਿਤੇ ਮਿਲੀ ਹੋਵੇ? ਅੱਜ ਬਹੁਤ ਗੱਲਾਂ ਕਰਾਂਗੀਆਂ। ਕੱਲ੍ਹ ਨੂੰ ਛੁੱਟੀ ਹੈ ਉਸ ਨੂੰ ...। ਚੰਗਾ ਹੋਇਆ ਇਕ ਦਿਨ ਤਾਂ ਪੂਰਾ ਹੋਏਗਾ ਸਾਡੇ ਕੋਲ। ਪੂਰੇ 25 ਸਾਲ ਬਾਅਦ ਮਿਲਣਾ ਹੈ ਕਮਲੀ ਜਿਹੀ ਨੂੰ...'। ਮੈਂ ਮਨ ਹੀ ਮਨ ਕਿਹਾ।
"ਬਲਵੀਰ , ਮੈਂ ਦਿੱਲੀ ਪੁੱਜ ਗਈ ਹਾਂ...ਰਿੰਗ ਰੋਡ 'ਤੇ ਹਾਂ...ਜਿੱਥੇ ਕੂੜੇ ਦੇ ਢੇਰ ਆ।" ਮੈਂ ਕਿਹਾ।
"ਇਉਂ ਕਰ...ਫ਼ੋਨ ਡ੍ਰਾਈਵਰ ਨੂੰ ਦੇ...ਉਸਨੂੰ ਸਮਝਾਅ ਦਊਂਗੀ...ਤੈਨੂੰ ਸਮਝ ਨੀ ਆਉਣੀ!"

ਉਸ ਦੇ ਫ਼ਲੈਟ 'ਤੇ ਪੁੱਜ ਕੇ ਡੋਰ ਬੈੱਲ ਕੀਤੀ। ਉਹ ਛੇਤੀ ਛੇਤੀ ਬਾਹਰ ਆਈ। ਫਿੱਕੇ ਗੁਲਾਬੀ ਰੰਗ ਦਾ ਪੰਜਾਬੀ ਸੂਟ ਪਾਈ ਉਹ ਮੇਰੇ ਸਾਹਮਣੇ ਖੜ੍ਹੀ ਸੀ। ਸਿਰ ਦੇ ਵਾਲ ਭਾਵੇਂ ਚਿੱਟੇ ਸਨ ਪਰ ਸੋਹਣੀ ਲੱਗ ਰਹੀ ਸੀ। ਭਾਰ ਵਧਿਆ ਹੋਇਆ ਸੀ ਪਹਿਲਾਂ ਨਾਲੋਂ।
ਗਲਵੱਕੜੀ ਪਾ ਕੇ ਮਿਲੀ। ਦੋਹਾਂ ਦੀਆਂ ਅੱਖਾਂ ਨਮ ਹੋਈਆਂ। ਸਮਾਨ ਟੈਕਸੀ 'ਚੋਂ ਕੱਢਿਆ। ਉਸ ਦੇ ਨੌਕਰ ਨੇ ਚਾਹ ਬਣਾਈ। ਡ੍ਰਾਈਵਰ ਚਾਹ ਪੀ ਕੇ ਮੁੜ ਗਿਆ ਤੇ ਅਸੀਂ ਆਪਣੀਆਂ ਗੱਲਾਂ ਵਿੱਚ ਰੁੱਝ ਗਈਆਂ।

ਮੈਂ ਹੈਂਡ ਬੈਗ 'ਚੋਂ ਆਪਣੀਆਂ ਕਿਤਾਬਾਂ ਕੱਢ ਕੇ ਉਸ ਨੂੰ ਦਿਖਾਉਣੀਆਂ ਸ਼ੁਰੂ ਕਰ ਕੀਤੀਆਂ। ਉਹ ਦੇਖੀ ਜਾਵੇ ਨਾਲੇ ਹੱਸੀ ਜਾਵੇ।
ਮੈਨੂੰ ਪਤਾ ਨਾ ਲੱਗੇ ਕਿ ਇਹ ਕਿਤਾਬਾਂ 'ਤੇ ਹੱਸਦੀ ਹੈ ਜਾਂ ਮੇਰੇ 'ਤੇ।
ਆਖਰਕਾਰ ਉਸਨੇ ਆਪਣੇ ਦਿਲ ਦੀ ਘੁੰਡੀ ਖੋਲ੍ਹ ਦਿੱਤੀ। ਮੇਰੇ ਚਿਹਰੇ ਨੂੰ ਫੜ ਕੇ ਆਪਣੇ ਵੱਲ ਕਰ ਕੇ ਆਖਣ ਲੱਗੀ, "ਫਿਰ ਤੇਰੀ ਆਦਤ ਨਾ ਗਈ! ਤੇਰੇ ਨਾਲ ਹੀ ਰਹੀ ਤੇਰੀ ਕਵਿਤਾ! ਤੈਨੂੰ ਪਤੈ, ਜਦੋਂ ਤੂੰ ਕਵਿਤਾ ਦੀ ਗੱਲ ਕਰਦੀ ਹੁੰਦੀ ਸੀ ਤਾਂ ਅਸੀਂ ਹੱਸਦੀਆਂ ਹੁੰਦੀਆਂ ਸੀ ਤੇਰੇ 'ਤੇ। ਇਕ ਦਿਨ ਤੂੰ ਗੁੱਸੇ ਹੋ ਗਈ ਸੀ ਤੇ ਦੋ ਦਿਨ ਨੀਰੂ ਤੋਂ ਸਿਵਾ ਕਿਸੇ ਨਾਲ ਨਹੀਂ ਸੀ ਬੋਲੀ।"
ਅੱਜ ਉਸ ਨੇ 'ਨੀਰੂ' ਸ਼ਬਦ ਘਰੋੜ ਕੇ ਨਹੀਂ ਸੀ ਕਿਹਾ। ਮੇਰੇ ਲਈ ਹੈਰਾਨੀ ਵਾਲੀ ਗੱਲ ਸੀ। ਪਰ ਕਿਤਾਬਾਂ ਦੇਖ ਉਹ ਗਦ-ਗਦ ਹੋ ਰਹੀ ਸੀ ਤੇ ਮੇਰੇ ਤੋਂ ਪੁੱਛੇ ਬਿਨਾਂ ਹੀ ਆਪਣਾ ਅਧਿਕਾਰ ਸਮਝਦੇ ਹੋਏ ਕਿਤਾਬਾਂ ਆਪਣੇ ਕੋਲ ਰੱਖ ਲਈਆਂ।
ਮੈਂ ਤੁਰ ਫਿਰ ਕੇ ਫ਼ਲੈਟ ਦੇਖਣ ਲੱਗੀ। ਸਾਫ਼ ਸੁਥਰਾ ਫ਼ਲੈਟ। ਇਕ ਕਮਰੇ ਵਿੱਚ ਉਸਦਾ ਆਪਣਾ ਸਾਮਾਨ -ਤੇ ਇਕ ਹੋਰ ਕਮਰੇ ਵਿੱਚ ਇਕ ਬੈੱਡ, ਕੁਰਸੀ, ਟੇਬਲ ਅਤੇ ਉਸ ਉੱਤੇ ਟੇਬਲ ਲੈਂਪ ਤੇ ਕੁਝ ਮੈਡੀਕਲ ਦੀਆਂ ਕਿਤਾਬਾਂ! ਸੋਚਿਆ, ਕੋਈ ਰਿਸ਼ਤੇਦਾਰ ਰਹਿੰਦਾ ਹੋਵੇਗਾ; ਏਥੇ ਪੜ੍ਹਦਾ ਹੋਵੇਗਾ।
ਟੇਬਲ 'ਤੇ ਪਈ ਫ਼ੋਟੋ ਦੇਖ ਕੇ ਸੋਚਿਆ ਕਿ ਇਹ ਬਲਵੀਰ ਦਾ ਰਿਸ਼ਤੇਦਾਰ ਨਹੀਂ ਹੋ ਸਕਦਾ।
ਜਕਾ-ਤਕਾ ਜਿਹਾ ਕਰ ਕੇ ਪੁੱਛਿਆ, "ਬਲਵੀਰ, ਇਹ ਕਮਰਾ ਕਿਸ ਦਾ ਹੈ?"
"ਮੇਰੇ ਬੇਟੇ ਦਾ!" ਉਸ ਨੇ ਮਾਣ ਨਾਲ ਕਿਹਾ।
"ਬੇਟਾ...!" ਮੈਂ ਹੈਰਾਨੀ ਨਾਲ ਪੁੱਛਿਆ
"ਹਾਂ...ਮੇਰਾ ਬੇਟਾ ਰੋਹਿਤ।" ਉਸਦੀ ਅਵਾਜ਼ 'ਚ ਪਿਆਰ ਤੇ ਵਿਸਵਾਸ਼ ਸੀ।

ਮੈਂ ਉਸਦੇ ਚਿਹਰੇ ਵੱਲ ਤੱਕਿਆ। ਉਹ ਬਿਲਕੁਲ ਸ਼ਾਂਤ ਸੀ।
"ਕਾਹਲੀ ਨਾ ਪੈ...ਦੱਸ ਦੇਵਾਂਗੀ ਹੌਲ਼ੀ-ਹੌਲ਼ੀ।" ਉਹ ਬੋਲੀ।

ਗੱਲ ਦਾ ਰੁਖ਼ ਬਦਲਣ ਖ਼ਾਤਰ ਉਸਨੇ ਮੇਰੇ ਸਿਰ ਵੱਲ ਤੱਕਿਆ ਤੇ ਕਹਿਣ ਲੱਗੀ, "ਤੇਰੇ ਘੁੰਗਰਾਲੇ ਵਾਲ ਕਿੱਥੇ ਗਏ? ਸਿੱਧੇ ਕਰਵਾਅ ਲਏ? ਚਿੱਟੇ ਨਹੀਂ ਹੋਏ ਤੇਰੇ ਵਾਲ। ਲੈ ਦੇਖ, ਮੈਂ ਤਾਂ ਮੋਟੀ ਹੋਈ ਪਈ ਆਂ। ਤੂੰ...ਤੂੰ ਤਾਂ ਓਸੇ ਤਰ੍ਹਾਂ ਦੀ ਐਂ!"
ਹੱਸਦੀ-ਹੱਸਦੀ ਨੇ ਮੈਨੂੰ ਪਿਆਰ ਨਾਲ ਧਕੇਲ ਕੇ ਬੈੱਡ 'ਤੇ ਸੁੱਟ ਦਿੱਤਾ। ਇਕ ਦਮ ਯਾਦ ਆ ਗਿਆ ਕਿ ਹੋਸਟਲ ਵਿੱਚ ਏਸੇ ਹੀ ਤਰ੍ਹਾਂ ਉਸ ਨੇ ਮੈਨੂੰ ਬੈੱਡ 'ਤੇ ਧੱਕਾ ਦੇ ਕੇ ਸੁੱਟਿਆ ਸੀ ਤੇ ਮੇਰਾ ਸਿਰ ਕੰਧ 'ਚ ਜਾ ਵੱਜਾ ਸੀ, ਪੂਰੇ ਜ਼ੋਰ ਨਾਲ। ਕਿੰਨੇ ਦਿਨ ਮੇਰਾ ਸਿਰ ਦੁਖਦਾ ਰਿਹਾ ਸੀ!
ਆਪਣੀਆਂ ਗੱਲਾਂ ਵਿੱਚ ਅਸੀਂ ਏਨੀਆਂ ਰੁੱਝ ਗਈਆਂ ਕਿ ਪਤਾ ਹੀ ਨਾ ਲੱਗਾ ਕਿ ਕਦੋਂ ਦਿਨ ਢਲ਼ ਗਿਆ। ਨੌਕਰ ਰਾਤ ਦੇ ਖਾਣੇ ਬਾਰੇ ਪੁੱਛਣ ਆ ਗਿਆ ਕਿ ਘਰ ਹੀ ਖਾਣਾ ਹੈ ਜਾਂ ਬਾਹਰ ਜਾਣਾ ਹੈ। ਸਲਾਹ ਬਣੀ ਕਿ ਘਰ ਹੀ ਖਾਵਾਂਗੀਆਂ।

ਮੇਰਾ ਧਿਆਨ ਤਾਂ ਉਸਦੇ ਬੇਟੇ ਵਾਲੀ ਗੱਲ ਵੱਲ ਸੀ।
ਏਨੇ ਨੂੰ ਦਰਵਾਜ਼ੇ 'ਤੇ ਕੁਝ ਖੜਾਕ ਹੋਇਆ। ਇਕ ਪਤਲਾ ਜਿਹਾ 23-24 ਸਾਲ ਦਾ ਪੱਕੇ ਜਿਹੇ ਰੰਗ ਦਾ ਮੁੰਡਾ ਅੰਦਰ ਆਇਆ ਤੇ ਸਿੱਧਾ ਹੀ ਸਾਡੇ

# ਤੋਹਫ਼ਾ

ਕੋਲ ਆ ਗਿਆ।
ਮੈਂ ਸਮਝ ਗਈ ਕਿ ਇਹੋ ਰੋਹਿਤ ਹੈ। ਕਮਰੇ ਵਾਲੀ ਫ਼ੋਟੋ ਨਾਲ ਸ਼ਕਲ ਮਿਲਦੀ ਸੀ।
ਉਸ ਨੇ ਮੇਰੇ ਤੇ ਬਲਵੀਰ ਦੇ ਪੈਰੀਂ ਹੱਥ ਲਾਏ। ਮੈਨੂੰ ਉਸ ਨੇ 'ਮਾਸੀ' ਕਹਿ ਕੇ ਸੰਬੋਧਨ ਕੀਤਾ। ਮੈਂ ਸਮਝ ਗਈ ਕਿ ਬਲਵੀਰ ਨੇ ਉਸ ਨੂੰ ਮੇਰੇ ਤੇ ਮੇਰੇ ਆਉਣ ਬਾਰੇ ਦੱਸ ਦਿੱਤਾ ਹੈ।
ਜਿੱਧਰ-ਜਿੱਧਰ ਨੂੰ ਰੋਹਿਤ ਜਾਂਦਾ, ਮੇਰੀਆਂ ਅੱਖਾਂ ਉਧਰ ਹੀ ਘੁੰਮ ਜਾਂਦੀਆਂ। ਖਾਣਾ ਅਸੀਂ ਤਿੰਨਾਂ ਨੇ ਇਕੱਠੇ ਬੈਠ ਕੇ ਖਾਧਾ।
ਖਾਣਾ ਖਾ ਕੇ ਰੋਹਿਤ ਆਪਣੇ ਕਮਰੇ ਵਿੱਚ ਚਲਾ ਗਿਆ। ਮੈਂ ਤੇ ਬਲਵੀਰ ਦੂਸਰੇ ਕਮਰੇ ਵਿੱਚ ਚਲੀਆਂ ਗਈਆਂ। ਅਸੀਂ ਇਕੋ ਕਮਰੇ ਵਿੱਚ ਸੌਣ ਦਾ ਮਨ ਬਣਾਅ ਲਿਆ ਸੀ।
''ਸੁਰਿੰਦਰ...- ਰੋਹਿਤ ਨੀਰੂ ਦਾ ਬੇਟਾ ਐ!''
''ਨੀਰੂ!!...ਉਹੀ ਨੀਰੂ??...ਆਪਣੇ ਵਾਲੀ...!?'' ਮੇਰੀਆਂ ਅੱਖਾਂ ਟੱਡੀਆਂ ਗਈਆਂ।
''ਹਾਂ...। ਹਾਂ, ਨੀਰੂ ਦਾ ਬੇਟਾ, ਪਰ ਹੁਣ ਮੇਰਾ ਬੇਟਾ ਹੈ।'' ਕਹਿੰਦਿਆਂ ਕਹਿੰਦਿਆਂ ਉਸ ਦੀਆਂ ਅੱਖਾਂ ਭਰ ਆਈਆਂ।
ਮੈਂ ਸਮਝ ਗਈ ਕਿ ਕੋਈ ਡੂੰਘੀ ਗੱਲ ਹੈ।
ਉਸ ਨੇ ਰੋਹਿਤ ਦੇ ਕਮਰੇ ਦੀ ਬਿੜਕ ਲਈ ਤੇ ਨੌਕਰ ਨੂੰ ਤਾਕੀਦ ਕੀਤੀ ਕਿ ਦੁੱਧ ਉਸ ਦੇ ਟੇਬਲ 'ਤੇ ਰੱਖ ਦੇਵੇ।
''ਜਵਾਕ ਸਾਰਾ ਦਿਨ ਕਾਲਜ 'ਚ ਥੱਕ ਜਾਂਦਾ। ਪੜ੍ਹਨਾ ਕਿਹੜਾ ਸੌਖਾ ਹੈ...।'' ਉਸ ਨੇ ਮੇਰੇ ਵੱਲ ਦੇਖਦਿਆਂ ਆਖਿਆ।
''ਪਹਿਲਾਂ ਮੈਨੂੰ ਇਹ ਦੱਸ ਕਿ ਨੀਰੂ ਦਾ ਬੇਟਾ ਕਿਵੇਂ ਹੈ ਤੇ ਤੇਰਾ ਬੇਟਾ ਕਿਵੇਂ ਹੈ?'' ਮੈਂ ਜਾਨਣ ਦੀ ਉਤਸੁਕਤਾ ਨਾਲ ਕਿਹਾ।
''ਲੈ ਸੁਣ...! - ਨੀਰੂ ਬੀਐੱਸਸੀ ਕਰ ਕੇ ਦਿੱਲੀ ਆ ਗਈ। ਏਥੇ ਪਾਗਲ ਜਿਹੀ ਨੂੰ ਪਿਆਰ ਹੋ ਗਿਆ ਕਿਸੇ ਮਲੰਗ ਨਾਲ! ਨੀਰੂ ਦੇ ਘਰ ਦੇ ਵਿਆਹ ਨੂੰ ਮੰਨਣ ਨਾ। ਲੱਭਿਆ ਆਪ ਤੇ ਉਹ ਵੀ ਚੱਜ ਦਾ ਨਾ ਲੱਭਿਆ! ਨਸ਼ੇੜੀ ਜਿਹਾ। ਉਹ ਬੱਸ ਕਮਲ਼ੀ ਹੀ ਰਹੀ। ਘਰੋਂ ਵੀ ਉਹ ਜਣਾ ਠੀਕ ਠਾਕ ਹੀ ਸੀ। ਪਤਾ ਨਹੀਂ ਕਿਵੇਂ ਉਸ ਦੇ ਚੱਕਰ ਵਿੱਚ ਫਸ ਗਈ।
''ਇਕ ਦਿਨ ਅਚਾਨਕ ਮੇਰੀ ਕਲਿਨਿਕ 'ਤੇ ਆਈ। ਮੈਨੂੰ ਦੇਖ ਕੇ ਪਹਿਲਾਂ ਤਾਂ ਠਠੰਬਰ ਜਿਹੀ ਗਈ ਪਰ ਜਦੋਂ ਮੈਂ ਅੱਗੇ ਹੋ ਕੇ ਉਸ ਨੂੰ ਗਲਵਕੜੀ ਪਾਈ ਤਾਂ ਰੋਣ ਲੱਗ ਪਈ। ਫਿਰ ਤਾਂ ਬੱਸ ਇਉਂ ਲੱਗਦਾ ਸੀ ਜਿਵੇਂ ਉਸ ਨੇ ਅੱਖਾਂ 'ਚ ਸਮੁੰਦਰ ਸਾਂਭ ਕੇ ਰੱਖਿਆ ਹੋਇਆ ਹੈ ਜੋ ਅੱਜ ਡੋਲ੍ਹਣਾ ਚਾਹੁੰਦੀ ਹੈ।''
ਮੇਰੇ ਮੂੰਹੋਂ ਨਿਕਲ ਗਿਆ, ''ਤੂੰ ਉਸ ਨੂੰ ਅੱਖਾਂ ਨਾਲ ਡਰਾਇਆ ਨਹੀਂ?''
''ਡਰਾਉਣਾ ਕਾਹਤੋਂ ਸੀ!'' ਬਲਵੀਰ ਦਾ ਗਲਾ ਭਰ ਆਇਆ। ਉਸਨੇ ਪਾਣੀ ਦਾ ਘੁੱਟ ਭਰਿਆ ਤੇ ਫਿਰ ਬੋਲੀ , ''ਨੀਰੂ ਪਰੈਗਨੈਂਟ ਸੀ। ਕੁਝ ਪਚਦਾ ਨਹੀਂ ਸੀ ਉਸਦੇ। ਦਿਖਾਉਣ ਆਈ ਸੀ... ਮਹੀਨਾ ਕੁ ਹੋਇਆ ਸੀ ਅਜੇ... ਬਹੁਤ ਕਮਜ਼ੋਰ ਸੀ ਉਹ।''
ਮੈਂ ਧਿਆਨ ਨਾਲ ਸੁਣਦੀ ਰਹੀ।
''ਨੀਰੂ ਦਾ ਹਜ਼ਬੈਂਡ ਵੀ ਬੀਮਾਰ ਰਹਿੰਦਾ ਸੀ.... ਮੈਂ ਨੀਰੂ ਨੂੰ ਕਹਿ 'ਤਾ ਕਿ ਕਿਸੇ ਦਿਨ ਉਸ ਨੂੰ ਮੇਰੇ ਕੋਲ ਲੈ ਆਵੇ...ਮੈਂ ਦੇਖ ਲਵਾਂਗੀ।''
''ਹੂੰ...ਹੂੰ...'' ਮੈਂ ਹੁੰਗਾਰਾ ਭਰਿਆ।
''ਕੁਝ ਦਿਨਾਂ ਬਾਅਦ ਉਹ ਹਰੀਸ਼ ਨੂੰ ਲੈ ਆਈ। ਉਸ ਨੂੰ ਦੇਖ ਕੇ ਮੈਂ ਸੋਚਣ ਲੱਗ ਪਈ ਕਿ ਨੀਰੂ ਤੂੰ ਕੀ ਕਰ ਬੈਠੀ। ਆਹ ਕੋਝਾ ਜਿਹਾ ਸ਼ਰਾਬੀ ਤੇਰੀ ਪਸੰਦ ਕਿਵੇਂ ਬਣ ਗਿਆ।'' ਬਲਵੀਰ ਲਗਾਤਾਰ ਬੋਲੀ ਜਾ ਰਹੀ ਸੀ ਅਤੇ ਮੈਂ ਚੁੱਪ-ਚਾਪ ਸੁਣੀ ਜਾ ਰਹੀ ਸਾਂ। ਦਰਦ ਦੇ ਸਾਗਰ ਵਿੱਚ ਗੋਤੇ ਖਾ ਰਹੀਆਂ ਸੀ ਅਸੀਂ ਦੋਨੋਂ ਜਣੀਆਂ।
''ਤੇ ਫਿਰ ..?'' ਮੈਂ ਫ਼ਿਕਰ ਨਾਲ ਪੁੱਛਿਆ।
ਬਲਵੀਰ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕਹਾਣੀ ਨੂੰ ਕਿਵੇਂ ਅੱਗੇ ਤੋਰੇ। ਉਸ ਦਾ ਮਨ ਭਰਿਆ ਹੋਇਆ ਸੀ। ਉਹ ਡੂੰਘਾ ਸਾਹ ਲੈ ਕੇ, ਪਾਣੀ ਦਾ ਘੁੱਟ ਭਰ ਕੇ ਬੋਲੀ, ''ਨੀਰੂ ਦੇ ਹਜ਼ਬੈਂਡ ਹਰੀਸ਼ ਦਾ ਲਿਵਰ ਖਤਮ ਹੋ ਚੁੱਕਾ ਸੀ। ਉਹ ਬਹੁਤ ਪੀਂਦਾ ਸੀ ਤੇ ਸ਼ਰਾਬ ਕਰਕੇ ਹੀ ਉਸਦੀ ਨੌਕਰੀ ਚਲੀ ਗਈ... ਬੈਂਕ ਵਿੱਚ ਮੈਨੇਜਰ ਸੀ... ਸਾਰਾ ਪੈਸਾ ਸ਼ਰਾਬ 'ਤੇ ਰੋੜ੍ਹਦਾ। ਮੈਂ ਉਸ ਨੂੰ ਸਾਫ਼ ਦੱਸ ਦਿੱਤਾ ਕਿ ਇਹ ਬਹੁਤੀ ਦੇਰ ਜਿਉਂਦਾ ਨਹੀਂ ਰਹਿ ਸਕੇਗਾ, ਜੇਕਰ ਇਸ ਨੇ ਪੀਣੀ ਨਾ ਛੱਡੀ ਤਾਂ!''
ਮੈਂ ਪਰੇਸ਼ਾਨ ਹੋ ਰਹੀ ਸਾਂ।
ਬਲਵੀਰ ਨੇ ਹਉਕਾ ਲਿਆ ... ਤੇ ਭਰੀਆਂ ਅੱਖਾਂ ਨਾਲ ਬੋਲਣ ਦੀ ਕੋਸ਼ਿਸ਼ ਕੀਤੀ ਪਰ ਬੋਲ ਨਾ ਸਕੀ।

ਮੈਂ ਉਸਦਾ ਹੱਥ ਪਲੋਸਿਆ। ਉਸ ਨੇ ਹੌਸਲਾ ਕਰ ਕੇ ਕਹਿਣਾ ਸ਼ੁਰੂ ਕੀਤਾ,
''ਜਾਣ ਲੱਗੀ ਨੀਰੂ ਕਹਿੰਦੀ...ਮੇਰੇ ਕੋਲ ਪੈਸੇ ਨਹੀਂ ਹਨ ਹੁਣ...ਦੋ ਤਿੰਨ ਦਿਨਾਂ ਤਕ ਦੇ ਜਾਵਾਂਗੀ।'' ਏਨਾ ਕਹਿ ਕੇ ਉਹ ਫੇਰ ਰੋ ਪਈ।

ਮੇਰੀਆਂ ਅੱਖਾਂ ਮੂਹਰੇ...ਸਕੱਰਟ ਪਾਈ ਫਿਰਦੀ ਨੀਰੂ ਘੁੰਮ ਰਹੀ ਸੀ।
ਮੈਂ ਬਲਵੀਰ ਨੂੰ ਗਲਵਕੜੀ ਪਾਈ। ਉਸਦੀਆਂ ਅੱਖਾਂ ਪੂੰਝੀਆਂ...ਪਾਣੀ ਪਿਆਇਆ। ਬਲਵੀਰ ਨੇ ਆਪਣਾ ਸਿਰ ਮੇਰੀ ਬੁੱਕਲ 'ਚ ਰੱਖ ਲਿਆ।
ਮੈਂ ਲਗਾਤਾਰ ਬਲਵੀਰ ਦਾ ਸਿਰ ਪਲੋਸ ਰਹੀ ਸਾਂ।
ਉਸ ਨੇ ਹੌਸਲਾ ਕਰ ਕੇ ਦੱਸਿਆ ਕਿ ਉਸ ਨੇ ਨੀਰੂ ਨੂੰ ਕਿਹਾ, '''ਨੀਰੂ! ਪੈਸਿਆਂ ਦਾ ਫ਼ਿਕਰ ਨਾ ਕਰ... ਮੈਂ ਕੋਈ ਪੈਸਾ ਨਹੀਂ ਲੈਣਾ ਤੈਥੋਂ...ਕਾਹਦੇ ਪੈਸੇ ਲੈਣੇ ਐ ... ਕੋਈ ਆਪਣਿਆਂ ਤੋਂ ਵੀ ਕਦੇ ਪੈਸੇ ਲੈਂਦਾ ਐ ...ਅਗਾਂਹ ਨੂੰ ਪੈਸਿਆਂ ਦੀ ਗੱਲ ਨਾ ਕਰੀਂ ... ਪਾਗਲ ਕਿਸੇ ਥਾਂ ਦੀ!'
''ਹਰੀਸ਼ ਦਾ ਇਲਾਜ ਸ਼ੁਰੂ ਕਰ ਦਿੱਤਾ। ਜੋ ਕੁਝ ਮੈਂ ਕਰ ਸਕਦੀ ਸੀ, ਕੀਤਾ। ਹੋਰ ਡਾਕਟਰਾਂ ਨਾਲ ਵੀ ਸਲਾਹ-ਮਸ਼ਵਰਾ ਕੀਤਾ। ਉਸ ਦੀ ਸਿਹਤ 'ਚ ਕੁਝ ਸੁਧਾਰ ਹੋਣਾ ਸ਼ੁਰੂ ਹੋ ਗਿਆ ਸੀ ਕਿ ਅਚਾਨਕ ਉਸਦੇ ਸਕੂਟਰ ਦੀ ਟਰੱਕ ਨਾਲ ਟੱਕਰ ਹੋ ਗਈ। ਉਹ ਥਾਂ 'ਤੇ ਹੀ ਰੱਬ ਨੂੰ ਪਿਆਰਾ ਹੋ ਗਿਆ...!''
ਬਲਵੀਰ ਦਾ ਗੱਚ ਭਰ ਆਇਆ। ਮੇਰੀਆਂ ਅੱਖਾਂ ਵੀ ਭਰ-ਭਰ ਡੁੱਲ੍ਹ ਰਹੀਆਂ ਸਨ।
''ਜਦੋਂ ਨੀਰੂ ਸਸਕਾਰ, ਆਦਿ, ਤੋਂ ਵਿਹਲੀ ਹੋਈ ਤਾਂ ਮੇਰੇ ਕੋਲ ਆਈ। ਵੈਸੇ ਉਸ ਨੇ ਮੈਨੂੰ ਉਸਦੀ ਮੌਤ ਦੀ ਖ਼ਬਰ ਓਸੇ ਵੇਲੇ ਦੱਸ ਦਿੱਤੀ ਸੀ। ਮੈਂ ਸਸਕਾਰ ਵਿੱਚ ਉਸਦੀ ਪੂਰੀ ਮਦਦ ਕੀਤੀ।'' ਉਸਨੇ ਅੱਖਾਂ ਪੂੰਝਦਿਆਂ ਪੂੰਝਦਿਆਂ ਮਸਾਂ ਗੱਲ ਮੁਕਾਈ।
ਅਸੀਂ ਦੋਨੋਂ ਰੋ ਰਹੀਆਂ ਸੀ।
''ਤੇ ਫਿਰ..?'' ਮੈਂ ਪੁੱਛਿਆ।
''ਨੀਰੂ ਦੇ ਸੱਸ ਸਹੁਰੇ ਨੇ ਉਸਨੂੰ ਘਰੋਂ ਕੱਢ ਦਿੱਤਾ! ਉਹ ਆਪਣੇ ਪੁੱਤ ਦੀ ਮੌਤ ਦਾ ਭਾਂਡਾ ਨੀਰੂ ਸਿਰ ਭੰਨਣ ਲੱਗ ਪਏ। ਨੀਰੂ ਦੇ ਮਾਂ-ਬਾਪ ਤਾਂ ਪਹਿਲਾਂ ਹੀ ਨੀਰੂ ਨਾਲ ਨਰਾਜ਼ ਸਨ।
''ਇਕ ਦਿਨ ਮੈਂ ਸਾਰੇ ਮਰੀਜ਼ ਭੁਗਤਾਅ ਕੇ ਉਸਨੂੰ ਆਪਣੇ ਨਾਲ ਏਸੇ ਘਰ ਲੈ ਆਈ। ਉਹ ਕਹੇ ਬਈ ਮੇਰਾ ਅੰਦਰ ਪਲਦਾ ਬੱਚਾ ਗਿਰਾਅ ਦੇ, ਕੋਈ ਨਾ ਕੋਈ ਦਵਾਈ ਦੇ ਕੇ। ਪਰ ਮੈਂ ਉਸ

ਨੂੰ ਅਜਿਹਾ ਕਰਨ ਨਾ ਦਿੱਤਾ ਤੇ ਸਾਰੀ ਜ਼ਿੰਮੇਵਾਰੀ ਆਪਣੇ 'ਤੇ ਲੈ ਲਈ ਤੇ ਨੀਰੂ ਨੂੰ ਆਪਣੇ ਨਾਲ ਹੀ ਰੱਖ ਲਿਆ।"

"ਚੰਗਾ ਕੀਤਾ ਤੂੰ!" ਮੈਂ ਬਲਵੀਰ ਦਾ ਹੱਥ ਆਪਣੇ ਦੋਨਾਂ ਹੱਥਾਂ ਨਾਲ ਘੁੱਟ ਲਿਆ।

ਹੁਣ ਬਲਵੀਰ ਤੇ ਮੈਂ ਇਕ ਦੂਸਰੇ ਨੂੰ ਗਲਵਕੜੀ ਪਾਈ ਬੈਠੀਆਂ ਸਾਂ। ਨੀਰੂ ਦੀ ਹੋਂਦ ਆਸ ਪਾਸ ਮਹਿਸੂਸ ਹੋ ਰਹੀ ਸੀ...ਬਲਵੀਰ ਦੀਆਂ ਅੱਖਾਂ ਵਿੱਚ ਨੀਰੂ ਪ੍ਰਤੀ ਪਿਆਰ…ਬਲਵੀਰ ਤੇ ਨੀਰੂ… ਤੇ ਮੈਂ!

'ਤੇਰੇ ਵੀ ਰੰਗ ਨਿਆਰੇ ਨੇ, ਰੱਬਾ!' ਮੈਂ ਮਨ ਹੀ ਮਨ ਕਿਹਾ।

ਤੇ ਉਹ ਫਿਰ ਬੋਲਣ ਲੱਗੀ, "ਪਹਿਲਾਂ ਸਭ ਕੁਝ ਠੀਕ ਸੀ। ਅਖ਼ੀਰਲੇ ਮਹੀਨੇ ਜਾ ਕੇ ਬੱਚੇ ਦੀ ਪੁਜ਼ੀਸ਼ਨ ਕੁਝ ਹੋਰ ਹੀ ਹੋ ਗਈ। ਜਣੇਪਾ ਬਹੁਤ ਮੁਸ਼ਕਿਲ ਸੀ। ਨਾੜੂਆ ਬੱਚੇ ਦੀ ਗਰਦਨ ਦੁਆਲੇ ਲਪੇਟਿਆ ਗਿਆ। ਦੋਨਾਂ ਲਈ ਖ਼ਤਰਾ ਸੀ। ਨੀਰੂ ਨੂੰ ਪੀੜਾਂ ਸ਼ੁਰੂ ਹੋ ਗਈਆਂ। ਖ਼ੂਨ ਵਹਿ ਤੁਰਿਆ। ਮੈਂ ਕਦੇ ਵੀ ਇਸ ਤਰ੍ਹਾਂ ਖ਼ੂਨ ਵਹਿੰਦਾ ਨਹੀਂ ਸੀ ਦੇਖਿਆ। ਬਹੁਤ ਕੋਸ਼ਿਸ਼ ਕੀਤੀ। ਆਪਣੇ ਵੱਲੋਂ ਪੂਰੀ ਵਾਹ ਲਾਈ। ਜਦੋਂ ਪੀੜਾਂ ਸ਼ੁਰੂ ਹੋਈਆਂ ਤਾਂ ਮੈਂ ਓਸੇ ਵੇਲੇ ਨੀਰੂ ਨੂੰ "ਏਮਰਜ਼" ਵਿੱਚ ਲੈ ਗਈ। ਮੈਂ ਇਕੱਲੀ ਨਹੀਂ ਸੀ, ਮੇਰੇ ਨਾਲ ਦੋ ਡਾਕਟਰ ਹੋਰ ਸਨ ਜੋ ਡੈਡੀ ਨਾਲ ਕੰਮ ਕਰਦੇ ਹੁੰਦੇ ਸਨ। ਸੋਚਾਂ ਕਿ 'ਨੀਰੂ ਤੂੰ ਆਈ ਤਾਂ ਕਿਹੜੇ ਵੇਲੇ ਆਈ' ", ਕਹਿੰਦੀ ਕਹਿੰਦੀ ਦਾ ਗਲਾ ਫਿਰ ਭਰ ਆਇਆ। ਮੈਂ ਪਾਣੀ ਦਾ ਘੁੱਟ ਉਸ ਨੂੰ ਪਿਆਇਆ।

"ਬੱਚਾ ਠੀਕ ਠਾਕ ਪੈਦਾ ਹੋ ਗਿਆ ਪਰ ਨੀਰੂ ਦੀ ਜਾਨ ਨੂੰ ਖ਼ਤਰਾ ਸੀ," ਬਲਵੀਰ ਦੀ ਭੁੱਬ ਨਿਕਲ ਗਈ।

ਮੈਂ ਸੁੰਨ ਹੋਈ ਬੈਠੀ ਸੀ।

ਰੋਹਿਤ ਨੂੰ ਸਾਡੇ ਰੋਣ ਦੀ ਆਵਾਜ਼ ਸੁਣ ਗਈ। ਉਸ ਦੀ ਨੀਂਦ ਖੁੱਲ੍ਹ ਗਈ। ਭੱਜਿਆ ਭੱਜਿਆ ਆਇਆ। ਕੁਝ ਮਿੰਟ ਸਾਡੇ ਕੋਲ ਬੈਠਾ ਤੇ ਪਿਆਰਾ ਬੱਚਾ ਸਾਨੂੰ ਪਾਣੀ ਪਿਆ ਕੇ ਵਾਪਸ ਆਪਣੇ ਕਮਰੇ ਵਿੱਚ ਚਲਾ ਗਿਆ। ਸ਼ਾਇਦ ਉਹ ਸਾਡੇ ਰੋਣ ਦਾ ਕਾਰਨ ਸਮਝ ਗਿਆ ਸੀ।

ਕੁਝ ਦੇਰ ਅਸੀਂ ਚੁੱਪ ਰਹੀਆਂ। ਅਸੀਂ ਦੋਨੋਂ ਹੀ ਬਹੁਤ ਭਾਵੁਕ ਸੀ...ਕੁਝ ਹੋਰ ਬੋਲਣ ਦੀ ਹਿੰਮਤ ਨਹੀਂ ਸੀ।

ਚੁੱਪ ਤੋੜਨ ਲਈ ਅਤੇ ਰੋਹਿਤ ਬਾਰੇ ਹੋਰ ਜਾਨਣ ਲਈ ਮੈਂ ਫਿਰ ਗੱਲ ਸ਼ੁਰੂ ਕਰ ਲਈ।

ਮੈਂ ਹੌਲ਼ੀ ਜਿਹੇ ਬਲਵੀਰ ਤੋਂ ਪੁੱਛਿਆ, "ਰੋਹਿਤ ਕਦੋਂ ਦਾ ਤੇਰੇ ਕੋਲ ਐ?"

"ਓਸੇ ਦਿਨ ਤੋਂ, ਜਿਸ ਦਿਨ ਪੈਦਾ ਹੋਇਆ ਸੀ।"

ਬਲਵੀਰ ਨੇ ਰੋਂਦਿਆਂ-ਰੋਂਦਿਆਂ ਮੈਨੂੰ ਦੱਸਿਆ, "ਨੀਰੂ ਨੇ ਅੰਤ ਸਮੇਂ ਰੋਹਿਤ ਵੱਲ ਦੇਖਿਆ ਤੇ ਫਿਰ ਮੇਰੇ ਵੱਲ ਆਸ ਭਰੀਆਂ ਨਜ਼ਰਾਂ ਨਾਲ ਤੱਕਿਆ। ਉਸਦੀ ਤੱਕਣੀ ਮੇਰੇ ਤੋਂ ਕੁਝ ਮੰਗ ਰਹੀ ਸੀ। ਮੈਂ ਰੋਹਿਤ ਨੂੰ ਆਪਣੀ ਬੁੱਕਲ ਵਿੱਚ ਲੈ ਲਿਆ ਤੇ ਇਕ ਤਰੀਕੇ ਨਾਲ ਸਮਝਾਅ ਦਿੱਤਾ ਕਿ ਰੋਹਿਤ ਹੁਣ ਤੋਂ ਮੇਰਾ ਬੱਚਾ ਹੈ.. ਨੀਰੂ ਦੇ ਚਿਹਰੇ 'ਤੇ ਜ਼ਰਾ ਕੁ ਜਿੰਨੀ ਮੁਸਕਰਾਹਟ ਆਈ ਤੇ ਇਸ ਮੁਸਕਰਾਹਟ ਨਾਲ ਹੀ ਉਸ ਨੇ ਆਖ਼ਰੀ ਸਾਹ ਲਿਆ।"

ਟੇਬਲ 'ਤੇ ਪਈ ਛੋਟੀ ਜਿਹੀ ਗਰੁੱਪ ਫ਼ੋਟੋ 'ਤੇ ਮੇਰੀ ਨਜ਼ਰ ਪੈ ਗਈ। ਸਾਡੀ ਸਾਰੀਆਂ ਦੀ ਪੁਰਾਣੀ ਜਿਹੀ, ਛੋਟੀ ਜਿਹੀ ਤਸਵੀਰ ਸੀ। ਮੈਂ ਨੀਝ ਲਾ ਕੇ ਨੀਰੂ ਦੀ ਤਸਵੀਰ ਦੇਖੀ... ਮੋਢਿਆਂ ਤੱਕ ਵਾਲ...ਸ਼ਹਿਰੀ ਕਿਸਮ ਦਾ ਲਿਬਾਸ। ਸਾਡੇ ਸਭ ਨਾਲੋਂ ਵੱਖਰੀ ਸੀ ਉਹ।

ਮੈਨੂੰ ਭਾਵੁਕ ਹੁੰਦਿਆਂ ਦੇਖ ਬਲਵੀਰ ਨੇ ਫ਼ੋਟੋ ਮੇਰੇ ਹੱਥੋਂ ਲੈ ਲਈ ਤੇ ਬੋਲੀ, "ਮੈਂ ਹਮੇਸ਼ਾ ਉਸ ਨਾਲ ਲੜਦੀ ਰਹੀ ਤੇ ਉਹ ਮੈਨੂੰ ਦੁਨੀਆਂ ਦੀ ਸਭ ਤੋਂ ਕੀਮਤੀ ਚੀਜ਼, ਆਪਣਾ ਜਾਇਆ ਰੋਹਿਤ ਦੇ ਕੇ ਅਹੁ ਗਈ...।"

"ਹੂੰ… ਹੂੰ।"

ਅਸੀਂ ਦੋਨੋਂ ਹੀ ਨੀਰੂ ਦੀ ਯਾਦ ਵਿੱਚ ਡੁੱਬ ਚੁੱਕੀਆਂ ਸੀ। ਕਹਿਣ ਲਈ ਸਾਡੇ ਕੋਲ ਕੁਝ ਵੀ ਬਾਕੀ ਨਹੀਂ ਸੀ।

ਮੈਂ ਸੋਚ ਹੀ ਰਹੀ ਸੀ ਕਿ ਬਲਵੀਰ ਤੋਂ ਰੋਹਿਤ ਦੇ ਪੂਰੇ ਨਾਮ ਬਾਰੇ ਪੁੱਛਾਂ। ਉਸ ਨੇ ਆਪੇ ਹੀ ਦੱਸ ਦਿੱਤਾ, "ਮੈਂ ਚਾਹੁੰਦੀ ਸੀ ਕਿ ਉਸ ਨੂੰ ਨੀਰੂ ਦੇ ਧਰਮ ਵਾਲਾ ਹੀ ਨਾਮ ਦੇਵਾਂ...ਤਾਂ ਕਿ ਨੀਰੂ ਦੀ ਆਤਮਾ ਨੂੰ ਕਿਸੇ ਕਿਸਮ ਦਾ ਦੁੱਖ ਨਾ ਹੋਵੇ...ਇਸ ਕਰਕੇ ਮੈਂ ਰੋਹਿਤ ਦੇ ਨਾਮ ਨਾਲ ਰੋਹਿਤ ਭਾਰਦਵਾਜ ਰੱਖ ਦਿੱਤਾ।"

ਮੈਂ ਸੋਚ ਰਹੀ ਸੀ ਕਿ ਕੀ ਇਹ ਓਹੋ ਬਲਵੀਰ ਹੈ ਜਿਹੜੀ ਨੀਰੂ ਨੂੰ 'ਬਾਹਮਣੀ' ਆਖਿਆ ਕਰਦੀ ਸੀ! ਮੈਨੂੰ ਬਲਵੀਰ 'ਤੇ ਮਣਾਂ-ਮੂੰਹੀ ਪਿਆਰ ਆ ਰਿਹਾ ਸੀ।

"ਹੁਣ ਸੁੱਖ ਨਾਲ ਰੋਹਿਤ ਐਮਬੀਬੀਐੱਸ ਦੇ ਤੀਜੇ ਸਾਲ ਵਿੱਚ ਹੈ। ਜਦੋਂ ਇਹ ਡਾਕਟਰ ਬਣ ਗਿਆ ਤਾਂ ਕਲਿਨਿਕ ਇਸ ਦੇ ਹਵਾਲੇ ਕਰ ਕੇ ਅਰਾਮ ਕਰਾਂਗੀ।"

ਬਲਵੀਰ ਰੋਹਿਤ ਦੇ ਪਿਆਰ ਵਿੱਚ ਡੁੱਬੀ ਬੈਠੀ ਸੀ। ਉਸ ਨੂੰ ਰੋਹਿਤ 'ਤੇ ਮਾਣ ਸੀ ਕਿ ਉਹ ਬਹੁਤ ਮਿਹਨਤੀ ਹੈ ਤੇ ਉਹ ਚੰਗਾ ਡਾਕਟਰ ਬਣੇਗਾ।

ਮੈਨੂੰ ਵੀ ਰੋਹਿਤ ਦਾ ਪਿਆਰ ਆਉਣ ਲੱਗਾ। ਚਿੱਤ ਤਾਂ ਕੀਤਾ ਸੀ ਓਸੇ ਵੇਲੇ ਰੋਹਿਤ ਦੇ ਕਮਰੇ ਵਿੱਚ ਜਾ ਕੇ ਉਸ ਦਾ ਮੱਥਾ ਚੁੰਮ ਲਵਾਂ, ਪਰ ਰੁਕ ਗਈ। ਸੋਚਿਆ, ਬੱਚਾ ਕਿਤੇ ਮਹਿਸੂਸ ਨਾ ਕਰੇ।

ਸੋਚਾਂ 'ਚ ਡੁੱਬੀ ਰੋਹਿਤ ਦੇ ਪਰਿਵਾਰ ਬਾਰੇ ਸੋਚਣ ਲੱਗ ਪਈ। ਪੁੱਛ ਹੀ ਲਿਆ ਬਲਵੀਰ ਕੋਲੋਂ।

ਬਲਵੀਰ ਨੇ ਦੱਸਿਆ ਕਿ ਉਸਦੇ ਨਾਨਾ-ਨਾਨੀ, ਦਾਦਾ-ਦਾਦੀ ਸਭ ਚਲਾਣਾ ਕਰ ਗਏ ਹਨ। ਹਰੀਸ਼ ਮਾਪਿਆਂ ਦੀ ਇਕਲੋਤੀ ਔਲਾਦ ਸੀ। ਨਾ ਸਹੁਰਿਆਂ ਤੇ ਨਾ ਪੇਕਿਆਂ ਨੇ ਨੀਰੂ ਦਾ ਸਾਥ ਦਿੱਤਾ। ਕਿਸੇ ਨੇ ਉਸਦੀ ਮੌਤ ਦਾ ਸੋਗ ਨਹੀਂ ਮਨਾਇਆ। ਮਾਪੇ ਤੇ ਸਹੁਰੇ ਦੋਨੋਂ ਹੀ ਉਸ ਨੂੰ ਕਲੰਕ ਸਮਝਦੇ ਸਨ .. ਦੋਨਾਂ 'ਚੋਂ ਕਿਸੇ ਨੇ ਵੀ ਨੀਰੂ ਦੇ ਬੱਚੇ ਬਾਰੇ ਨਹੀਂ ਪੁੱਛਿਆ।

ਸਵੇਰ ਦੇ ਤਿੰਨ ਵੱਜ ਚੁੱਕੇ ਸਨ। ਸੌਣ ਦਾ ਯਤਨ ਕੀਤਾ ਪਰ ਨੀਂਦ ਕਿੱਥੇ! ਮੈਂ ਬਹੁਤ ਪਿਛਾਂਹ ਚਲੀ ਗਈ। ਮੈਨੂੰ ਨੀਰੂ ਦੇ ਕਹੇ ਸ਼ਬਦ ਯਾਦ ਆ ਗਏ...

"ਬਲਵੀਰ! ਮੈਂ ਕਿਸੀ ਦਿਨ ਆਪ ਕੋ ਐਸਾ ਤੋਹਫ਼ਾ ਦੂੰਗੀ ਕਿ ਸਭੀ ਦੇਖਤੇ ਰਹਿ ਜਾਏਂਗੇ।"

'ਰੋਹਿਤ' ਤੋਹਫ਼ਾ ਹੀ ਤਾਂ ਹੈ!

ਤੀਸਰੇ ਦਿਨ ਮੈਂ ਬਲਵੀਰ ਅਤੇ ਰੋਹਿਤ ਤੋਂ ਵਿਦਾਇਗੀ ਲੈ ਕੇ ਦਿੱਲੀ ਏਅਰਪੋਰਟ ਤੋਂ ਕੈਨੇਡਾ ਦੀ ਉਡਾਨ ਲੈ ਲਈ।

ਅੱਜ-ਕੱਲ੍ਹ ਬਲਵੀਰ ਦੀ ਕਲਿਨਿਕ 'ਤੇ ਮੋਟੇ ਅੱਖਰਾਂ ਵਿੱਚ "ਡਾ. ਰੋਹਿਤ ਭੁੱਲਰ ਐੱਮਡੀ" ਲਿਖਿਆ ਹੋਇਆ ਹੈ! ਤੇ ਬਲਵੀਰ ਉਸ ਵਾਸਤੇ ਸੁਚੱਜੀ, ਸੋਹਣੀ, ਸੁਣੱਖੀ ਕੁੜੀ ਦੀ ਤਲਾਸ਼ ਕਰ ਰਹੀ ਹੈ।

ਸੁਰਿੰਦਰ ਗੀਤ
+403 605 3734

# ਉਹ ਜਿਊਂਦੀ ਹੈ...- 35 (ਅਖੀਰੀ ਕਿਸ਼ਤ) ਡਾ.ਉਮਾ ਤ੍ਰਿਲੋਕ

## ਨਵੀਂ ਅੰਗ੍ਰੇਜ਼ੀ ਕਿਤਾਬ ਅਨੁਵਾਦ: ਪੂਨਮ ਸਿੰਘ

**ਆਪਣੀ** ਬਿਮਾਰੀ ਵਿਚ, ਅੰਮ੍ਰਿਤਾ ਨੇ ਅਕਸਰ ਮੈਨੂੰ ਉਨ੍ਹਾਂ ਨੂੰ 'ਰੇਕੀ' ਰਾਹਤ ਦੇਣ ਲਈ ਸੱਦਣਾ। ਇਹ ਇਲਾਜ ਦੇਣ ਲਈ ਜਾਂ ਉਂਝ ਵੀ ਉਨ੍ਹਾਂ ਨੂੰ ਮਿਲਣ ਜਾਂਦੀ ਸੀ ਤਾਂ ਅਕਸਰ ਮੈਂ ਇਹ ਵੇਖ ਕੇ ਛੋਹੀ ਜਾਂਦੀ ਸੀ ਕਿ ਇਮਰੋਜ਼ ਉਨ੍ਹਾਂ ਦਾ ਕਿਸ ਤਰ੍ਹਾਂ ਨਾਲ ਖ਼ਿਆਲ ਰੱਖਦੇ ਹਨ।
ਕਦੇ ਉਹ ਇਓਂ ਲੱਗਦੇ ਜਿਵੇਂ ਕੋਈ ਮਾਂ ਆਪਣੇ ਬੱਚੇ ਦਾ ਖ਼ਿਆਲ ਰੱਖ ਰਹੀ ਹੋਏ ਅਤੇ ਕਦੇ ਉਹ ਨਰਸ ਅਤੇ ਡਾਕਟਰ ਦਾ ਰਲਾਅ ਲੱਗ ਰਹੇ ਹੁੰਦੇ। ਉਨ੍ਹਾਂ ਦਾ ਹਰ ਹੀਲਾ ਪਿਆਰ ਅਤੇ ਮੋਹ ਨਾਲ ਓਤ ਪੋਤ ਹੁੰਦਾ ਅਤੇ ਉਨ੍ਹਾਂ ਦੇ ਡੂੰਘੇ ਧਿਆਨ ਦਾ ਪਤਾ ਦਿੰਦਾ।
ਉਹ ਬੜੀ ਉਚੇਚ ਨਾਲ ਉਨ੍ਹਾਂ ਲਈ ਆਪ ਕੁਝ ਪਕਾਅ ਕੇ ਅਤੇ ਪੂਰੇ ਫ਼ਿਕਰ ਨਾਲ ਆਪ ਖੁਆਉਂਦੇ, ਸਮੇਂ ਸਿਰ ਦਵਾਈ ਦੇਣਾ ਵੀ ਕਦੇ ਨਾ ਭੁੱਲਦੇ। ਇੱਕ ਸਾਥੀ ਵਾਂਗ ਉਨ੍ਹਾਂ ਦੇ ਹਰ ਅਰਾਮ ਦਾ ਉਨ੍ਹਾਂ ਨੂੰ ਧਿਆਨ ਰਹਿੰਦਾ।

ਮੈਨੂੰ ਤਾਂ ਲੱਗਾ ਕਿ ਉਹ ਉਨ੍ਹਾਂ ਦਾ ਖ਼ਿਆਲ ਰੱਖਣ ਵਿਚ ਕਿਸੇ ਹੋਰ ਦਾ ਦਖ਼ਲ ਵੀ ਨਾ ਜਰਦੇ। ਉਹ ਖ਼ੁਦ ਹੀ ਉਨ੍ਹਾਂ ਦੀ ਹਰ ਲੋੜ ਪੂਰੀ ਕਰਨੀ ਚਾਹੁੰਦੇ ਹੁੰਦੇ।
ਕਦੇ ਕਿਸੇ ਹੋਰ ਦਾ ਵਸਾਹ ਨਾ ਕਰਦਿਆਂ, ਸਾਰਾ ਵਕਤ ਅੰਮ੍ਰਿਤਾ ਦੇ ਨੇੜੇ ਰਹਿਣ ਦੀ ਕੋਸ਼ਿਸ਼ ਹੁੰਦੀ ਉਨ੍ਹਾਂ ਦੀ।

ਇਹ ਇੱਕ ਦੂਜੇ ਉੱਤੇ ਟੇਕ, ਇਹ ਦੋਨੋਂ ਹੀ ਰੱਖਦੇ ਦਿਸਦੇ ਸਨ। ਜਦੋਂ ਵੀ ਇਮਰੋਜ਼ ਕੁਝ ਕੁ ਚਿਰ ਲਈ ਵੀ ਅੱਖੋਂ ਓਹਲੇ ਹੁੰਦੇ ਤਾਂ ਅੰਮ੍ਰਿਤਾ ਨੇ ਹਾਕ ਮਾਰਨੀ,
*"ਇਮਾ..ਇਮਾ..ਕਿੱਥੇ ਹੈਂ..ਮੇਰੇ ਕੋਲ ਆ ਜਾ"*
ਅੰਮ੍ਰਿਤਾ ਲਾਡ ਨਾਲ ਇਮਰੋਜ਼ ਨੂੰ ਇਮਾ ਸੱਦਦੇ ਹੁੰਦੇ ਸਨ।

ਅੰਮ੍ਰਿਤਾ ਦੇ ਟੁਰ ਜਾਣ 'ਤੇ, ਮੈਂ ਸੋਚਦੀ ਸੀ ਕਿ ਇਮਰੋਜ਼ ਨੇ ਟੁੱਟ ਜਾਣਾ ਹੈ, ਜਾਂ ਨਿਰਾਸਤਾ ਵਿਚ ਚਲੇ ਜਾਣਗੇ।
ਅੰਮ੍ਰਿਤਾ ਦੀ ਸਾਰੀ ਜ਼ਿੰਦਗੀ, ਉਨ੍ਹਾਂ ਦੀ ਬਿਮਾਰੀ ਵਿਚ ਤਾਂ ਹੋਰ ਵੀ ਵਧ ਕੇ, ਇਮਰੋਜ਼ ਨੂੰ ਬੱਸ ਅੰਮ੍ਰਿਤਾ ਦਾ ਹੀ ਆਹਰ-ਪਾਹਰ ਹੁੰਦਾ ਸੀ।

ਉਂਝ ਵੀ, ਮੈਂ ਜਾਣਦੀ ਸੀ ਕਿ ਉਹ ਅੰਮ੍ਰਿਤਾ ਨੂੰ ਕਿੰਨਾ ਪਿਆਰ ਕਰਦੇ ਸੀ।
ਮੈਨੂੰ ਇਹੀ ਲੱਗਦਾ ਸੀ ਕਿ ਉਨ੍ਹਾਂ ਦੀ ਜ਼ਿੰਦਗੀ ਪੂਰੀ ਤਰ੍ਹਾਂ ਖਾਲੀ ਅਤੇ ਬੇਮਤਲਬ ਹੋ ਜਾਣੀ ਹੈ।
ਪਰ ਇਸ ਦੇ ਉਲਟ ਸਗੋਂ,
ਅਮ੍ਰਿਤਾ ਦੇ ਟੁਰ ਜਾਣ ਤੋਂ ਬਾਅਦ ਜਦੋਂ ਵੀ ਮੈਂ ਉਨ੍ਹਾਂ ਨੂੰ ਮਿਲੀ,
ਮੈਨੂੰ ਹੈਰਾਨੀ ਹੁੰਦੀ ਕਿ ਉਹ ਹਸਮੁਖ, ਜੋਸ਼ੀਲੇ ਅਤੇ ਆਨੰਦ ਵਿਚ ਹੁੰਦੇ।
ਇੱਕ ਵਾਰ ਜਦੋਂ ਮੈਂ ਅਤੇ ਉਹ ਹੀ ਸਨ, ਮੈਂ ਉਨ੍ਹਾਂ ਨੂੰ ਪੁੱਛਿਆ ਕਿ ਇਓਂ ਤੁਹਾਡੇ ਧਰਤੀ 'ਤੇ ਪੈਰ ਨਾ ਲੱਗ ਰਹੇ ਹੋਣ ਦੀ ਵਜ੍ਹਾ ਕੀ ਹੈ ਭਲਾ ਅਤੇ ਉਨ੍ਹਾਂ ਕਿਹਾ,

*"ਹੁਣ ਉਹ ਬਿਮਾਰ ਨਹੀਂ ਰਹੀ।"*

ਇੱਕ ਵਕਫ਼ੇ ਤੋਂ ਬਾਅਦ ਕਹਿੰਦੇ,
*"ਰਾਤ ਮੁੱਕ ਗਈ ਐ / ਪਰ ਸੁਫ਼ਨਾ ਨਹੀਂ ਮੁੱਕਿਆ*
*ਉਹ ਅੱਜ ਵੀ / ਮੇਰੇ ਨਾਲ ਤੁਰ ਰਹੀ ਐ।"*

ਮੈਂ ਵੇਖ ਸਕਦੀ ਪਈ ਸੀ ਕਿ ਉਨ੍ਹਾਂ ਦੀ ਲਿਵ ਲੱਗੀ ਹੋਈ ਹੈ। ਉਹ ਕਹਿੰਦੇ ਗਏ,

*"ਪਿਆਰ ਨਾਲ ਜ਼ਿੰਦਗੀ ਜਿਊਂਦਿਆਂ*
*ਇਬਾਦਤ ਆਪਣੇ ਆਪ ਹੋ ਜਾਂਦੀ ਐ/ ਨਾ ਕਿਸੇ ਸ਼ਬਦ ਦੀ ਲੋੜ*
*ਨਾ ਕਿਸੇ ਜਵਾਬ ਦੀ ਮੋਹਤਾਜੀ / ਨਾ ਕਿਸੇ ਵੇਲੇ ਦੀ ਪਬੰਦੀ*
*ਤੇ ਨਾ ਹੀ ਕੋਈ ਮਜਬੂਰੀ / ਕਿਸੇ ਨੂੰ ਸਿਰ ਨਿਵਾਣ ਦੀ।"*

ਉਹ ਕਵਿਤਾ ਵਾਂਗ ਸੁਣਾਉਂਦੇ ਗਏ,

*"ਬੱਸ ਯਾਰ ਦਾ ਹੱਥ ਫੜ ਲਓ / ਤੇ ਰੱਬ ਨਾਲ ਗੱਲਾਂ ਕਰ ਲਓ*
*ਕਿਸੇ ਦਿਖਾਵੇ ਦੀ ਕੋਈ ਲੋੜ ਹੀ ਨਹੀਂ*
*ਬੱਸ ਪਿਆਰ ਵਿਚ ਪਏ ਰਹੋ*
*ਖ਼ੁਸ਼ੀ ਆਪਣੇ ਆਪ / ਚੱਲ ਕੇ ਆ ਜਾਂਦੀ ਐ।"*

ਉਹ ਅੱਗੇ ਵੀ ਕੁਝ ਕਹਿ ਰਹੇ ਸਨ,

"ਅਨੰਦ-ਹੁੱਲਾਸ ਸਿਰਫ਼ ਉਸ ਕਿਸੇ ਰਿਸ਼ਤੇ ਵਿਚੋਂ ਆਉਂਦਾ ਹੈ ਜਿਹੜਾ ਆਪਮੁਹਾਰਾ ਅਤੇ ਸੁਖੱਲਾ, ਬੇ-ਤਰੱਦਦ ਹੋਵੇ। ਜਿੱਥੇ ਪੂਰਾ ਖ਼ਿਆਲ, ਉੱਦਮ ਤੇ ਆਸ-ਉਡੀਕ ਹੋਏ, ਮੁਹੱਬਤ ਆਪੇ ਹੀ ਤੁਹਾਡੀ ਜ਼ਿੰਦਗੀ ਨੂੰ ਖ਼ੁਸ਼ੀਆਂ ਨਾਲ ਭਰ ਦਿੰਦੀ ਹੈ।
ਉਮਾ,
*ਅਸੀਂ ਵਾਹਵਾ ਹੀ ਸਜਾਵਟਾਂ ਨਾਲ ਕਿੰਨਾ ਜ਼ੋਰ ਲਾ ਲਾ ਕੇ ਵਿਆਹ ਦੀਆਂ ਰਸਮਾਂ ਵਿਚ 'ਦਿਖਾਵੇ' ਭਰਦੇ ਹਾਂ*
*ਪਰ ਜਦੋਂ ਦੋ ਜਣਿਆਂ ਦੀ ਆਪਸ ਵਿਚ ਬਣਨ ਤੇ ਇੱਕ ਹੋ ਜਾਣ ਦੀ ਗੱਲ ਆਉਂਦੀ ਹੈ,*
*ਤਾਂ ਇਸ ਬਾਰੇ ਤਾਂ ਕੋਈ ਤਿਆਰੀ ਸ਼ਿਆਰੀ ਕੀਤੀ ਨਹੀਂ ਦਿਸਦੀ।"*

ਆਪਣੇ ਵਿਚਾਰ ਸਮਝਾਉਣ ਤੋਂ ਬਾਅਦ ਉਨ੍ਹਾਂ ਇਹ ਕਿਹਾ,
*"ਨਾ ਕਿਤੇ ਮਨ ਤੇ ਨਾ ਮਨੁਹਾਰ।"*

ਮੁੜ ਇਸੇ ਨੂੰ ਕੁਝ ਹੋਰ ਸਮਝਾਉਣ ਤੋਂ ਬਾਅਦ ਉਨ੍ਹਾਂ ਕਿਹਾ,

"ਮੇਰੀ ਅੰਮ੍ਰਿਤਾ ਤਾਂ ਅੱਜ ਵੀ ਮੇਰੇ ਨਾਲ ਹੈ। ਮੈਂ ਤਾਂ ਅੱਜ ਵੀ ਅੰਮ੍ਰਿਤਾ ਲਈ ਫੁੱਲ ਲਿਆਂਦਾ ਹਾਂ।
ਓਸ ਦੇ ਕਮਰੇ ਨੂੰ ਸਜਾਂਦਾ ਹਾਂ,
ਪਿਆਰ ਭਰੀਆਂ ਗੱਲਾਂ ਵੀ ਉਸ ਨਾਲ ਕਰਦਾ ਹਾਂ।
ਫਿਰ ਕਿਉਂ ਨਾ ਮੇਰੇ ਚਿਹਰੇ 'ਤੇ ਓਸਦੀ ਮੁਹੱਬਤ ਦੀ ਝਲਕ ਹੋਵੇ?
ਮੇਰੇ ਪਿਆਰ ਦਾ ਪਿਆਲਾ ਕਿਉਂ ਨਾ ਛਲਕਦਾ ਵਿਖੇ?"

ਉਨ੍ਹਾਂ ਨੂੰ ਮਿਲਣ ਤੋਂ ਬਾਅਦ ਮੈਂ ਆਪਣੀ ਕਾਰ ਵੱਲ ਜਾ ਰਹੀ ਸੀ ਤਾਂ ਮੈਂ ਹੈਰਾਨ ਹੋ ਕੇ ਸੋਚ ਰਹੀ ਸੀ- ਜੇ ਇਮਰੋਜ਼ ਏਨੇ ਖ਼ੁਸ਼ ਹਨ, ਅੰਮ੍ਰਿਤਾ ਨਾਲ ਆਪਣੇ ਰਿਸ਼ਤੇ ਦੇ ਚੱਲੀ ਜਾਣ ਬਾਰੇ, ਉਸ ਦੇ ਚਲੇ ਜਾਣ ਤੋਂ ਬਾਅਦ ਵੀ, ਤਾਂ ਕੀ ਇੱਥੇ ਜ਼ਿੰਦਗੀ ਤੇ ਮੌਤ ਨੂੰ ਇੱਕ ਨਵਾਂ ਅਯਾਮ ਨਹੀਂ ਮਿਲ ਰਿਹਾ ਹੈ?

ਜਦੋਂ ਮੈਂ ਆਪਣੀ ਕਾਰ ਸਟਾਰਟ ਕਰ ਉਨ੍ਹਾਂ ਵੱਲ ਤੱਕਿਆ, ਉਨ੍ਹਾਂ ਦੀ ਮੁਸਕ੍ਰਾਹਟ ਨੇ ਤੇ ਉਨ੍ਹਾਂ ਦੇ ਨਿੱਘ ਨੇ ਝੱਟ ਹੀ ਮੇਰੇ ਲਈ ਵੀ ਅੰਮ੍ਰਿਤਾ ਜਿਊਂਦੀ ਕਰ ਦਿੱਤੀ।

ਪਿੱਛੇ ਜਿਹੇ, ਮੈਨੂੰ ਸਾਝਰੇ ਹੀ ਇਮਰੋਜ਼ ਦਾ ਫ਼ੋਨ ਆਇਆ।
ਉਨ੍ਹਾਂ ਮੈਨੂੰ ਪੁੱਛਿਆ ਕਿ ਕੀ ਮੈਂ ਛੇਤੀ ਤੋਂ ਛੇਤੀ ਉਨ੍ਹਾਂ ਨੂੰ ਮਿਲਣ ਆ ਸਕਦੀ ਹਾਂ।
ਉਨ੍ਹਾਂ ਦੀ ਅਵਾਜ਼ ਵਿਚ ਇੱਕ ਕਾਹਲ ਸੀ।
ਮੈਂ ਉਨ੍ਹਾਂ ਨੂੰ ਵਜ੍ਹਾ ਨਾ ਪੁੱਛੀ।

ਜਦੋਂ ਮੈਂ ਉਨ੍ਹਾਂ ਦੇ ਘਰ ਪੁੱਜੀ, ਮੈਂ ਇਮਰੋਜ਼ ਨੂੰ ਬੜੇ ਜੋਸ਼ ਨਾਲ ਕੰਮਾਂ ਵਿਚ ਲੱਗੇ ਵੇਖਿਆ।

ਲੱਗਦਾ ਸੀ ਕਿ ਉਹ ਕਿਸੇ ਜਸ਼ਨ ਦੀ ਤਿਆਰੀ ਵਿਚ ਹਨ।
ਘਰ ਸਜਾਇਆ ਜਾ ਰਿਹਾ ਸੀ।
ਦੋ ਜਾਂ ਤਿੰਨ ਹੋਰ ਜਣੇ ਵੀ ਕਈ ਕੁਝ ਕਰਨ ਵਿਚ ਉਨ੍ਹਾਂ ਦੀ ਮਦਦ ਕਰ ਰਹੇ ਸਨ।
ਖ਼ਾਸ ਖਾਣਾ ਪੱਕ ਰਿਹਾ ਸੀ।
ਸਾਈਡਬੋਰਡ ’ਚੋਂ ਉਚੇਚੀਆਂ ਪਲੇਟਾਂ ਕੱਢੀਆਂ ਜਾ ਰਹੀਆਂ ਸਨ, ਇਹ ਧੋ ਧੋ ਖਾਣੇ ਦੇ ਮੇਜ਼ ’ਤੇ ਟਿਕਾਈਆਂ ਜਾ ਰਹੀਆਂ ਸਨ।
ਫੁੱਲਦਾਨਾਂ ਵਿਚ ਫੁੱਲ ਸਜਾਏ ਜਾ ਰਹੇ ਸਨ।

ਅੰਮ੍ਰਿਤਾ ਦਾ ਕਮਰਾ ਖ਼ਾਸ ਤੌਰ ’ਤੇ ਉਸੇ ਦੇ ਅੰਦਾਜ਼ ਵਿਚ ਸਜਾਇਆ ਜਾ ਰਿਹਾ ਸੀ।
ਬੈਠਕ ਵਿਚ ਕੁਝ ਹੋਰ ਕੁਰਸੀਆਂ ਆਉਣ ਵਾਲੇ ਮਹਿਮਾਨਾਂ ਲਈ ਰੱਖੀਆਂ ਜਾ ਰਹੀਆਂ ਸਨ।
ਮੇਰੇ ਤੋਂ ਰਹਿ ਨਾ ਹੋਇਆ ਤੇ ਮੈਂ ਇਮਰੋਜ਼ ਨੂੰ ਪੁੱਛਿਆ, ਇਹ ਤਿਆਰੀਆਂ ਕਿਸ ਲਈ?
ਉਨ੍ਹਾਂ ਥੋੜ੍ਹੇ ਜਿਹੇ ਸ਼ਬਦਾਂ ਵਿਚ ਸਾਫ਼ ਕਿਹਾ,
*“ਅੰਮ੍ਰਿਤਾ ਤੇ ਮੈਂ ‘ਨਾਗਮਣੀ ਦਾ ਦਿਨ’ ਮਣਾਅ ਰਹੇ ਹਾਂ,*
*ਆਪਣਾ ਮਹੀਨੇਵਾਰ ਸਾਹਿੱਤਕ ਪਰੋਗਰਾਮ।*
*ਕਈ ਲੇਖਕ ਆਉਣਗੇ, ਆਪਣੀਆਂ ਕਵਿਤਾਵਾਂ,*
*ਕਹਾਣੀਆਂ ਤੇ ਲੇਖ ਸੁਣਾਉਣਗੇ -ਜਿਨ੍ਹਾਂ ’ਤੇ*
*ਹਾਜ਼ਰੀਨ ਆਪਣਾ ਤਬਸਰਾ ਕਰਨਗੇ।*
*ਅਸਲ ਵਿਚ ਓਸੇ ਨੇ ਮੈਨੂੰ ਕਿਹਾ ਹੈ ਤੈਨੂੰ ਸੱਦਣ ਨੂੰ।”*

ਬੜੀ ਹੀ ਹੈਰਾਨੀ, ਸਦਮੇ ਤੇ ਹਲਾਤ ਨੂੰ ਸਮਝਣ ਵੱਲੋਂ ਕੁਝ ਕੁਚੱਜੇ ਜਿਹੇ ਤਰੀਕੇ ਨਾਲ ਮੈਂ ਮੂੰਹ ਹੀ ਮੂੰਹ ਵਿਚ ਏਨਾ ਕਹਿ ਸਕੀ,
“ਹਾਂ , ਹਾਂ, ਨਾਗਮਣੀ ਦੇ ਛਪਣ ਤੇ ਇਸਦੇ ਜਸ਼ਨਾਂ ਬਾਰੇ ਮੈਨੂੰ ਪਤਾ ਹੈ।”
ਮੈਂ ਆਲੇ ਦੁਆਲੇ ਨਜ਼ਰ ਘੁਮਾਈ।
ਜਿਸ ਗੰਭੀਰਤਾ ਨਾਲ ਤਿਆਰੀਆਂ ਚੱਲ ਰਹੀਆਂ ਸਨ ਉਸ ਤੋਂ ਮੈਂ ਹੈਰਾਨ ਸੀ।
ਮੈਂ ਓਥੇ ਚੁੱਪਚਾਪ ਘੁੰਮ ਫਿਰ ਕੇ ਵੇਖ ਰਹੀ ਸੀ।
ਕਮਰੇ ਵਿਚ ਕੰਧ ਉੱਤੇ ਲੱਗੀ ਅੰਮ੍ਰਿਤਾ ਦੀ ਇੱਕ ਤਸਵੀਰ ਵੇਖ ਰਹੀ ਸੀ ਕਿ ਇਮਰੋਜ਼ ਮੇਰੇ ਕੋਲ ਆ ਖਲੋਤੇ ਤੇ ਕਹਿੰਦੇ,

*“ਉਮਾ, ਅੰਮ੍ਰਿਤਾ ਹਰ ਵੇਲੇ ਇੱਥੇ ਐ।*
*ਉਹ ਮੇਰੇ ਨਾਲ ਨਾਲ ਐ, ਇਹ ਸਾਰੇ ਇੰਤਜ਼ਾਮ ਕਰਦੀ।”*

ਥੋੜ੍ਹੇ ਜਿਹੇ ਹੀ ਵਕਫ਼ੇ ਤੋਂ ਬਾਅਦ ਉਨ੍ਹਾਂ ਕਿਹਾ,

*“ਅੱਜ ਮੈਨੂੰ*
*ਤੇਰੀ ਮੌਜੂਦਗੀ ਹਰ ਥਾਂ ਮਹਿਸੂਸ ਹੋ ਰਹੀ ਐ ਪਰ ਤੂੰ ਸਭ ਨੂੰ ਦਿਖਦੀ ਨਹੀਂ।*
*ਜ਼ਿੰਦਗੀ ਆਪਣੇ ਸਾਰੇ ਰੰਗ ਲੈ ਕੇ ਖੜ੍ਹੀ ਉਡੀਕ ਰਹੀ ਐ*
*ਆਪਣੀ ਅੱਖਰਾਂ ਦੀ ਜਾਈ ਨੂੰ ਜੋ ਜ਼ਿੰਦਗੀ ਲਿਖਦੀ ਐ*
*ਤੇ ਕਵਿਤਾ ਜਿਊਂਦੀ ਐ।”*

ਬੜੇ ਹੀ ਅਸਮੰਜਸ ਵਿਚ, ਮੈਂ ਇਮਰੋਜ਼ ਨੂੰ ਅੰਮ੍ਰਿਤਾ ਦੀ ਮੌਜੂਦਗੀ ਵਿਚ ਪੂਰੀ ਤਰ੍ਹਾਂ ਗੁਆਚੇ ਤੇ ਵਲ਼ੇ ਵੇਖਿਆ।

*“ਹਸਤੀਏ ਮੁਹੱਬਤ ਕੀ*
*ਜ਼ਰਾ ਤਾਸੀਰ ਤੋ ਦੇਖ*
*ਸਾਰੇ ਜਹਾਂ ਮੇਂ ਵੋ ਹੈ*
*ਕੋਈ ਦੂਸਰਾ ਨਹੀਂ।”*



Amrit Kaur alias Amrita Pritam in Preetlari in May 1936


Uma Trilok

# ਰੇਡੀਓ ਦੀਆਂ ਯਾਦਾਂ: ਦੇਵਿੰਦਰ ਮਹੇਂਦ੍ਰੂ

## ਸੀਜ਼ਨ-ਦੋ; ਐਪੀਸੋਡ -27



**ਧਰਮਸ਼ਾਲਾ** ਸਟੇਸ਼ਨ ’ਤੇ ਪ੍ਰੋਗਰਾਮ ਹੈੱਡ ਸਾਂ। ਹਮੇਸ਼ਾ ਇੱਕ ਮੁੰਡੇ ਦੀ ਸਿਫ਼ਾਰਸ਼ ਲੈ ਕੇ ਕੋਈ ਨਾ ਕੋਈ ਤੁਰਿਆ ਹੁੰਦਾ ਕਿ ਉਹਦੀਆਂ ਡਿਊਟੀਆਂ ਵਧਾਅ ਦੇਵੋ- ਕਿ ਉਹ ਲੋੜਵੰਦ ਹੈ ਬਹੁਤ।

ਇੱਕ ਦਿਨ ਇੱਕ ਫ਼ੋਨ ਆਇਆ ਕਿ ਮੈਂ ਸਿੱਖਿਆ ਮੰਤਰੀ ਦਾ ਪੀ ਏ ਬੋਲ ਰਿਹਾਂ, ਤੁਹਾਡੇ ਨਾਲ ਗੱਲ ਕਰਨੀ ਹੈ। ਉਹਨੇ ਉਨ੍ਹਾਂ ਨਾਲ ਫ਼ੋਨ ਕਨੈਕਟ ਕਰ ਦਿੱਤਾ- ਉਸੇ ਕੈਯੂਅਲ ਅਨਾਊਂਸਰ ਦੀਆਂ ਡਿਊਟੀਆਂ ਵਧਾਉਣ ਲਈ ਕਿਹਾ ਜਾ ਰਿਹਾ ਸੀ! ਮੈਂ ਗੌਲੀ ਨਹੀਂ ਗੱਲ।

ਮਹੀਨੇ ਕੁ ਬਾਅਦ ਫੇਰ ਉਸ ਤਰ੍ਹਾਂ ਦਾ ਫ਼ੋਨ! ਖਿਝ ਜਿਹੀ ਆਈ। ਰਿਕਾਰਡ ਮੰਗਵਾਅ ਕੇ ਚੈੱਕ ਕੀਤਾ। ਉਸ ਮੁੰਡੇ ਨੂੰ ਬੁਲਾਅ ਕੇ ਪੁੱਛਿਆ - “ਕਿਉਂ ਸਿਫ਼ਾਰਸ਼ ਪੁਆ ਰਿਹਾ ਹੈਂ?”

ਉਹਨੇ ਘਰ ਦੀ ਆਰਥਕ ਹਾਲਤ ਬਾਰੇ ਦੱਸਣ ਦੀ ਕੋਸ਼ਿਸ਼ ਕੀਤੀ... ਮੈਂ ਉਹਦੀ ਗੱਲ ਨਹੀਂ ਸੁਣੀ।

ਬਾਕੀਆਂ ਦੇ ਬਰਾਬਰ ਹੀ ਤਾਂ ਨਿਯਮ ਮੁਤਾਬਕ ਡਿਊਟੀਆਂ ਮਿਲ ਰਹੀਆਂ ਸਨ ਉਹਨੂੰ।

ਅਗਲੀ ਵਾਰ ਫ਼ੋਨ ਆਇਆ ਮੰਤਰੀ ਜੀ ਦਾ, ਤਾਂ ਮੈਂ ਗੱਲ ਨਹੀਂ ਕੀਤੀ ਤੇ ਆਪਣੇ ਪੀ ਏ ਨੂੰ ਕਹਿ ਦਿੱਤਾ ਕਿ ਮੇਰੀ ਉਨ੍ਹਾਂ ਨਾਲ ਗੱਲ ਨਾ ਕਰਵਾਈ ਜਾਵੇ, ਅੱਗੇ ਤੋਂ।

ਕੁਝ ਮਹੀਨੇ ਬਾਅਦ ਮੁੰਡੇ ਨੇ ਲੀਗਲ ਨੋਟਿਸ ਭਿਜਵਾਅ ਦਿੱਤਾ ਸਾਨੂੰ! ਜਲੰਧਰ ਰਹਿੰਦਿਆਂ ਕਦੇ ਅਜਿਹਾ ਕੁਝ ਨਹੀਂ ਸੀ ਦੇਖਿਆ ਸੁਣਿਆ। ਵੱਡਾ ਸਟੇਸ਼ਨ ਸੀ, ਵੱਡੇ ਅਫ਼ਸਰ ਸੰਭਾਲ ਲੈਂਦੇ ਹੋਣਗੇ ਅਜਿਹੇ ਮਸਲੇ। ਘੱਟੋਘੱਟ ਮੈਨੂੰ ਅਜਿਹੀਆਂ ਪ੍ਰਸ਼ਾਸਨਿਕ ਸਮੱਸਿਆਵਾਂ ਬਾਰੇ ਕੁਝ ਨਹੀਂ ਸੀ ਪਤਾ। ਘਬਰਾਹਟ ਹੋਈ। ਆਪਣੇ ਸਹਿਯੋਗੀਆਂ ਨਾਲ ਗੱਲ ਕਰ ਕੇ ਧਰਮਸ਼ਾਲਾ ਦੇ ਇੱਕ ਨਾਮੀ ਵਕੀਲ ਨਾਲ ਗੱਲ ਕੀਤੀ। ਉਨ੍ਹਾਂ ਦੇ ਕਹਿਣ ’ਤੇ, ਉਸ ਮੁੰਡੇ ਨੂੰ ਬੁਲਾਇਆ ਗਿਆ।

ਵਕੀਲ ਸਾਹਿਬ ਸੁਲਝੇ ਹੋਏ ਸਨ। ਉਨ੍ਹਾਂ ਗੱਲਾਂ ਗੱਲਾਂ ਵਿੱਚ ਮੁੰਡੇ ਦੇ ਮੂੰਹੋਂ ਕਢਵਾਅ ਲਿਆ- ਫ਼ੋਨ ਉਹ ਆਪਣੇ ਹੀ ਕਿਸੇ ਦੋਸਤ ਤੋਂ ਕਰਵਾਉਂਦਾ ਸੀ, ਜਿਹੜਾ ਸਿੱਖਿਆ ਮੰਤਰੀ ਬਣ ਕੇ ਮੇਰੇ ਨਾਲ ਗੱਲ ਕਰਦਾ ਸੀ!!

ਜਦੋਂ ਇਸ ਤਰ੍ਹਾਂ ਗੱਲ ਨਾ ਬਣੀ ਤਾਂ ਆਪਣੇ ਇੱਕ ਹੋਰ ਵਕੀਲ ਦੋਸਤ ਰਾਹੀਂ ਮੈਨੂੰ ਡਰਾਉਣ ਲਈ ਨੋਟਿਸ ਭਿਜਵਾਇਆ ਗਿਆ!

ਚਲੋ ਮਾਮਲਾ ਨਿਪਟ ਗਿਆ। ਮੈਂ ਇੱਕ ਦਿਨ ਉਹਨੂੰ ਇਕੱਲੇ ਨੂੰ ਬੁਲਾਅ ਕੇ ਪੁੱਛਿਆ, “ਕਾਕੂ (ਇਹ ਉਹਦਾ ਘਰ ਦਾ ਨਾਂ ਸੀ ਤੇ ਇਸੇ ਨਾਂ ਨਾਲ ਬੁਲਾਉਂਦੇ ਸਾਂ ਅਸੀਂ ਸਾਰੇ, ਉਹਨੂੰ) ਜੋ ਤੂੰ ਕੀਤਾ ਹੈ ਤੈਨੂੰ ਪਤਾ ਹੈ- ਮੈਂ ਤੇਰੀਆਂ ਡਿਊਟੀਆਂ ਬੰਦ ਕਰ ਸਕਦੀ ਹਾਂ?”

“ਪਰ ਤੁਸੀਂ ਕਰੋਗੇ ਨਹੀਂ।”

“ਕਿਉਂ?”

“ਮੈਨੂੰ ਪਤਾ ਹੈ ਤੁਸੀਂ ਅਜਿਹਾ ਕਰ ਹੀ ਨਹੀਂ ਸਕਦੇ..”

ਹਾਸਾ ਨਿੰਕਲ ਗਿਆ ਮੇਰਾ, “ਕਿਉਂ ਨਹੀਂ ਕਰ ਸਕਦੀ?”

“ਮੈਮ, ਤੁਸੀਂ ਬਿਲਕੁਲ ਮੇਰੀ ਮੰਮੀ ਦੀ ਕਾਰਬਨ ਕਾਪੀ ਹੋ। ਮੈਂ ਏਨੀਆਂ ਬਦਤਮੀਜ਼ੀਆਂ ਕਰਦਾਂ- ਮੇਰੀ ਮੰਮੀ ਮੈਨੂੰ ਕਦੇ ਸਜ਼ਾ ਨਹੀਂ ਦਿੰਦੀ। ਹਮੇਸ਼ਾ ਮਾਫ਼ ਕਰ ਦਿੰਦੀ ਹੈ..”

ਮਾਫ਼ੀ ਮੰਗਣ ਦਾ ਇਹ ਵੀ ਇੱਕ ਤਰੀਕਾ ਸੀ!

ਆਪਣੀਆਂ ਅੱਖਾਂ ਵਿੱਚ ਆਇਆ ਪਾਣੀ ਮੈਂ ਕਾਕੂ ਨੂੰ ਦਿਖਣ ਨਹੀਂ ਦਿੱਤਾ।

ਉਸ ਦਿਨ ਤੋਂ ਬਾਅਦ ਕਾਕੂ ਨੇ, ਜਿੰਨੀ ਦੇਰ ਮੈਂ ਧਰਮਸ਼ਾਲਾ ਰਹੀ, ਕਦੇ ਮੈਨੂੰ ਪਰੇਸ਼ਾਨ ਨਹੀਂ ਕੀਤਾ।

ਪੰਜ ਸਟੇਸ਼ਨ, ਰੇਡੀਓ ਦੇ, ਮੇਰੀ ਕਰਮਭੂਮੀ ਰਹੇ। ਮੇਰਾ ਸਟਾਫ਼ ਮੈਨੂੰ ਮੇਰੇ ਪਰਿਵਾਰ ਨਾਲੋਂ ਵੀ ਜ਼ਿਆਦਾ ਆਪਣਾ ਲੱਗਦਾ ਸੀ।

ਕਾਕੂ ਵਾਲੇ ਕੇਸ ਤੋਂ ਇੱਕ ਗੱਲ ਜਿਹੜੀ ਸਿੱਖੀ ਉਹਨੂੰ ਕਦੇ ਨਹੀਂ ਭੁੱਲੀ। ਮੈਨੂੰ ਉਹਦੀ ਗੱਲ ਧੀਰਜ ਨਾਲ ਸੁਣਨੀ ਚਾਹੀਦੀ ਸੀ। ਬੇਸ਼ੱਕ ਉਹਦੀ ਮੰਗ ਗ਼ਲਤ ਸੀ ਤੇ ਤਰੀਕਾ ਉਸ ਤੋਂ ਵੀ ਗ਼ਲਤ- ਪਰ ਮੈਨੂੰ ਸੋਚਣਾ ਚਾਹੀਦਾ ਸੀ, ਉਹ ਬੱਚਾ ਹੈ ਤੇ ਨਾਸਮਝ ਹੈ। ਪਿਆਰ ਨਾਲ ਉਹਦੀ ਗੱਲ ਸੁਣ ਲੈਂਦੀ ਤੇ ਜੇ ਸੰਭਵ ਹੁੰਦਾ ਨਿੱਜੀ ਤੌਰ ’ਤੇ ਥੋੜ੍ਹੀ ਬਹੁਤ ਸਹਾਇਤਾ ਕਰ ਦਿੰਦੀ। ਉਹਨੇ ਸਮਝ ਜਾਣਾ ਸੀ।

ਬਾਅਦ ਵਿੱਚ ਕਿੰਨੀ ਵਾਰ ਅਜਿਹੇ ਕੇਸ ਮੇਰੇ ਕੋਲ ਆਏ। ਹਰ ਆਉਣ ਵਾਲੇ ਦੀ ਸਮੱਸਿਆ ਸੁਣ ਲੈਂਦੀ ਸਾਂ। ਜੋ ਸੰਭਵ ਹੁੰਦਾ ਕਰ ਦਿੰਦੀ ਸਾਂ। ਕਿੰਨੀ ਵਾਰ ਪਰਸ ਵਿੱਚ ਜੋ ਹੁੰਦਾ ਕੱਢ ਕੇ ਦਿੱਤਾ, ਇਹ ਸੋਚ ਕੇ ਕਿ ਇਹ ਹੁਣ ਵਾਪਸ ਨਹੀਂ ਆਉਣਾ- ਪਰ ਇੱਕ ਵਾਰ ਵੀ ਇੰਝ ਨਹੀਂ ਹੋਇਆ ਕਿ ਕਿਸੇ ਨੂੰ ਪੈਸੇ ਵਾਪਸ ਦੇਣੇ ਯਾਦ ਨਾ ਰਹੇ ਹੋਣ, ਕਿ ਕਦੇ ਕਿਸੇ ਨੇ ਅਪਣੱਤ ਨਾ ਦਿਖਾਈ ਹੋਵੇ। ਚਾਹੇ ਪੰਜਾਬ ਸੀ, ਹਿਮਾਚਲ ਸੀ ਯਾ ਜੰਮੂ ਕਸ਼ਮੀਰ -ਮੈਂ ਉਨ੍ਹਾਂ ਦੇ ਪਰਿਵਾਰ ਦਾ ਮੈਂਬਰ ਸੀ। ਸੱਚ ਪੁੱਛੋ ਤਾਂ ਅੱਜ ਵੀ ਹਾਂ।

# ਜੇਮਜ਼ ਬਾਂਡ  – ਨੰਬਰ ਪਹਿਲਾ!

13 ਸਾਲ ਦੀ ਉਮਰੇ, ਉਹ ਕੁਝ ਸਿੱਕਿਆਂ ਲਈ ਕਫ਼ਨਾਂ ਦੇ ਤਾਬੂਤ ਪਾਲਿਸ਼ ਕਰਦਾ ਸੀ। 32 ਸਾਲ ਦੀ ਉਮਰੇ,  ਉਹ ਜੇਮਜ਼ ਬਾਂਡ ਬਣ ਚੁੱਕਾ ਸੀ। 40 ਦੀ ਉਮਰੇ, ਉਸ ਨੂੰ ਉਹ ਨਾਰ ਮਿਲੀ ਜਿਸ ਨੇ 45ਸਾਲ ਉਸ ਨਾਲ ਪਿਆਰ ਨਿਭਾਇਆ–ਜਦੋਂ ਕਿ ਉਸ ਨੂੰ ਪਤਾ ਹੀ ਨਹੀਂ ਸੀ ਕਿ ਉਹ ਕੌਣ ਸੀ।

Sir Sean Connery (25 ਅਗਸਤ 1930–31 ਅਕਤੂਬਰ 2020) (ਸ਼ੌਨ ਕਾਨ੍ਹਰੀ) ਐਡਿਨਬਰਗ ਸ਼ਹਿਰ ਦੇ ਇੱਕ ਗਰੀਬੜੇ ਪਾਸੇ ਦੀ ਇੱਕ ਬਿਲਡਿੰਗ ਦੇ ਇੱਕ ਨਿੱਕੇ ਜਿਹੇ ਫ਼ਲੈਟ ਵਿਚ ਜੰਮਿਆ ਸੀ। ਉਸ ਦਾ ਪਿਤਾ ਲਾਰੀ ਚਲਾਉਂਦਾ ਸੀ। ਉਸ ਦੀ ਮਾਂ ਕੁਝ ਕਮਾਉਣ ਦੇ ਲਈ ਫ਼ਰਸ਼ ਸਾਫ਼ ਕਰਦੀ ਸੀ। ਕਿਸੇ ਵਾਧੂ ਚੀਜ਼ ਲਈ ਕੋਈ ਪੈਸਾ ਨਹੀਂ ਸੀ ਹੁੰਦਾ। ਮਸਾਂ ਜ਼ਰੂਰੀ ਚੀਜ਼ ਵਸਤ ਹੀ ਖਰੀਦੀ ਜਾ ਸਕਦੀ। ਟੱਬਰ ਇੱਕੋ ਕਮਰੇ ਵਿਚ ਸੌਂਦਾ ਸੀ, ਅਤੇ ਅੱਲ੍ਹੜ ਸੀਨ ਨੂੰ ਨਿੱਕੀ ਉਮਰੇ ਹੀ ਪਤਾ ਲੱਗ ਗਿਆ ਸੀ ਕਿ ਜ਼ਿੰਦਗੀ ਨੇ ਉਸ ਨੂੰ ਕੁਝ ਵੀ ਸੌਖਿਆਂ ਨਹੀਂ ਦੇਣਾ।

13 ਸਾਲ ਦੀ ਉਮਰੇ ਉਸ ਨੇ ਸਕੂਲ ਛੱਡ ਦਿੱਤਾ। ਏਸ ਲਈ ਨਹੀਂ ਕਿ ਉਹ ਇਹ ਚਾਹੁੰਦਾ ਸੀ। ਏਸ ਲਈ ਕਿਉਂਕਿ ਉਸਦੇ ਪਰਿਵਾਰ ਨੂੰ ਉਸ ਵੱਲੋਂ ਕਮਾਏ ਜਾ ਸਕਣ ਵਾਲੇ ਹਰੇਕ ਰੁਪਏ (ਸ਼ਿਲਿੰਗ) ਦੀ ਲੋੜ ਸੀ। ਸੋ ਉਹ ਸੂਰਜ ਚੜ੍ਹਨੋਂ ਪਹਿਲਾਂ ਉੱਠਦਾ ਅਤੇ ਘੋੜੇ ਵਾਲੇ ਰੇੜ੍ਹੇ ਚੜ੍ਹ ਠੰਢੀਆਂ ਸਕਾੱਟਲੈਂਡੀ ਗਲੀਆਂ ਵਿਚ ਦੁੱਧ ਪਹੁੰਚਾਉਂਦਾ। ਜਦੋਂ ਇਹ ਸ਼ਿਫ਼ਟ ਮੁੱਕਦੀ, ਇੱਕ ਹੋਰ ਸ਼ੁਰੂ ਹੋ ਜਾਂਦੀ। ਉਹ ਰਾਜ ਮਿਸਤਰੀ ਨਾਲ ਇੱਟਾਂ ਲਾਉਂਦਾ। ਉਹ ਟ੍ਰੱਕ ਚਲਾਉਂਦਾ। ਉਹ ਸਵਿਮਿੰਗ ਪੂਲ ਸਾਫ਼ ਕਰਦਾ। ਅਤੇ ਕੁਝ ਚਿਰ ਲਈ, ਉਹ ਫ਼ਰਨੀਚਰ ਬਨਾਉਣ ਵਾਲੀ ਇੱਕ ਦੁਕਾਨ ਵਿਚ ਤਾਬੂਤ ਪਾਲਿਸ਼ ਕਰਦਾ ਰਿਹਾ, ਲੋਕਾਂ ਦੀਆਂ ਮੌਤਾਂ ਦੇ ਭਾਰ ਹੇਠਲੀ ਮਸਾਣਾਂ ਵਰਗੀ ਚੁੱਪੀ ਵਿਚ ਘਿਰਿਆ ਬੈਠਾ।

ਕੁਝ ਸਿੱਕੇ ਹੋਰ ਕਮਾਉਣ ਦੇ ਲਈ, ਉਹ ਐਡਿਨਬਰਗ ਕਾਲਜ ਆਫ਼ ਆਟਰ ਵਿਚ ਚਿਤ੍ਰਕਲਾ ਦੇ ਵਿਦਿਆਰਥੀਆਂ ਵਾਸਤੇ ਜਾਮ ਹੋ ਕੇ ਨੰਗੇ ਪੋਜ਼ ਦੇਂਦਾ। ਇਸ ਸਭ ਵਿਚ ਕੋਈ ਵੀ ਠਾਠ–ਖਿੱਚ ਨਹੀਂ ਸੀ। ਬੱਸ ਇਮਾਨਦਾਰੀ ਨਾਲ ਕੀਤਾ ਜਾ ਸਕਣ ਵਾਲਾ ਹਰ ਕੰਮ ਲੱਭਦਾ ਇੱਕ ਅੱਲੜ੍ਹ।

16 ਸਾਲਾਂ ਦਾ ਸੀ ਤਾਂ, ਉਹ ਰਾਯਲ ਨੇਵੀ ਵਿਚ ਚਲਾ ਗਿਆ। ਕੁਝ ਸਾਲਾਂ ਬਾਅਦ ਪੇਟ ਅੰਦਰ ਬਣ ਗਏ ਛਾਲਿਆਂਨਾਲ ਅਤੇ ਨੇਵੀ ਤੋਂ ਹੋ ਗਈ ਛੁੱਟੀ ਦੀ ਪਰਚੀ ਨਾਲ ਉਹ ਘਰ ਪਰਤਿਆ, ਪਰ ਉਸ ਦੇ ਅੰਦਰ ਇੱਕ ਹੋਰ ਚੀਜ਼ ਵੀ ਚੁੱਪ ਚਾਪ ਵਧ ਰਹੀ ਸੀ। ਇੱਕ ਭੁੱਖ। ਇੱਕ ਸੋਝੀ ਜਿਹੀ ਕਿ ਉਹ ਆਪਣੀ ਜ਼ਿੰਦਗੀ ਵਿਚ ਉਨ੍ਹਾਂ ਗਲੀਆਂ ਨਾਲੋਂ ਕੁਝ ਬਹੁਤ ਵੱਡਾ ਕਰਨ ਲਈ ਬਣਿਆ ਸੀ, ਜਿਨ੍ਹਾਂ ਗਲੀਆਂ ਵਿਚ ਕਿ ਉਹ ਜੰਮਿਆ ਸੀ।

1953 ਵਿਚ, ਇੱਕ ਅਜੀਬ ਲੋਰ ਕਰਕੇ, ਉਹ "ਮਿਸਟਰ ਯੂਨੀਵਰਸ ਬਾੱਡੀਬਿਲਡਿੰਗ" ਮੁਕਾਬਲੇ ਵਿਚ ਸ਼ਾਮਿਲ ਹੋ ਗਿਆ। ਉਹ ਤੀਜੇ ਨੰਬਰ 'ਤੇ ਆਇਆ। ਅਤੇ ਓਥੇ, ਤਿਆਰ ਹੋਣ ਵਾਲੇ ਕਮਰੇ ਵਿਚ, ਇੱਕ ਹੋਰ ਮੁਕਾਬਲੇਬਾਜ ਨੇ ਜਿਕਰ




ਜੇਮਜ਼ ਬਾਂਡ ਦੇ ਕਿਰਦਾਰ ਵਿਚ


ਕੀਤਾ ਕਿ "ਸਾਊਥ ਪੈਸਿਫ਼ਿਕ" ਨਾਂ ਦੇ ਇੱਕ ਸੰਗੀਤ ਨਾਟਕ ਵਾਸਤੇ ਕਲਾਕਾਰਾਂ ਦੀ ਆੱਡੀਸ਼ਨ ਹੋ ਰਹੀ ਹੈ। ਸ਼ੌਨ ਨੇ ਐਕਟਿੰਗ ਤਾਂ ਕਦੇ ਵੀ ਨਹੀਂ ਸੀ ਕੀਤੀ ਹੋਈ। ਉਸਦੀ ਕੋਈ ਸਿਖਲਾਈ ਨਹੀਂ ਸੀ। ਉਸ ਤਾਂ ਮਸਾਂ ਹੀ ਨਾਟਕ ਦੀ ਸਕ੍ਰਿਪਟ ਪੜ੍ਹ ਸਕਣੀ ਸੀ।  ਪਰ ਉਹ ਫੇਰ ਵੀ ਚਲਾ ਗਿਆ।

ਇਸ ਇੱਕ ਫ਼ੈਸਲੇ ਨੇ ਸਭ ਕੁਝ ਬਦਲ ਦਿੱਤਾ।

ਕੋਈ ਇੱਕ ਦਹਾਕੇ ਲਈ, ਉਹ ਨਿੱਕੇ ਮੋਟੇ ਰੋਲ ਲੱਭਦਿਆਂ–ਕਰਦਿਆਂ ਗੁਜ਼ਾਰਾ ਚਲਾਉਂਦਾ ਰਿਹਾ। ਟੈਲੀਵਿਯਨ ਦੇ ਕਿਰਦਾਰ। ਭੁੱਲ ਜਾਣ ਵਾਲੀਆਂ ਫ਼ਿਲਮਾਂ। ਰੋਲ–ਦੇਣੇ ਨਿਰਦੇਸ਼ਕ ਕਹਿੰਦੇ ਕਿ ਤੇਰੇ ਬੋਲਦਣ ਦਾ ਠੇਠ ਸਕਾੱਟੀ ਲਹਿਜੇ ਦਾ ਅਸੀਂ ਕੀ ਕਰੀਏ? ਨਿਰਮਾਤਾ ਕਹਿੰਦੇ ਤੂੰ ਬਹੁਤ ਖਰ੍ਹਵਾ ਜਿਹਾ ਹੈਂ, ਬਹੁਤਾ ਹੀ ਮਜ਼ਦੂਰ–ਜਮਾਤੀ ਲੱਗਦਾ, ਮੁੱਖ ਕਿਰਦਾਰਾਂ ਲਈ ਬਹੁਤਾ ਹੀ ਅਣਘੜ।

ਉਸ ਇਹ ਰਾਹ ਨਾ ਛੱਡਿਆ।





ਸ਼ੌਨ ਕਾਨ੍ਹਰੀ

ਫੇਰ 1962 ਵਿਚ, "ਡਾਕਟਰ ਨੋ" ਨਾਂ ਦੀ ਫ਼ਿਲਮ ਵਾਸਤੇ ਜੇਮਜ਼ ਬਾਂਡ ਨਾਂ ਦੇ ਬਰਤਾਨਵੀ ਸੂਹੀਏ ਦੇ ਕਿਰਦਾਰ ਲਈ ਕਿਸੇ ਅਣਜਾਣੇ ਚਿਹਰੇ ਦੀ ਭਾਲ ਹੋ ਰਹੀ ਸੀ। ਨਿਰਮਾਤਾਵਾਂ ਨੂੰ ਕਾਨ੍ਹਰੀ ਬਾਰੇ ਪੂਰਾ ਯਕੀਨ ਨਹੀਂ ਸੀ। ਪਰ ਨਿਰਦੇਸ਼ਕ ਦੀ ਘਰਵਾਲੀ ਨੇ ਆਪਣੀ ਖਿੜਕੀ ਵਿੱਚੋਂ ਉਸ ਨੂੰ ਤੁਰੇ ਆਉਂਦੇ ਨੂੰ ਵੇਖਿਆ ਤਾਂ ਕਿਹਾ- "ਓਸ ਆਦਮੀ ਵਿਚ ਹੈ ਗੱਲ।"
ਉਸ ਨੂੰ ਰੋਲ ਦੇ ਦਿੱਤਾ ਗਿਆ। ਫ਼ਿਲਮ ਨੇ ਭੜਥੂ ਪਾ ਦਿੱਤਾ। ਅਤੇ ਐਡਿਨਬਰਗ ਦਾ ਦੋਧੀ ਦੁਨੀਆ ਦਾ ਸਭ ਤੋਂ ਮਸ਼ਹੂਰ ਸੂਹੀਆ ਬਣ ਗਿਆ।
ਉਸ ਤੋਂ ਬਾਅਦ ਤਾਂ ਜਿੱਥੇ ਜਾਂਦਾ ਮਸ਼ਹੂਰੀ ਉਸ ਦੇ ਪਿੱਛੇ ਪਿੱਛੇ ਫਿਰਦੀ। ਇਨਾਮ। ਰਸਾਲਿਆਂ ਦੇ ਸਰਵਰਕ। ਭੀੜਾਂ। ਜਿਹੜਾ ਮੁੰਡਾ ਕਦੇ ਤਾਬੂਤ ਪਾਲਿਸ਼ ਕਰਦਾ ਸੀ ਉਹ ਹੁਣ ਵਿਸ਼ਵੀ ਹਸਤੀ ਬਣ ਗਿਆ ਸੀ।


ਪਰ ਉਸਦੀ ਜ਼ਿੰਦਗੀ ਦਾ ਸਭ ਤੋਂ ਅਹਿਮ ਪਲ ਤਾਂ ਅਜੇ ਵੀ ਆਉਣਾ ਸੀ। 1970 ਵਿਚ, ਮਰੱਕੋ (ਅਫ਼ਰੀਕਾ) ਵਿਚ ਹੋ ਰਹੀ ਇੱਕ ਗੌਲਫ਼ ਟੂਰਨਾਮੈਂਟ ਵਿਚ, ਉਸ ਨੂੰ Micheline Roquebrune ਨਾਂ ਦੀ ਫ੍ਰਾਂਸੀਸੀ-ਮੋਰੋੱਕੋਈ ਚਿਤ੍ਰਕਾਰ ਮਿਲੀ। ਉਸ ਨੂੰ ਦਿਸਿਆ ਨਰਮੀ ਵਾਲੀਆਂ ਅੱਖਾਂ ਵਾਲਾ ਇੱਕ ਲੰਮਾ-ਉੱਚਾ, ਮਨਮੋਹਣਾ ਆਦਮੀ। ਉਸ ਦਾ ਧਿਆਨ ਇਸ ਵੱਲ ਗਿਆ ਕਿ ਉਹ ਕਿਸ ਤਰ੍ਹਾਂ ਉੱਠਦਾ ਬੈਠਦਾ ਹੈ। ਉਸ ਨੂੰ ਕੋਈ ਪਤਾ ਨਹੀਂ ਸੀ ਕਿ ਉਹ ਜੇਮਜ਼ ਬਾਂਡ ਸੀ। ਉਸ ਨੇ ਕਦੇ ਉਸ ਦੀ ਕੋਈ ਫ਼ਿਲਮ ਨਹੀਂ ਸੀ ਵੇਖੀ ਹੋਈ। ਉਸ ਲਈ ਤਾਂ ਉਹ, ਬੱਸ ਸ਼ੌਨ ਸੀ। ਅਤੇ ਸ਼ਾਇਦ ਐਨ ਇਹੋ ਉਹ ਆਪਣੀ ਸਾਰੀ ਉਮਰ ਲੱਭਦਾ ਰਿਹਾ ਸੀ।
1975 ਵਿਚ ਉਨ੍ਹਾਂ ਦਾ ਵਿਆਹ ਹੋਇਆ ਅਤੇ 45 ਸਾਲ ਉਨ੍ਹਾਂ ਦਾ ਸਾਥ ਰਿਹਾ, ਜਦੋਂ 2020 ਵਿਚ ਸ਼ੌਨ ਨੇ ਅਖੀਰੀ ਸਾਹ ਲਏ। ਇੱਕ ਇਹੋ ਜਿਹੀ ਦੁਨੀਆ ਵਿਚ ਰਹਿੰਦੀ ਹੋਈ ਵੀ, ਜਿਹੜੀ ਇੱਕ ਦੰਦ ਕਥਾ ਵਾਂਗ ਉਸ ਨੂੰ ਪੂਜਦੀ ਸੀ, ਉਸਦੀ ਪਤਨੀ ਨੂੰ ਸਿਰਫ਼ ਉਹ ਆਦਮੀ ਹੀ ਦਿਸਿਆ ਸੀ। ਸ਼ੌਨ ਕਾਨ੍ਹਰੀ ਦੀ ਜ਼ਿੰਦਗੀ ਸਿਰਫ਼ ਗਰੀਬੀ ਤੋਂ ਸਟਾਰ ਬਨਣ ਦੀ ਕਹਾਣੀ ਹੀ ਨਹੀਂ ਹੈ। ਇਹ ਸੱਚਮੁਚ ਵੇਖੇ ਜਾਣ ਦੀ ਕਹਾਣੀ ਵੀ ਹੈ। ਕਿਉਂਕਿ ਸਭ ਤੋਂ ਡੂੰਘੀ ਕਿਸਮ ਦਾ ਪਿਆਰ ਉਹ ਨਹੀਂ ਹੁੰਦਾ ਜਿਹੜਾ ਤੁਹਾਨੂੰ ਇਸ ਲਈ ਲੱਭਦਾ ਹੈ ਕਿਉਂਕਿ ਦੁਨੀਆ ਤੁਹਾਨੂੰ ਇਹ ਜਾਂ ਅਹੁ ਮੰਨਦੀ ਹੈ। ਇਹ ਤਾਂ ਉਹ ਪਿਆਰ ਹੈ ਜਿਹੜਾ ਓਸ ਸਾਰੇ ਰੌਲ਼ੇ ਦੇ ਬਾਵਜੂਦ ਤੁਹਾਨੂੰ ਲੱਭ ਲੈਂਦਾ ਹੈ- ਅਤੇ ਉਸ ਹੇਠਲੀ ਰੂਹ ਦੇ ਕਰਕੇ ਤੁਹਾਡੇ ਅੰਗ ਸੰਗ ਰਹਿੰਦਾ ਹੈ।
ਕਈ ਵਾਰ ਜ਼ਿੰਦਗੀ ਵਿਚ ਸਭ ਤੋਂ ਵੱਡੀ ਮਾਣਤਾ ਕਰੋੜਾਂ ਅਜਨਬੀਆਂ ਤੋਂ ਨਹੀਂ ਮਿਲਦੀ। ਇਜਹ ਕਿਸੇ ਇੱਕ ਜਣੇ ਵੱਲੋਂ ਮਿਲ ਜਾਂਦੀ ਹੈ ਜੋ ਤੁਹਾਡੇ ਵੱਲ ਵੇਖੇ ਅਤੇ ਉਸਨੂੰ ਬੱਸ ਤੁਸੀਂ ਵਿਖ ਜਾਓ।



ਸ਼ੌਨ ਅਤੇ ਪਤਨੀ





ਪਤਨੀ ਅਤੇ ਉਸਦਾ ਸਟੂਡੀਓ



ਪਤਨੀ ਵੱਲੋਂ ਪਤੀ ਦੀ ਬਣਾਈ ਤਸਵੀਰ

ਰੌਸ਼ਨ ਅੱਖਰ / ਡਾ. ਨਵਦੀਪ ਕੌਰ

# ''ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ'' : ਜੰਗ ਬਹਾਦਰ ਗੋਇਲ





**ਸਵਾਗਤ** ਹੈ ਦੋਸਤੋ। ..ਅੱਜ ਜ਼ਿਕਰ ਕਰ ਰਹੇ ਹਾਂ ਕਿਤਾਬਾਂ ਦੀ ਇੱਕ ਅਨੂਠੀ ਸੀਰੀਜ਼ ''ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ'' ਦਾ। ਇਸ ਮਹੱਤਵਪੂਰਨ ਕਿਰਤ ਦੇ ਲੇਖਕ ਹਨ **ਸ੍ਰੀ ਜੰਗ ਬਹਾਦਰ ਗੋਇਲ**। ਅਸਲ ਵਿੱਚ ਇਹ ਪੰਜ ਖੰਡਾਂ ਵਿੱਚ ਪ੍ਰਕਾਸ਼ਿਤ ਲੜੀ ਹੈ ਜਿਸ ਵਿੱਚ ਦੁਨੀਆ ਭਰ ਦੇ ਕਲਾਸਿਕ ਨਾਵਲਾਂ ਨੂੰ ਇਕੱਠਾ ਕੀਤਾ ਗਿਆ ਹੈ। ਰੂਸੀ, ਜਪਾਨੀ, ਅੰਗਰੇਜ਼ੀ, ਫ਼ਰੈਂਚ, ਸਪੈਨਿਸ਼, ਹਿੰਦੀ, ਉਰਦੂ ਅਤੇ ਜਰਮਨ ਸਮੇਤ ਕਈ ਭਾਸ਼ਾਵਾਂ ਦੇ ਉਹ ਨਾਵਲ, ਜਿਨ੍ਹਾਂ ਦੇ ਨਾਮ ਅਸੀਂ ਅਕਸਰ ਸੁਣਦੇ ਤਾਂ ਹਾਂ ਪਰ ਪੜ੍ਹਨ ਦਾ ਮੌਕਾ ਨਹੀਂ ਬਣਿਆ- ਇਸ ਕਿਤਾਬ ਰਾਹੀਂ ਪਾਠਕ ਦੇ ਨੇੜੇ ਆ ਜਾਂਦੇ ਹਨ! ਕੁਝ ਦਿਨ ਪਹਿਲਾਂ ਇਹ ਸੈੱਟ ਮੈਨੂੰ ਮਿਲਿਆ ਅਤੇ ਮੈਂ ਇਸ ਦੇ ਪਹਿਲੇ ਅਤੇ ਦੂਜੇ ਭਾਗ ਪੜ੍ਹ ਲਏ ਹਨ। ਇਨ੍ਹਾਂ ਵਿੱਚ *The Mother, Pride and Prejudice, The Fountainhead, Godaan, Siddhartha, Kim, The Scarlet Letter, The Pilgirm's Progress, Robinson Crusoe* ਅਤੇ *David Copperfield* ਵਰਗੀਆਂ ਅਤਿ ਮਹੱਤਵਪੂਰਨ ਰਚਨਾਵਾਂ ਨੂੰ ਬੜੇ ਦਿਲਚਸਪ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਪਹਿਲੇ ਭਾਗ ਵਿੱਚ ਪੱਚੀ ਕੁ ਅਤੇ ਦੂਜੇ ਵਿੱਚ ਗਿਆਰਾਂ ਕੁ ਨਾਵਲਾਂ ਦੀ ਚਰਚਾ ਕੀਤੀ ਗਈ ਹੈ।

ਕਿਤਾਬ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਲੇਖਕ ਨੇ ਹਰੇਕ ਨਾਵਲ ਪੰਦਰਾਂ ਤੋਂ ਵੀਹ ਪੰਨਿਆਂ ਵਿੱਚ ਹੀ ਇਸ ਤਰ੍ਹਾਂ ਸਮੇਟਿਆ ਹੈ ਕਿ ਪਾਠਕ ਨਾਵਲਕਾਰ ਦੀ ਜ਼ਿੰਦਗੀ, ਉਸਦੀ ਘਾਲਣਾ, ਨਾਵਲ ਦੀ ਕਹਾਣੀ ਅਤੇ ਉਸਦੀ ਆਤਮਾ ਨਾਲ ਜਾਣੂ ਹੋ ਜਾਂਦਾ ਹੈ! ਕਈ ਥਾਵੀਂ ਨਾਵਲਾਂ ਦੇ ਕੁਝ ਅਹਿਮ ਹਿੱਸੇ ਅਤੇ ਚੋਣਵੇਂ ਵਾਕ ਵੀ ਦਿੱਤੇ ਗਏ ਹਨ, ਜੋ ਪਾਠਕ ਨੂੰ ਮੂਲ ਰਚਨਾ ਪੜ੍ਹਨ ਲਈ ਪ੍ਰੇਰਿਤ ਕਰਦੇ ਹਨ। ਉਦਾਹਰਨ ਵਜੋਂ *The Pilgrim's Progress* ਬਾਰੇ ਲੇਖਕ ਲਿਖਦੇ ਹਨ- ''*ਰਚਨਾ ਧਰਮ ਦਾ ਸਿਖਰ ਇਸੇ ਗੱਲ ਵਿੱਚ ਹੈ ਕਿ ਰਚਨਾ ਜਿਉਂਦੀ ਰਹੇ ਅਤੇ ਲੇਖਕ ਗਾਇਬ ਹੋ ਜਾਵੇ।*'' ਇਹ ਇਕ ਅਜਿਹੀ ਗੱਲ ਹੈ ਜੋ ਹਰ ਰਚਨਾਕਾਰ ਲਈ ਦਿਸ਼ਾ-ਸੂਚਕ ਬਣ ਸਕਦੀ ਹੈ। ਇਸੇ ਤਰ੍ਹਾਂ ਨਾਵਲ Robinson Crusoe ਸਿਰਫ਼ ਇੱਕ ਰੋਮਾਂਚਕ ਕਹਾਣੀ ਨਹੀਂ, ਸਗੋਂ ਮਨੁੱਖੀ ਹੌਂਸਲੇ, ਮਿਹਨਤ ਅਤੇ ਸਿਦਕ ਦਾ ਪ੍ਰਤੀਕ ਬਣ ਕੇ ਸਾਹਮਣੇ ਆਉਂਦਾ ਹੈ। ਕਰੂਸੋ ਦਾ ਇਹ ਵਿਚਾਰ ਬਹੁਤ ਪ੍ਰਭਾਵਿਤ ਕਰਦਾ ਹੈ ਕਿ ਦੁੱਖ ਦੀ ਘੜੀ ਵਿੱਚ ਜੇ ਮਨੁੱਖ ਚੰਗੇ ਅਤੇ ਮਾੜੇ ਦਾ ਲੇਖਾ-ਜੋਖਾ ਕਰੇ ਤਾਂ ਅਖੀਰ ਇਹੀ ਮਹਿਸੂਸ ਹੁੰਦਾ ਹੈ ਕਿ ਰੱਬ ਬਹੁਤ ਮਿਹਰਬਾਨ ਹੈ। ਨਾਵਲ ਦਾ ਪਾਤਰ "Man Friday" ਏਨਾ ਪ੍ਰਸਿੱਧ ਹੋਇਆ ਕਿ ਅੰਗਰੇਜ਼ੀ ਭਾਸ਼ਾ ਦਾ ਹਿੱਸਾ ਹੀ ਬਣ ਗਿਆ। ਅੱਜ ਵੀ ਉਹ ਵਿਅਕਤੀ ਜੋ ਔਖੇ-ਸੌਖੇ ਵੇਲੇ ਕਿਸੇ ਦੀ ਮਦਦ ਲਈ ਤਤਪਰ ਰਹੇ, "Man Friday" ਕਿਹਾ ਜਾਂਦਾ ਹੈ। *Pride and Prejudice* ਬਾਰੇ ਚਰਚਾ ਕਰਦਿਆਂ ਇਹ ਅਹਿਸਾਸ ਹੁੰਦਾ ਹੈ ਕਿ ਇਹ ਸਿਰਫ਼ ਪ੍ਰੇਮ ਕਹਾਣੀ ਨਹੀਂ, ਸਗੋਂ ਬਰਾਬਰੀ, ਸਵੈ-ਸਨਮਾਨ ਅਤੇ ਨਵੀਂ ਉਸਾਰੂ ਸੋਚ ਦਾ ਨਾਵਲ ਹੈ। Siddhartha ਮਨੁੱਖ ਦੀ ਅੰਦਰੂਨੀ ਯਾਤਰਾ ਨੂੰ ਛੋਂਹਦਾ ਹੈ ਅਤੇ ਇਹ ਗੱਲ ਉਜਾਗਰ ਹੁੰਦੀ ਹੈ ਕਿ ਕੁਝ ਸੱਚਾਈਆਂ ਸਿਰਫ਼ ਜਿਉਂ ਕੇ ਹੀ ਸਮਝੀਆਂ ਜਾ ਸਕਦੀਆਂ ਹਨ। The Scarlet Letter ਵਿੱਚ ਲੇਖਕ Hawthorne ਦਾ ਇਹ ਕਥਨ: ''ਪਿਆਰ ਭਾਵੇਂ ਨਵਾਂ ਨਵਾਂ ਹੋਵੇ ਜਾਂ ਦਿਲ ਅੰਦਰ ਛੁਪੀਆਂ ਡੂੰਘੀਆਂ ਭਾਵਨਾਵਾਂ ਤੋਂ ਪ੍ਰੇਰਿਤ ਹੋਵੇ, ਹਮੇਸ਼ਾ ਸੋਨੇ ਰੰਗੀ ਧੁੱਪ ਵਰਗਾ ਹੁੰਦਾ ਹੈ, ਜਿਸ ਦੀ ਰੌਸ਼ਨੀ ਸਿਰਫ਼ ਅੰਦਰ ਨੂੰ ਹੀ ਨਹੀਂ ਸਗੋਂ ਆਲੇ-ਦੁਆਲੇ ਨੂੰ ਵੀ ਰੁਸ਼ਨਾ ਦਿੰਦੀ ਹੈ'', ਦਿਲ 'ਤੇ ਉਕਰਿਆ ਜਾਂਦਾ ਹੈ। ਇਨ੍ਹਾਂ ਕਿਤਾਬਾਂ ਨੂੰ ਪੜ੍ਹਦਿਆਂ ਇੱਕ ਹੋਰ ਡੂੰਘਾ ਅਹਿਸਾਸ ਵੀ ਉਭਰਦਾ ਹੈ ਕਿ ਲਗਭਗ ਹਰ ਮਹਾਨ ਲੇਖਕ ਆਪਣੀ ਜ਼ਿੰਦਗੀ ਦੇ ਕਿਸੇ ਨਾ ਕਿਸੇ ਸੰਘਰਸ਼ਮਈ ਦੌਰ ਵਿਚੋਂ ਗੁਜ਼ਰ ਰਿਹਾ ਸੀ। ਕੋਈ ਹਲਾਤਾਂ ਦਾ ਸ਼ਿਕਾਰ ਸੀ, ਕੋਈ ਆਰਥਿਕ ਤੰਗੀ ਨਾਲ ਜੂਝ ਰਿਹਾ ਸੀ, ਅਤੇ ਕੋਈ ਕਿਸੇ ਗੰਭੀਰ ਬਿਮਾਰੀ ਦੀ ਪੀੜਾ ਝੱਲ ਰਿਹਾ ਸੀ। ਪਰ ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਜਦੋਂ ਉਹਨਾਂ ਆਪਣੀ ਵੇਦਨਾ ਅਤੇ ਅੰਦਰੂਨੀ ਉਥਲ-ਪੁਥਲ ਨੂੰ ਕਾਗਜ਼ 'ਤੇ ਉਤਾਰਿਆ, ਤਾਂ ਦੁਨੀਆ ਨੂੰ ਅਦਬ ਦੇ ਸ਼ਾਹਕਾਰ ਮਿਲੇ। ਇਤਿਹਾਸ ਵਿੱਚ ਕਈ ਨਾਵਲ ਅਜਿਹੇ ਵੀ ਮਿਲਦੇ ਹਨ ਜਿਨ੍ਹਾਂ 'ਤੇ ਆਪਣੇ ਸਮੇਂ ਵਿੱਚ ਪਬੰਦੀਆਂ ਲਾ ਦਿੱਤੀਆਂ ਗਈਆਂ। ਉਹਨਾਂ ਨੂੰ ਖ਼ਤਰਨਾਕ, ਝਗੜਾ ਖੜ੍ਹਾ ਕਰਦੇ ਜਾਂ ਸਮਾਜ ਵਿਰੋਧੀ ਸਮਝਿਆ ਗਿਆ। ਪਰ ਸਮੇਂ ਦਾ ਇਨਸਾਫ਼ ਵੇਖੋ ਕਿ ਅੱਜ ਉਹ ਨਾਵਲ ਵੀ ਦੁਨੀਆ ਭਰ ਦੇ ਹਜ਼ਾਰਾਂ-ਲੱਖਾਂ ਵਿਦਿਆਰਥੀਆਂ ਦੇ ਪਾਠਕ੍ਰਮ ਦਾ ਹਿੱਸਾ ਹਨ; ਉਹਨਾਂ 'ਤੇ ਅਨੇਕਾਂ ਖੋਜ-ਨਿਬੰਧ ਲਿਖੇ ਗਏ ਅਤੇ ਡਾਕਟਰੇਟ ਦੀਆਂ ਡਿਗਰੀਆਂ ਲਈਆਂ ਗਈਆਂ ਹਨ।

ਹਥਲੀ ਕਿਤਾਬ ਦੀ ਸਭ ਤੋਂ ਪ੍ਰਭਾਵਸ਼ਾਲੀ ਗੱਲ ਇਹ ਹੈ ਕਿ




The Tribune

ਇਸ ਦੇ ਲੇਖਕ ਨੇ ਏਨੀ ਵਿਸ਼ਾਲ ਅਤੇ ਗੰਭੀਰ ਸਮੱਗਰੀ ਨੂੰ ਬਹੁਤ ਹੀ ਸਰਲ, ਸਾਦੀ ਅਤੇ ਦਿਲਚਸਪ ਸ਼ੈਲੀ ਵਿੱਚ ਪੇਸ਼ ਕੀਤਾ ਗਿਆ ਹੈ। ਕਿਤੇ ਵੀ ਇਹ ਅਹਿਸਾਸ ਨਹੀਂ ਹੁੰਦਾ ਕਿ ਅਸੀਂ ਕੋਈ ਔਖਾ, ਵਿਦਵਤਾ ਭਰਿਆ ਗ੍ਰੰਥ ਪੜ੍ਹ ਰਹੇ ਹਾਂ, ਸਗੋਂ ਮਹਿਸੂਸ ਇਹ ਹੁੰਦਾ ਹੈ ਕੋਈ ਅਦਬ-ਪ੍ਰੇਮੀ ਵਿਅਕਤੀ ਸਾਡੇ ਕੋਲ ਬੈਠ ਕੇ ਸਾਨੂੰ ਦੁਨੀਆ ਦੇ ਮਹਾਨ ਨਾਵਲਾਂ ਦੀਆਂ ਕਹਾਣੀਆਂ ਅਤੇ ਉਹਨਾਂ ਦੇ ਅੰਦਰ ਲੁਕੇ ਜੀਵਨ-ਸੱਚ ਸੁਣਾਅ ਰਿਹਾ ਹੈ। ਕਈ ਥਾਵਾਂ 'ਤੇ ਤਾਂ, ਇਹ ਅਨੁਭਵ, ਫ਼ਿਲਮ ਵੇਖਣ ਵਰਗਾ ਹੋ ਜਾਂਦਾ ਹੈ। ਦੁਨੀਆ ਦੇ ਅਦਬੀ ਸ਼ਾਹਕਾਰ ਇਸ ਲਈ ਵੀ ਪੜ੍ਹਨੇ ਜ਼ਰੂਰੀ ਹਨ ਕਿ ਇਹ ਸਾਨੂੰ ਮਨੁੱਖਤਾ ਦੀ ਸਾਂਝੀ ਰੂਹ ਨਾਲ ਮਿਲਾਉਂਦੇ ਹਨ। ਸਮਾਂ, ਭਾਸ਼ਾ, ਦੇਸ਼ ਅਤੇ ਸਭਿਆਚਾਰ ਭਾਵੇਂ ਵੱਖਰੇ ਹੋਣ, ਪਰ ਮਨੁੱਖ ਦੇ ਸੰਘਰਸ਼, ਉਸਦੀਆਂ ਭਾਵਨਾਵਾਂ, ਡਰ, ਉਮੀਦਾਂ ਅਤੇ ਅੰਦਰੂਨੀ ਤਲਾਸ਼ ਹਰ ਥਾਂ ਇੱਕੋ ਜਿਹੀ ਹੀ ਰਹੀ ਹੈ। ਪੜ੍ਹਦਿਆਂ ਇਹ ਅਹਿਸਾਸ ਤੀਬਰ ਹੁੰਦਾ ਹੈ ਕਿ ਮਨੁੱਖ ਅਸਲ ਵਿੱਚ ਇੱਕ ਦੂਜੇ ਤੋਂ ਏਨੇ ਵੱਖਰੇ ਨਹੀਂ ਜਿੰਨੇ ਅਸੀਂ ਸਮਝ ਬੈਠਦੇ ਹਾਂ; ਬਹੁਤੇ ਵਖਰੇਵੇਂ ਅਕਸਰ ਜਹਾਲਤ ਵਿਚੋਂ ਪੈਦਾ ਹੁੰਦੇ ਹਨ-ਇਲਮ ਔਰ ਅਦਬ ਮਨੁੱਖੀ ਏਕਤਾ ਵੱਲ ਲੈ ਜਾਣ ਦੀ ਅਹਿਮ ਕੁੰਜੀ ਹਨ।

ਅਦਬ ਸਮਾਜ ਦਾ ਦਰਪਣ ਹੁੰਦਾ ਹੈ। ਹਰ ਇਮਾਨਦਾਰ ਕਹਾਣੀ ਮਨੁੱਖੀ ਵੇਦਨਾ, ਸੰਘਰਸ਼, ਅੰਦਰੂਨੀ ਟਕਰਾਅ ਅਤੇ ਅਖ਼ੀਰ ਉਸਦੀ ਸੰਭਾਵਨਾ ਅਤੇ ਸਫ਼ਲਤਾ ਦੀ ਕਹਾਣੀ ਬਣ ਜਾਂਦੀ ਹੈ। ਇਸੇ ਲਈ ਏਨਾ ਸਮਾਂ ਬੀਤਣ ਦੇ ਬਾਵਜੂਦ ਇਹ ਰਚਨਾਵਾਂ ਜੀਵੰਤ ਹਨ, ਹਰ ਪੀੜ੍ਹੀ ਨੂੰ ਲਗਾਤਾਰ ਪ੍ਰਭਾਵਿਤ ਕਰਦੀਆਂ।

ਸ੍ਰੀ ਗੋਇਲ ਨੂੰ ਵਧਾਈ ਜਿਨ੍ਹਾਂ ਕਈ ਸ਼ਾਹਕਾਰ ਨਾਵਲਾਂ ਨੂੰ ਪਾਠਕਾਂ ਤੱਕ ਸਰਲ ਢੰਗ ਨਾਲ ਪਹੁੰਚਾਉਣ ਦਾ ਇਹ ਲਾਸਾਨੀ ਕੰਮ ਕਰ ਕੇ ਅਪਣਾ ਸਾਹਿਤ-ਪ੍ਰੇਮ ਨਿਭਾਇਆ ਹੈ। ਉਨ੍ਹਾਂ ਦੀ ਇਹ ਕੋਸ਼ਿਸ਼ ਸਿਰਫ਼ ਅਦਬ ਨਾਲ ਜਾਣ-ਪਛਾਣ ਨਹੀਂ ਕਰਵਾਉਂਦੀ, ਸਗੋਂ ਸਾਨੂੰ ਮਨੁੱਖੀ ਅਨੁਭਵਾਂ ਦੀ ਵਿਸ਼ਾਲ ਦੁਨੀਆ ਨਾਲ ਵੀ ਜੋੜਦੀ ਹੈ।

ਫਿਰ ਮਿਲਾਂਗੇ… ਕਿਸੇ ਹੋਰ ਰੌਸ਼ਨ ਕਰਦੇ ਅੱਖਰਾਂ ਦੀ ਕਿਤਾਬ ਨਾਲ। ਸ਼ੁਕਰੀਆ। ਰੱਬ ਰਾਖਾ।

# ਉਹ ਬਰਕਤ ਜਿਹੜੀ ਆਈ ਆਫ਼ਤ ਦੇ ਰੂਪ ਵਿਚ

1934-35

## ਗੁਰਬਖ਼ਸ਼ ਸਿੰਘ

**ਜਿਸ** ਘਟਨਾ ਨੇ ਮੇਰੀ ਸ਼ਖ਼ਸੀਅਤ ਦਾ ਇੱਕ ਥੰਮ੍ਹ ਬਣਨਾ ਸੀ, ਉਹ ਵਾਪਰੀ ਇੱਕ ਆਫ਼ਤ ਦੇ ਰੂਪ ਵਿੱਚ; ਤੇ ਜਦੋਂ ਵਾਪਰੀ ਉਸ ਨੇ ਇੱਕ ਰੂਹ-ਝੰਜੋੜਵੇਂ ਪਛਤਾਵੇ ਦਾ ਦੁੱਖ ਮੈਨੂੰ ਦਿੱਤਾ, ਤੇ ਜਿਸ ਮੇਰੀ ਕਿਰਤ ਨੇ ਬੋਹੜ ਬਣ ਕੇ ਮੇਰੀ ਹੋਂਦ ਉਤੇ ਛਾ ਜਾਣਾ ਸੀ, ਉਹਨੇ ਬਾਰ ਬਾਰ ਇਹ ਹਉਕਾ ਮੇਰੇ ਅੰਦਰੋਂ ਕਢਵਾ ਦਿੱਤਾ , "ਕਾਸ਼! ਇਹਦਾ ਬੀਜ ਮੈਂ ਆਪਣੀ ਜੀਵਨ-ਧਰਤੀ ਵਿੱਚ ਨਾ ਹੀ ਗੱਡਿਆ ਹੁੰਦਾ!"

ਬੀਜ, "ਪ੍ਰੀਤ ਲੜੀ" ਦਾ ਜਿਸ ਨੇ ਮੇਰੇ ਨਾਂ ਦਾ ਭਾਗ ਬਣ ਜਾਣਾ ਸੀ ! ਆਹ! ਕਿਹੜੀ ਘੜੀ ਮੈਥੋਂ ਧਰਿਆ ਗਿਆ, ਕਿ ਉਹਦੇ ਪੁੰਗਰਦਿਆਂ ਹੀ ਉਹ ਕੌੜਾ ਤਜਰਬਾ ਮੇਰੇ ਹਿੱਸੇ ਆਇਆ, ਜਿਦ੍ਹੇ ਲਈ ਮੇਰਾ ਚਰਿੱਤਰ ਅਜੇ ਅਣਬਣਿਆ ਹੀ ਸੀ। ਲੋਹੇ ਦੀਆਂ ਸੂਲਾਂ ਦੀ ਸੇਜ ਉਤੇ ਮੈਂ ਸਾਧੂ ਫ਼ਕੀਰਾਂ ਨੂੰ ਸੁੱਤਿਆਂ ਵੀ ਵੇਖਿਆ ਸੀ, ਪਰ ਚਿੰਤਾਵਾਂ ਦੀਆਂ ਸੂਲਾਂ ਦੇ ਮੂੰਹ ਫ਼ੌਲਾਦੀ ਨੋਕਾਂ ਨਾਲੋਂ ਕਿਤੇ ਤਿੱਖੇ ਹੁੰਦੇ ਹੋਣਗੇ- ਕਿ ਮੈਂ ਕਈ ਰਾਤਾਂ ਸੌਂ ਨਹੀਂ ਸਾਂ ਸਕਿਆ।

ਆਰਥਕ ਤੇ ਕਈ ਹੋਰ ਤਰ੍ਹਾਂ ਦੀਆਂ ਮੁਸ਼ਕਲਾਂ ਦੇ ਖਿਲਾਫ਼ ਮੈਂ ਚੋਖੀ ਸ਼ਕਤੀ ਆਪਣੇ ਅੰਦਰ ਪੈਦਾ ਕਰ ਲਈ ਹੋਈ ਸੀ। ਜਦੋਂ ਕਦੇ ਮੈਨੂੰ ਦੋ ਮਾਰਗਾਂ 'ਚੋਂ ਚੋਣ ਕਰਨੀ ਪਈ ਮੈਂ ਹਮੇਸ਼ਾ ਮੁਸ਼ਕਲ ਮਾਰਗ ਹੀ ਚੁਣਿਆ। ਪਰ ਬੇ-ਲਿਹਾਜ਼ ਨੁਕਤਾਚੀਨੀ ਸਹਾਰਨ ਦੀ ਸ਼ਕਤੀ ਮੇਰੇ ਵਿਚ ਹੈ ਨਹੀਂ ਸੀ। ਹਰ ਕਿਸੇ ਨੂੰ ਚੰਗਾ ਆਖਣ ਦੀ ਆਦਤ ਹੀ ਮੈਂ ਪਕਾਈ ਹੋਈ ਸੀ: ਏਸ ਕਰਕੇ ਨਹੀਂ ਕਿ ਮੈਂ ਸਾਰਿਆਂ ਨੂੰ ਦਿਲੋਂ ਚੰਗਾ ਸਮਝਣ ਦੀ ਸਖ਼ਾਵਤ ਰੱਖਦਾ ਸਾਂ, ਸਿਰਫ਼ ਏਸ ਲਈ ਕਿ ਮੈਂ ਹਰ ਕਿਸੇ ਨੂੰ ਹਾਂਜੀ ਆਖ ਛੱਡਦਾ ਸਾਂ ਕਿ ਮਤੇ ਮੇਰਾ ਕੋਈ ਕੁਫ਼ਰ ਉਹ ਪੜਚੋਲ ਕੱਢੇ।

"ਪ੍ਰੀਤ ਲੜੀ" ਦੇ ਪਹਿਲੇ ਇੱਕ ਸਾਲ ਵਿਚ ਕਈ ਪਾਸਿਆਂ ਤੋਂ ਨਿਰੀ ਪ੍ਰਸ਼ੰਸਾ ਹੀ ਨਹੀਂ, ਡੂੰਘਾ ਪਿਆਰ ਵੀ ਆਇਆ। ਕਈਆਂ ਜਵਾਨ ਦਿਲਾਂ ਨੇ ਆਪਣੇ ਭੇਤਾਂ ਦਾ ਭਿਆਲ ਮੈਨੂੰ ਬਣਾਇਆ; ਤੇ ਕਈ ਉਚੀ ਉਡਾਰੀ ਵਾਲੇ ਵਿਚਾਰਵਾਨਾਂ ਨੇ ਮੇਰੇ ਹੱਡੀਂ ਰਚੇ ਇਸ਼ਕ ਨੂੰ ਸੂਫ਼ੀਆਨਾ ਰਮਜ਼ਾਂ ਦਾ ਦਰਜਾ ਵੀ ਦਿੱਤਾ।

ਪਰ ਪ੍ਰਸ਼ੰਸਾ ਦੀ ਬਾਦਿ-ਨਸੀਮ (ਸਾਝਰੇ ਦੀ ਹਵਾ- ਸੰ.) ਵਿਚ ਅਜੇ ਚਾਰ ਖੁੱਲ੍ਹੇ ਸਾਹ ਮੈਂ ਨਹੀਂ ਸਨ ਲਏ ਕਿ ਭੰਡੀ ਦੇ ਝੱਖੜ ਨੇ ਮੇਰੇ ਪੈਰ ਧਰਤੀ ਨਾਲੋਂ ਉਖੇੜ ਦਿੱਤੇ। ਮੇਰੇ ਕੁਫ਼ਰ ਤੇ ਮੇਰੀ ਨਾਸਤਕਤਾ ਦੀ ਕਹਾਣੀ ਜੰਗਲ ਦੀ ਅੱਗ ਵਾਂਗ ਚੁਤਰਫ਼ੀਂ ਖਿਲਰ ਗਈ। ਇੱਕ ਪਿੰਡ ਨੇ ਸੁਣਿਆ ਕਿ ਓਥੇ ਆਪਣੀ ਭਣੇਵੀਂ ਦੇ ਵਿਆਹ ਉਤੇ ਮੈਂ ਆਉਣਾ ਹੈ। ਕਿਸੇ ਦੱਸਿਆ ਹੈ ਕਿ ਜੰਞ ਨਾਲੋਂ ਬਹੁਤਾ ਕਈ ਲੋਕ ਮੈਨੂੰ ਵੇਖਣ ਆਏ ਹੋਏ ਸਨ।

"ਉਹ ਕਿਉਂ?" ਮੈਂ ਹੈਰਾਨ ਹੋ ਕੇ ਪੁੱਛਿਆ ਸੀ।

"ਵੇਖਣਾ ਚਾਹੁੰਦੇ ਨੇ, ਭਲਾ ਨਾਸਤਕ ਕਿਹੋ ਜਿਹਾ ਹੁੰਦੈ," ਉਤਰ ਮਿਲਿਆ ਸੀ।

ਤੇ ਇੱਕ ਪੱਕੀ ਉਮਰ ਦੀ ਇਸਤਰੀ ਨੂੰ ਮੈਂ ਇਹ ਕਹਿੰਦਿਆਂ ਸੁਣਿਆ, "ਨੀ ਗੁਰਬਖਸ਼ ਸਿੰਘ ਹੈ ਤਾਂ ਆਦਮੀਆਂ ਵਰਗਾ ਹੀ!"

"ਪ੍ਰੀਤ ਲੜੀ" ਦੇ ਨਕਸ਼ ਜਦੋਂ ਮੈਂ ਚਿੱਤਰੇ ਸਨ, ਉਹਨਾਂ ਵਿਚ ਧਾਰਮਕ ਲਕੀਰ ਮੈਂ ਨਹੀਂ ਸੀ ਵਾਹੀ; ਰੂਹਾਨੀ ਗੱਲਾਂ ਗਿਆਨਵਾਨਾਂ ਦਾ ਖੇਤਰ ਹੈ। ਮੈਂ ਸੋਚਿਆ ਸੀ ਗੱਲਾਂ ਦਿਲ ਦੀਆਂ ਹੀ ਲਿਖਾਂਗਾ; ਪਰ ਧਾਰਮਕ ਨਾਮਣਾ ਰਖਣ ਵਾਲੇ ਇੱਕ ਗਿਆਨੀ ਜੀ ਨੇ ਮੇਰਾ ਪੈਰ ਓਸ ਵਡਨਾਮੀ ਧਰਤੀ ਉਤੇ ਧਰਾ ਲਿਆ ਜਿਦ੍ਹੇ ਉਤੇ ਤੁਰਨ ਦੀ ਦਲੇਰੀ ਅਜੇ ਮੇਰੇ ਵਿਚ ਹੈ ਨਹੀਂ ਸੀ।

ਗਿਆਨੀ ਜੀ ਇੱਕ ਸਤਿਕਾਰਿਆ ਹੋਇਆ ਮਾਸਕ-ਪੱਤਰ ਗੁਰਦੁਆਰਾ ਨਨਕਾਣਾ ਸਾਹਿਬ ਤੋਂ ਕੱਢਦੇ ਹੁੰਦੇ ਸਨ। ਸ੍ਰੀ ਹਰਮੰਦਰ ਸਾਹਿਬ, ਅੰਮ੍ਰਿਤਸਰ ਦੇ ਬਾਅਦ ਏਸ ਗੁਰਦੁਆਰੇ ਦੀ ਕਲਾ ਸਭ ਤੋਂ ਚੜ੍ਹਦੀ ਸੀ। ਗਿਆਨੀ ਜੀ ਮੇਰੀ ਲੇਖਣੀ ਦੇ ਏਡੇ ਪ੍ਰੇਮੀ ਹੋ ਗਏ, ਤੇ ਉਨ੍ਹਾਂ ਨੇ ਇਹੋ ਜਿਹੇ ਮਾਣ ਤੇ ਜ਼ੋਰ ਨਾਲ ਮੇਰੇ ਕੋਲੋਂ ਗੁਰੂ ਨਾਨਕ ਸਾਹਿਬ ਦੇ ਜਨਮ-ਉਤਸਵ ਉਤੇ ਮੇਰਾ ਲੇਖ ਮੰਗਿਆ ਕਿ ਇਨਕਾਰ ਕਰ ਸਕਣ ਦਾ ਹੀਆ ਮੇਰੇ ਵਿਚ ਰਿਹਾ ਨਾ। ਗਿਆਨੀ ਜੀ ਨੇ ਲਿਖਿਆ ਕਿ ਏਨੇ ਦਿਨਾਂ ਵਿੱਚ ਮੇਰਾ ਲੇਖ ਨਾ ਪਹੁੰਚਾ ਤਾਂ ਆਪ ਚਲ ਕੇ ਮੇਰੇ ਕੋਲ ਆਉਣਗੇ। ਨਿਗੂਣੇ ਜਿਹੇ ਲੇਖਕ ਕੋਲ ਐਡੇ ਗਿਆਨੀ ਜੀ ਦਾ ਨਨਕਾਣੇ

ਸਾਹਿਬੋਂ ਤੁਰ ਕੇ ਤੋੜ ਪਿਸ਼ਾਵਰ ਤੱਕ ਆਉਣਾ ਮੈਥੋਂ ਕਿਵੇਂ ਸਹਾਰਿਆ ਜਾਂਦਾ। ਤੁਰਤ ਲੇਖ ਲਿਖ ਕੇ ਘੱਲ ਦਿੱਤਾ।

ਗਿਆਨੀ ਜੀ ਨੇ ਏਸ ਲੇਖ ਦੀ ਬੜੀ ਪ੍ਰਸ਼ੰਸਾ ਕੀਤੀ। ਪੰਜੇ ਸਾਹਿਬ ਗੁਰਦੁਆਰੇ ਨੇ ਕਈ ਹਜ਼ਾਰਾਂ ਦੀ ਗਿਣਤੀ ਵਿਚ ਇਹ ਵੰਡਿਆ, ਤੇ ਕਈ ਹੋਰ ਅਖ਼ਬਾਰਾਂ ਰਿਸਾਲਿਆਂ ਨੇ ਗਿਆਨੀ ਜੀ ਦੇ ਰਿਸਾਲੇ ਵਿਚੋਂ ਲੈ ਕੇ ਛਾਪਿਆ। ਮੇਰਾ ਨਿੱਕਾ ਜਿਹਾ ਦਿਲ ਨੱਕੋ-ਨੱਕ ਭਰ ਗਿਆ। ਪਰ ਇਹਦੇ ਨਾਲ ਕਈ ਪਾਸਿਆਂ ਤੋਂ ਧਾਰਮਕ ਲੇਖਾਂ ਦੀ ਮੰਗ ਮੈਨੂੰ ਆਉਣ ਲੱਗ ਪਈ, ਜਿਹੜੀ ਪੂਰੀ ਨਾ ਕਰ ਸਕਣ ਕਰਕੇ ਸ਼ਿਕਾਇਤਾਂ ਦਾ ਮੁੱਢ ਬੱਝ ਗਿਆ।


ਉਹਦੇ ਬਾਅਦ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ-ਦਿਨ ਆਇਆ। ਮੇਰੇ ਕਿਰਪਾਲੂ ਗਿਆਨੀ ਜੀ ਨੇ ਅੱਗੇ ਨਾਲੋਂ ਵੀ ਬਹੁਤੇ ਮਾਣ ਨਾਲ ਮੇਰਾ ਲੇਖ ਮੰਗਿਆ। ਮੈਂ ਉਨ੍ਹਾਂ ਨੂੰ ਲਿਖਿਆ ਕਿ ਧਰਮ ਮੇਰਾ ਖੇਤਰ ਨਾ ਹੋਣ ਕਰਕੇ ਇਹਦੇ ਸੰਬੰਧ ਵਿੱਚ ਮੇਰਾ ਸੰਕੋਚ ਸੁਭਾਵਕ ਹੈ! ਜੇ ਉਹ ਮੈਨੂੰ ਖਿਮਾਂ ਕਰ ਦੇਣ। ਪਰ ਉਨ੍ਹਾਂ ਦੀ ਪ੍ਰਸ਼ੰਸਾ ਨੇ ਹੁਣ ਮੇਰੇ ਉਤੇ ਇੱਕ ਹੱਕ ਵੀ ਪੈਦਾ ਕਰ ਲਿਆ ਹੋਇਆ ਸੀ। ਉਨ੍ਹਾਂ ਦਾ ਉਤਰ ਮੁੜਵੀਂ ਡਾਕੇ ਆ ਗਿਆ ਕਿ ਜੇ ਮੈਂ ਲੇਖ ਨਾ ਭੇਜਿਆ ਤਾਂ ਏਨੇ ਸਫ਼ੇ ਉਹ ਆਪਣੇ ਮਾਸਕ ਪੱਤਰ ਵਿਚ ਅਣਛਪੇ ਛੱਡ ਦੇਣਗੇ, ਜਿਨ੍ਹਾਂ ਉਤੇ ਇਹ ਲਿਖਿਆ ਹੋਵੇਗਾ: ਏਥੇ ਗੁਰਬਖ਼ਸ਼ ਸਿੰਘ ਦਾ ਲੇਖ ਛਪਣਾ ਸੀ ਜਿਹੜਾ ਉਸ ਨੇ ਘੱਲਿਆ ਨਹੀਂ।

ਏਨਾ ਕੁਝ ਸਹਾਰਨ ਦੀ ਤਾਬ ਮੈਂ ਕਿੱਥੋਂ ਲਿਆਉਂਦਾ! ਉਸੇ ਰਾਤ ਲੇਖ ਲਿਖ ਕੇ ਦੂਜੇ ਦਿਨ ਡਾਕ ਵਿੱਚ ਪਾ ਦਿੱਤਾ। ਪਰ ਐਤਕੀਂ ਹੋਰਨਾਂ ਅਖ਼ਬਾਰਾਂ ਦੀ ਮੰਗ ਪੂਰਨ ਲਈ ਨਕਲਾਂ ਮੈਂ ਉਨ੍ਹਾਂ ਨੂੰ ਵੀ ਘੱਲ ਦਿੱਤੀਆ। ਮੈਂ ਪੱਕ ਨਹੀਂ ਕਰ ਸਕਿਆ ਕਿ ਗਿਆਨੀ ਜੀ ਨੇ ਮੇਰੇ ਏਸ ਅਮਲ ਨੂੰ ਗੁਸਤਾਖ਼ੀ ਸਮਝਿਆ, ਜਾਂ ਸਚਮੁੱਚ ਹੀ ਮੇਰਾ ਲੇਖ ਉਨ੍ਹਾਂ ਦੀਆਂ ਧਾਰਮਕ ਕਦਰਾਂ ਦਾ ਉਲੰਘਣ ਕਰਦਾ ਸੀ। ਉਨ੍ਹਾਂ ਮੈਨੂੰ ਕੁੱਝ ਨਾ ਲਿਖਿਆ ਤੇ ਇਕਦਮ ਜਹਾਦ ਵਰਗੀ ਟੀਕਾ-ਟਿਪਣੀ ਮੇਰੇ ਲੇਖ ਉਤੇ ਸ਼ੁਰੂ ਕਰ ਦਿੱਤੀ। ਨਿਰਾ ਮੇਰੇ ਹਰ ਭਾਵ ਦਾ ਹੀ ਖੰਡਣ ਨਾ ਕੀਤਾ, ਮੇਰੀ ਨੀਅਤ ਤੇ ਮੇਰੀ ਸ਼ਰਧਾ ਦੋਵੇਂ ਸ਼ੰਕੇ ਵਿਚ ਪਾ ਦਿੱਤੀਆਂ, ਤੇ "ਪ੍ਰੀਤ ਲੜੀ" ਦੇ ਗੁਰਸਿੱਖ ਲਈ ਖ਼ਤਰਨਾਕ ਹੋਣ ਦੀ ਚਿਤਾਵਨੀ ਪੰਥਕ ਪੱਧਰ ਉਤੇ ਕਰ ਦਿੱਤੀ। ਫੇਰ ਕੀ ਸੀ, ਬਿਨਾ ਮੇਰਾ ਲੇਖ ਪੜ੍ਹੇ ਗੁਰਦੁਆਰਿਆਂ ਵਿੱਚ ਮੇਰੇ ਖਿਲਾਫ਼ ਗੁਰਮਤੇ ਪਾਸ ਹੋਣੇ ਸ਼ੁਰੂ ਹੋ ਗਏ, ਮਨਮਤੀਏ ਨਾਸਤਕ ਦੇ ਬਾਈਕਾਟ ਦਾ ਜੈਕਾਰਾ ਉਠ ਖਲੋਤਾ।

ਪਰ ਪ੍ਰੋਫ਼ੈਸਰ ਜੋਧ ਸਿੰਘ ਜੀ, ਪ੍ਰੋਫ਼ੈਸਰ ਤੇਜਾ ਸਿੰਘ ਜੀ, ਪ੍ਰੋਫ਼ੈਸਰ ਬਾਵਾ ਹਰਕਿਸ਼ਨ ਸਿੰਘ ਜੀ, ਤੇ ਪ੍ਰੋਫ਼ੈਸਰ ਨਰਿੰਜਨ ਸਿੰਘ ਜੀ ਦੀ ਇਨਸਾਫ਼-ਪਸੰਦੀ ਦੀ ਦਾਦ ਮੈਂ ਹਮੇਸ਼ਾ ਦੇਂਦਾ ਰਹਾਂਗਾ। ਇਹਨਾਂ ਸਤਿਕਾਰੇ ਵਿਦਵਾਨਾਂ ਨੇ ਇੱਕ ਸਾਂਝਾ ਐਲਾਨ ਮੇਰੇ ਲੇਖ ਦੀ ਪ੍ਰਸ਼ੰਸਾ ਵਿਚ ਕਰ ਦਿੱਤਾ। ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨੇ ਵੀ ਆਪਣੀ ਵਡਮੁੱਲੀ ਪ੍ਰੋੜ੍ਹਤਾ ਦਿੱਤੀ। ਮਾਸਟਰ ਤਾਰਾ ਸਿੰਘ ਜੀ ਦੇ ਅਖ਼ਬਾਰ ਨੇ ਵੀ ਮੇਰਾ ਪੱਖ ਲਿਆ। ਬਾਬਾ ਖੜਕ ਸਿੰਘ ਜੀ ਨੂੰ ਮੈਂ ਆਪਣਾ ਲੇਖ ਪੜ੍ਹ ਕੇ ਸੁਣਾਇਆ ਤੇ ਉਨ੍ਹਾਂ ਨੇ ਸਰਦਾਰ ਬਹਾਦਰ ਮਹਿਤਾਬ ਸਿੰਘ ਜੀ ਨੂੰ ਜਿਹੜੇ ਓਸ ਵੇਲੇ ਨਨਕਾਣਾ ਸਾਹਿਬ ਗੁਰਦੁਆਰੇ ਦੇ ਪ੍ਰਬੰਧਕ ਸਨ, ਚਿੱਠੀ ਲਿਖੀ। ਸਰਦਾਰ ਬਹਾਦਰ ਨੇ ਮੈਨੂੰ ਲਿਖਿਆ ਕਿ ਉਨ੍ਹਾਂ ਨੇ ਗਿਆਨੀ ਜੀ ਨੂੰ ਏਸ ਵਿਸ਼ੇ ਉਤੇ ਹੋਰ ਕੁੱਝ ਲਿਖਣੋਂ ਬੰਦ ਕਰ ਦਿੱਤਾ ਹੈ।

ਪਰ ਉਸ ਸਮੇਂ ਚੋਟੀ ਦੇ ਪੂਜ ਵਿਦਵਾਨਾਂ ਦੇ ਐਲਾਨ ਦਾ ਤੋਲ ਇੱਕ ਗਿਆਨੀ ਜੀ ਦੇ ਭੰਡੀ-ਪਰਚਾਰ ਸਾਹਮਣੇ ਬੜਾ ਹੌਲਾ ਸੀ। ਪਤਾ ਨਹੀਂ ਇਹ ਗਿਆਨੀ ਕਿਉਂ ਮੇਰੇ ਨਾਲ ਏਨੇ ਨਰਾਜ਼ ਹੋ ਗਏ! ਕਈਆਂ ਦਾ ਖ਼ਿਆਲ ਹੈ ਕਿ ਸਿਰਫ਼ ਨਾਰਾਜ਼ਗੀ ਉਨ੍ਹਾਂ ਦੀ ਏਡੀ ਸਰਗਰਮੀ ਦਾ ਕਾਰਨ ਨਹੀਂ ਸੀ ਹੋ ਸਕਦਾ, ਚੋਖੇ ਹਲਕਿਆਂ ਵਿੱਚ ਕਥਨ ਕੀਤੇ ਜਾ ਰਹੇ ਇੱਕ ਨਵੇਂ ਲੇਖਕ ਦੀ ਧਾਰਮਕ ਭੰਡੀ ਕਿਸੇ ਨੂੰ ਪ੍ਰਸਿੱਧੀ ਵੀ ਦੁਆ ਸਕਦੀ ਸੀ। ਗਿਆਨੀ ਜੀ ਪ੍ਰਸਿੱਧ ਹੋ ਵੀ ਬਹੁਤ ਗਏ। ਗੁਰਦਵਾਰਾ ਕਮੇਟੀ ਨੇ ਉਹ ਮਾਸਕ-ਪੱਤਰ ਬੰਦ ਕਰ ਦਿੱਤਾ , ਤੇ ਗਿਆਨੀ ਜੀ ਨੇ ਸੁਤੰਤਰ ਹੋ ਕੇ ਮੇਰੇ ਖ਼ਿਲਾਫ਼ ਆਪਣਾ ਜਹਾਦ ਹੋਰ ਵੀ ਤੇਜ਼ ਕਰ ਦਿੱਤਾ।

ਮੇਰੇ ਮਨ ਦੀ ਅਵਸਥਾ ਬੜੀ ਨਿਢਾਲ ਹੁੰਦੀ ਜਾ ਰਹੀ ਸੀ। ਸਰਦਾਰ ਬਲਵੰਤ ਸਿੰਘ ਜੀ ਗੁਜਰਖਾਨੀ ਬੜੀ ਕੁਰਬਾਨੀ ਵਾਲੇ ਅਕਾਲੀ ਨੇਤਾ ਸਨ, ਸਾਹਿੱਤ ਦੇ ਪ੍ਰਸ਼ੰਸਕ ਤੇ ਬੜੇ ਰਸੂਖ ਵਾਲੇ ਸੱਜਣ ਸਨ। ਉਨ੍ਹਾਂ ਮੈਨੂੰ ਕਈ ਪ੍ਰਸ਼ੰਸਾ ਪੱਤਰ ਲਿਖੇ ਸਨ। ਉਹ ਆਪ ਮੇਰੇ ਕੋਲ ਆਏ ਤੇ ਉਨ੍ਹਾਂ ਮੈਨੂੰ ਮਜ਼ਬੂਤ ਕਰਨਾ



ਚਾਹਿਆ।

"ਤੁਸੀਂ ਕਿਉਂ ਏਨੀ ਚਿੰਤਾ ਕਰਦੇ ਹੋ! ਤੁਹਾਡਾ ਲੇਖ ਸੋਲਾਂ ਆਨੇ ਠੀਕ ਸੀ, ਮੈਂ ਸੁਤੰਤਰ ਵਿਦਵਾਨਾਂ ਦਾ ਫ਼ੈਸਲਾ ਲੈ ਲਿਆ ਹੈ-ਇਹ ਬੇ-ਨੇਮੀ ਭੜਕਾਹਟ ਆਪੇ ਖ਼ਤਮ ਹੋ ਜਾਏਗੀ।

ਪਰ ਨੁਕਤਾਚੀਨੀ ਸਹਾਰ ਸਕਣ ਦੀ ਸ਼ਕਤੀ ਕਿਸੇ ਦੇ ਹੌਸਲਾ ਦਿੱਤਿਆਂ ਉਏਂ ਪੈਦਾ ਨਹੀਂ ਹੋ ਜਾਂਦੀ। ਇਹਦੇ ਲਈ ਨਿੰਦਿਆ ਦੀ ਨਦੀ ਵਿਚ ਕਈ ਗੋਤਿਆਂ ਦਾ ਤਜਰਬਾ ਲੋੜੀਂਦਾ ਹੈ। ਮੈਂ ਕਦੇ ਕਿਸੇ ਨਾਲ ਉੱਚਾ ਨਹੀਂ ਸਾਂ ਬੋਲਦਾ, ਮਤੇ ਕੋਈ ਉਚਾ ਜਵਾਬ ਮੈਨੂੰ ਦੇ ਦੇਵੇ! ਹੁਣ ਮੇਰੀ ਨਿੰਦਿਆ ਹਰ ਗੁਰਦੁਆਰੇ ਵਿਚ ਹੋ ਰਹੀ ਸੀ। ਚੀਫ਼ ਖ਼ਾਲਸਾ ਦੀਵਾਨ ਦੇ ਸਪਤਾਹਿਕ ਪਰਚੇ "ਖਾਲਸਾ ਸਮਾਚਾਰ" ਨੇ ਵੀ ਮੇਰੇ ਖ਼ਿਲਾਫ਼ ਫ਼ੈਸਲਾ ਦੇ ਦਿੱਤਾ। ਚੀਫ਼ ਖ਼ਾਲਸਾ ਦੀਵਾਨ ਨੇ ਸੰਸਥਾਇਕ ਤੌਰ ਉਤੇ ਮੇਰਾ ਸਾਹਿਤ ਸਿਖਾਂ ਲਈ ਵਰਜਿਤ ਕਰ ਦਿੱਤਾ।

ਮੇਰੇ ਮਾਤਾ ਜੀ ਨੂੰ ਮੇਰੀ ਹੁੰਦੀ ਨਿੰਦਿਆ ਬੜਾ ਦੁਖੀ ਕਰ ਰਹੀ ਸੀ। ਭਾਵੇਂ ਪੰਥ ਵਿਚ ਚੋਖੀ ਥਾਂ ਰਖਣ ਵਾਲੇ ਦਲੇਰ ਨੇਤਾ ਗੁਜਰਖਾਨੀ ਜੀ ਨੇ ਮੈਨੂੰ ਹੌਸਲਾ ਦਿੱਤਾ ਸੀ, ਕਿ ਮੇਰਾ ਲੇਖ ਸੋਲਾਂ ਆਨੇ ਸਹੀ ਹੈ ਤੇ ਮੈਨੂੰ ਨਿਸ਼ਚਿੰਤ ਰਹਿਣਾ ਚਾਹੀਦਾ ਹੈ, ਪਰ ਮੈਂ ਆਪਣੇ ਦਿਲ ਦੀ ਬੇਚੈਨੀ ਤੋਂ ਮਜਬੂਰ ਹੋ ਕੇ "ਖਿਮਾ ਦੀ ਯਾਚਨਾ" ਨਾਮੀ ਲੇਖ "ਪ੍ਰੀਤ ਲੜੀ" ਵਿਚ ਛਾਪ ਦਿੱਤਾ। ਖਿਮਾਂ ਵੀ ਮੈਂ ਓਡੇ ਪੂਰੇ ਦਿਲ ਨਾਲ ਮੰਗੀ ਜੇਡੇ ਪੂਰੇ ਦਿਲ ਨਾਲ ਮੈਂ ਉਹ ਲੇਖ ਲਿਖਿਆ ਸੀ।

ਪਰ ਮੇਰੀ "ਖਿਮਾ ਦੀ ਯਾਚਨਾ" ਪਰਵਾਨ ਨਾ ਹੋਈ। ਗੁਰਦੁਆਰੀ ਪੰਥ ਨੇ ਮੈਨੂੰ ਖਿਮਾ ਨਾ ਕੀਤਾ। ਵਿਦਵਾਨਾਂ ਦੀ ਪ੍ਰੋੜ੍ਹਤਾ ਦਾ ਮੇਰੇ ਲਈ ਕੁਝ ਨਾ ਵਟਿਆ ਗਿਆ; ਗਿਆਨੀ ਜੀ ਦੇ ਭੰਡੀ-ਪਰਚਾਰ ਨੇ ਏਨਾ ਜ਼ੋਰ ਫੜ ਲਿਆ, ਕਿ ਜਿਹੜੀ ਅਕਾਲੀ ਫੂਲਾ ਸਿੰਘ ਦੀ ਸਮਾਧ-ਕਮੇਟੀ

ਮੇਰਾ ਏਨਾ ਸਨਮਾਨ ਕਰਦੀ ਸੀ, ਉਹ ਵੀ ਸ਼ਾਕੀ ਹੋ ਗਈ। ਗੁਰਦੁਆਰੇ ਦੇ ਸਿੱਖ ਮੁਜ਼ਾਰਿਆਂ ਦੇ ਪੱਟੇ ਉਹਨਾ ਬਦਲਾ ਦੇਣੇ ਚਾਹੇ ਮਤੇ ਮੇਰੇ ਅਸਰ ਹੇਠਾਂ ਆ ਕੇ ਉਹ ਮੁਜ਼ਾਰੇ ਗੁਰਦੁਆਰੇ ਦੀਆਂ ਜ਼ਮੀਨਾਂ ਉਤੇ ਕਾਬਜ਼ ਹੀ ਹੋ ਜਾਂਦੇ ਹੋਣ। ਸਿਖ ਮੁਜ਼ਾਰਿਆਂ ਨੇ ਜ਼ਮੀਨਾਂ ਬਦਲਣੋਂ ਇਨਕਾਰ ਕਰ ਦਿੱਤਾ। ਏਸ ਸੰਬੰਧ ਵਿਚ ਸ਼ੰਕਾ ਮੇਰੇ ਉਤੇ ਕੀਤਾ ਜਾ ਸਕਦਾ ਸੀ, ਪਰ ਏਸ ਮੁਕੱਦਮੇ ਦਾ ਫ਼ੈਸਲਾ ਕਰਨ ਲਈ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗਿਆਨੀ ਗੁਰਮੁਖ ਸਿੰਘ ਜੀ ਮੁਸਾਫ਼ਰ ਤੇ ਜਥੇਦਾਰ ਮੋਹਨ ਸਿੰਘ ਜੀ ਵਰਗੇ ਸਿਆਣੇ ਸੱਜਣ ਆਏ, ਤੇ ਉਹਨਾਂ ਝਗੜਾ ਵਧਣ ਨਾ ਦਿੱਤਾ। ਉਹਨਾਂ ਦੇ ਮੁਨਸਫ਼ਾਨਾ ਤੇ ਸੁਚੱਜੇ ਰਵੱਈਏ ਦੀ ਯਾਦ ਅੱਜ ਤੱਕ ਮੇਰੇ ਦਿਲ ਵਿਚ ਹੈ। ਪਰ ਮੇਰੀ ਉਪਰਾਮਤਾ ਉਹ ਵੀ ਨਾ ਘਟਾ ਸਕੇ। ਭਾਵੇਂ ਮਸ਼ੀਨੀ ਖੇਤੀ ਦੀ ਪ੍ਰਯੋਜਨਾ ਉਤੇ ਮੈਂ ਕਿੰਨਾ ਹੀ ਸਰਮਾਇਆ ਲਾ ਚੁੱਕਾ ਸਾਂ, ਤਾਂ ਵੀ ਜਿਦ੍ਹੇ ਉਤੇ ਨਾਸਤਕਤਾ ਦਾ ਫ਼ਤਵਾ ਲੱਗ ਜਾਵੇ ਉਹਦਾ ਧਰਮ-ਅਸਥਾਨ ਦੀ ਜ਼ਮੀਨ ਉਤੇ ਰਹਿਣਾ ਮੈਨੂੰ ਬੇ-ਮੁਨਾਸਬ ਲੱਗਣ ਲੱਗ ਪਿਆ।

ਓਸ ਸਮੇਂ ਅਬਦੁਲ ਗੁਫ਼ਾਰ ਖ਼ਾਨ ਜਿਨ੍ਹਾਂ ਨੂੰ ਸਰਹੱਦੀ ਗਾਂਧੀ ਆਖਿਆ ਜਾਂਦਾ ਸੀ, ਕਈ ਸਾਲਾਂ ਦੀ ਜੇਲ੍ਹ ਕੱਟਣ ਬਾਅਦ ਆਪਣੇ ਘਰ ਆਏ। ਲੋਕਾਂ ਦੇ ਦਿਲਾਂ ਵਿਚ ਉਨ੍ਹਾਂ ਲਈ ਅਥਾਹ ਪਿਆਰ ਸੀ। ਉਹ ਆਪਣੇ ਇਲਾਕੇ ਦਾ ਦੌਰਾ ਕਰ ਰਹੇ ਸਨ। ਉਹ ਸਾਡੇ ਪਿੰਡ, ਪੀਰ ਸਬਾਕ ਵੀ ਆਏ। ਪਿੰਡ ਦੀ ਮਸਜਿਦ ਵਿੱਚ ਉਨ੍ਹਾਂ ਦੀ ਤਕਰੀਰ ਸੀ।

ਪਹਿਲੀ ਵਾਰੀ ਜ਼ਿੰਦਗੀ ਵਿਚ ਮੈਂ ''ਲੋਕਾਂ ਦੇ ਮਨੁੱਖ'' ਨੂੰ ਵੇਖਿਆ। ਸਭ ਦੁੱਖੜੇ ਭੁੱਲ ਗਏ। ਪਿਛਲੀ ਸਫ਼ ਵਿਚ ਖੜੋਣ ਦਾ ਆਦੀ ਹੋਣ ਕਰਕੇ ਮੈਂ ਓਦੋਂ ਤੱਕ ਕਿਸੇ ਵੱਡੇ ਆਦਮੀ ਨੂੰ ਏਡੀ ਨੇੜਿਓਂ ਨਹੀਂ ਸੀ ਵੇਖਿਆ ਹੋਇਆ। ਲੋਕਾਂ ਵਰਗੀ ਪੁਸ਼ਾਕ ਸਲਵਾਰ ਕਮੀਜ਼ ਵਿਚ, ਖੁੱਲ੍ਹੇ ਮਸਤਕ ਤੇ ਚਮਕਦੀਆਂ ਅੱਖਾਂ ਵਾਲਾ ਲੰਮਾ ਝੰਮਾ ਤੰਦਰੁਸਤ ਇਨਸਾਨ, ਖੜੋਤਾ ਲੋਕਾਂ ਦੀ ਬੋਲੀ ਵਿਚ ਗੱਲਾਂ ਕਰ ਰਿਹਾ ਸੀ। ਮੂੰਹੋਂ ਫੁੱਲ ਝੜਨ ਵਾਲੀ ਗੱਲ ਕੋਈ ਵੱਡੀ ਅਤਿ-ਕਥਨੀ ਮੈਨੂੰ ਨਾ ਜਾਪੀ। ਜਿਸ ਮਨੁੱਖ ਦਾ ਦਿਲ ਲੋਕਾਂ ਦੇ ਦਿਲਾਂ ਨਾਲ ਇੱਕ-ਸੁਰ ਹੋ ਜਾਂਦਾ ਹੈ, ਉਹਦੇ ਸ਼ਬਦਾਂ ਵਿੱਚ ਫੁੱਲਾਂ ਦਾ ਖੇੜਾ ਆ ਜਾਂਦਾ ਹੈ। ਵਰ੍ਹਿਆਂ-ਬੱਧੀ ਕੈਦ ਤੇ ਬੇਅੰਤ ਭੂਠੀਆਂ ਊਜਾਂ ਨੇ ਚਿੰਤਾ ਦੀ ਇੱਕ ਲਕੀਰ ਵੀ ਏਸ ਹਸ-ਮੁਖ ਇਨਸਾਨ ਦੇ ਚਿਹਰੇ ਉਤੇ ਨਹੀਂ ਪਾਈ ਸੀ। ਕੌਮੀ ਆਜ਼ਾਦੀ ਲਈ ਹਰ ਦੁਖ ਝੱਲਣ ਦੀ ਪ੍ਰੇਰਨਾ ਉਹ ਦੇ ਰਿਹਾ ਸੀ, ਉਹ ਇਸਤਰੀਆਂ ਨੂੰ ਬਹਾਦਰ ਲੋਕਾਂ ਵਿਚ ਪ੍ਰਚਲਤ ਇੱਕ ਕਹਾਵਤ ਸੁਣਾ ਰਿਹਾ ਸੀ:

''ਮੇਰੀਓ ਮਾਵੋਂ ਤੇ ਭੈਣੋ! ਬਹਾਦਰਾਂ ਦੀਆਂ ਬੇਵਾਆਂ ਬਣਨਾ ਚੰਗਾ ਹੈ, ਗੁਲਾਮਾਂ ਦੀਆਂ ਵਹੁਟੀਆਂ ਬਣਨ ਨਾਲੋਂ। ਆਪਣੇ ਮਰਦਾਂ ਨੂੰ ਆਜ਼ਾਦੀ ਦੀ ਜੰਗ ਲਈ ਉਤਾਵਲੇ ਕਰ ਦਿਓ।''

''ਲੋਕਾਂ ਦੇ ਮਨੁੱਖ'' ਦੇ ਦੀਦਾਰ ਨੇ ਮੇਰੇ ਉਤੇ ਲੋੜੀਂਦਾ ਜਾਦੂ ਕਰ ਦਿੱਤਾ; ਜਿਹੜਾ ਹੌਸਲਾ ਮੇਰੇ ਪਰਮ-ਸਨੇਹੀ ਵੀ ਮੈਨੂੰ ਨਹੀਂ ਦੇ ਸਕੇ, ਉਹ ''ਬਾਦਸ਼ਾਹ ਖ਼ਾਨ'' ਇੱਕ ਸੁਖਾਲੀ ਜਿਹੀ ਮੁਸਕਰਾਹਟ ਨਾਲ ਮੇਰੇ ਅੰਦਰ ਵਸਾ ਗਏ...ਓਸ ਰਾਤ ਆਪਣੀ ਆਦਤ ਅਨੁਸਾਰ, ਚੁਪ ਸੰਕੇਤਾਂ ਦੇ ਭੰਡਾਰ, ਹਨੇਰੇ ਦੇ ਰੌਸ਼ਨ ਦਿਲ ਵਿੱਚੋਂ ਮੈਂ ਆਪਣੇ ਜੀਵਨ-ਮਾਰਗ ਦੀ ਸੇਧ ਢੂੰਡਣ ਦਾ ਜਤਨ ਕੀਤਾ। ਤੇ ਸੇਧ ਮੈਨੂੰ ਸਾਫ਼ ਦਿੱਸ ਪਈ।

ਜਿਵੇਂ ਬਿਜਲੀ ਦੇ ਚਮਕਾਰ ਵਿਚ ਦੂਰ ਤਕ ਆਪਣਾ ਰਾਹ ਦਿੱਸ ਪੈਂਦਾ ਹੈ, ਓਵੇਂ ਇੱਕਦਮ ਮੈਨੂੰ ਸਮਝ ਆ ਗਈ ਕਿ ਇੱਕ ਵਿਦਵਾਨ ਗਿਆਨੀ ਜੀ ਦਾ ਜਹਾਦ ਮੇਰੇ ਨਾਲ ਕੋਈ ਬੇ-ਨਿਆਈਂ ਨਹੀਂ, ਕੋਈ ਦੁਸ਼ਮਣੀ ਜਾਂ ਵੈਰ ਨਹੀਂ, ਸਗੋਂ ਮੇਰੀ ਸ਼ਖ਼ਸੀਅਤ ਦੀ ਨਵੀਂ ਉਸਾਰੀ ਲਈ ਕਈ ਪੁਰਾਣੀਆਂ ਨੀਹਾਂ ਵਿੱਚੋਂ ਮਲਬੇ ਦਾ ਸੁੱਟ ਕੱਢਣਾ ਹੈ। ਇਹ ਆਫ਼ਤ ਨਹੀਂ, ਜ਼ਿੰਦਗੀ ਦੀਆਂ ਵੱਡੀਆਂ ਬਰਕਤਾਂ ਵਿਚੋਂ ਹੈ। ਜਿਹੜਾ ਅਜੇ ਆਪਣੀ ਨਿੰਦਿਆ ਨਹੀਂ ਸੁਣ ਸਕਦਾ, ਨੁਕਤਾਚੀਨੀ ਨਹੀਂ ਸਹਾਰ ਸਕਦਾ, ਉਹਦੇ ਡੋਲਦੇ ਦਿਲ ਨੂੰ ਸ਼ਖ਼ਸੀਅਤ ਦੇ ਮੁਨਾਰਿਆਂ ਉਤੇ ਚੜ੍ਹਨ ਦੀ ਆਗਿਆ ਨਹੀਂ ਮਿਲਦੀ। ਉਸਾਰਨ ਦੀ ਯੋਗਤਾ ਨਾਲੋਂ ਵੀ ਪਹਿਲਾਂ ਨਿੰਦਿਆ ਤੇ ਨੁਕਤਾਚੀਨੀ ਸਹਾਰਨ ਦੀ ਸ਼ਕਤੀ ਓਸ ਕਿਸੇ ਨੂੰ ਪੈਦਾ ਕਰਨੀ ਚਾਹੀਦੀ ਹੈ, ਜਿਸ ਕਿਸੇ ਨੇ ਆਪਣੇ ਨਾਲੋਂ ਕੋਈ ਵਡੇਰਾ ਮਨੋਰਥ ਆਪਣੇ ਜੀਵਨ ਦਾ ਚੁਣ ਲਿਆ ਹੈ।

''ਪ੍ਰੀਤ ਲੜੀ'' ਦਾ ਅਰੰਭ ਕਰਨ ਲੱਗਿਆਂ ਜਿਹੜਾ ਮਨੋਰਥ ਮੈਂ ਬਣਾਇਆ ਸੀ, ਉਹ ਮੈਨੂੰ ਛੋਟਾ ਜਾਪਣ ਲੱਗ ਪਿਆ। ਮੈਂ ਲੋਚਿਆ ਸੀ , ਪਿਆਰ ਦੀ ਮਹੱਤਤਾ ਦੱਸਾਂਗਾ, ਜ਼ਿੰਦਗੀ ਦੀ ਕਿਸੇ ਤਿੱਤਰ-ਖੰਭੀ ਬੱਦਲੀ ਉਤੇ ਸੂਰਜ ਦੇ ਖਿਲਰੇ ਸੋਨੇ ਵਲ ਕਿਸੇ ਦੀ ਝਾਤ ਪੁਆਵਾਂਗਾ, ਜ਼ਿੰਦਗੀ ਦੇ ਤਾਣੇ ਵਿਚ ਕੋਈ ਸੁਹਣੀ ਪਿੜੀ ਪੁਆਵਾਂਗਾ, ਹੱਫ਼ੀ ਹੁਸੜੀ ਜ਼ਿੰਦਗੀ ਨੂੰ ਕੋਈ ਅਮਨ ਚੈਨ ਦਾ ਸੰਦੇਸ਼ ਦੇਵਾਂਗਾ।

ਪਰ ਹਨੇਰੇ ਦੇ ਰੌਸ਼ਨ ਦਿਲ ਵਿਚੋਂ ਮੈਨੂੰ ਕਈ ਅਨੋਖੇ ਇਸ਼ਾਰੇ ਮਿਲੇ। ਇਹ ਰੌਸ਼ਨ ਦਿਲ ਚੁੱਪ ਸ਼ਬਦਾਂ ਵਿਚ ਮੈਨੂੰ ਕਹਿ ਰਿਹਾ ਸੀ:

''ਅਮਨ ਉਸ ਕੰਵਾਰੀ ਦੇ ਕੰਵਾਰੇਪਣ ਵਰਗਾ ਹੈ, ਜਿਹੜਾ ਜੇ ਕਾਇਮ ਰਹੇ ਤਾਂ ਹੋਰ ਕੰਵਾਰੀ ਵੀ ਪੈਦਾ ਨਹੀਂ ਹੋਵੇਗੀ। ਚੰਗੇਰੀਆਂ ਕੰਵਾਰੀਆਂ ਪੈਦਾ ਕਰਨ ਲਈ ਕੰਵਾਰੀਆਂ ਨੂੰ ਆਪਣਾ ਕੰਵਾਰਾਪਣ ਤੋੜਨਾ ਹੀ ਪੈਂਦਾ ਹੈ। ਅਮਨ ਵੀ ਅਹਿਲ ਅਚੱਲ ਅਵਸਥਾ ਨਹੀਂ, ਵਡੇਰੇ ਅਮਨ ਦੀ ਅਸਥਾਪਨਾ ਦੀ ਇੱਛਾ ਅਮਨ ਨੂੰ ਕਦੇ ਵੀ ਨਿਹਚਲ ਨਹੀਂ ਰਹਿਣ ਦੇਂਦੀ। ਤੇਰਾ ਕੰਮ ਨਿਰੇ ਅੱਥਰੂ ਪੂੰਝਣਾ ਜਾਂ ਮੁਸਕਾਨਾਂ ਲਿਆਉਣਾ ਨਹੀਂ, ਨਿਰੀਆਂ ਤਿੱਤਰ-ਖੰਭੀਆਂ ਬੱਦਲੀਆਂ ਦੀ ਝਿਲਮਿਲ ਦਰਸਾਉਣਾ ਨਹੀਂ ! ਤੈਨੂੰ ਸਿੱਥਲ ਵਿਸ਼ਵਾਸ ਝੰਜੋੜਨੇ ਹੋਣਗੇ, ਤੇ ਤੈਨੂੰ ਸੂਰਜ ਦੀ ਰੌਸ਼ਨੀ ਹੀ ਨਹੀਂ ਉਹਦੀ ਤਾਪ-ਸ਼ਕਤੀ ਦਾ ਗਿਆਨ ਵੀ ਦੇਣਾ ਪਵੇਗਾ। ਤੂੰ ਬੀਤੇ ਦੀ ਸ਼ਾਨ ਨਾਲ ਦਿਲ ਨਹੀਂ ਪਰਚਾਣੇ ਹੋਣਗੇ; ਤੈਨੂੰ ਨਵੇਂ ਭਵਿੱਖ ਦੀਆਂ ਜਨਮ-ਪੀੜਾਂ ਦੇਂਦੇ ਰਹਿਣਾ ਹੋਵੇਗਾ। ਤੂੰ ਮੋਈਆਂ ਰਸਮਾਂ ਦੇ ਹੱਡ ਚੁਣ ਕੇ ਜ਼ਿੰਦਗੀ ਦਾ ਰਾਹ ਸਾਫ਼ ਕਰਨਾ ਹੋਵੇਗਾ, ਤੇ ਜੰਮੇ ਹੋਏ ਵਿਸ਼ਵਾਸਾਂ ਨੂੰ ਪੰਘਰਾ ਕੇ ਨਵੀਂ ਰਵਾਨੀ ਦੇਣੀ ਹੋਵੇਗੀ; ਤੈਨੂੰ ਪੁਰਾਣੇ ਖੰਡਰ ਢਾ ਕੇ ਮਲਬਾ ਹੂੰਝਣਾ ਪਵੇਗਾ; ਤੈਨੂੰ ਖੰਡਰਾਂ ਨਾਲ ਭੂਤਾਂ ਵਾਂਗ ਚੰਬੜੇ ਰਹਿਣ ਵਾਲੇ, ਨਵੀਆਂ ਆਸਾਂ ਤੋਂ ਵਿਰਵੇ ਮਨੁੱਖਾਂ ਦੇ ਝੱਲੇ ਕਹਿਰ ਨਾਲ ਟੱਕਰ ਲੈਣੀ ਪਵੇਗੀ .....ਤੈਨੂੰ ਸ਼ਾਇਦ ਏਸ ਸੰਗਰਾਮ ਵਿਚ ਮਰਨਾ ਵੀ ਪੈ ਜਾਵੇ, ਤੇ ਉਸਾਰੀ ਦਾ ਕੰਮ ਤੇਰਾ ਛੁਹਿਆ ਵੀ ਨਾ ਜਾਏ....ਪਰ ਉਪਰਾਮ ਨਾ ਹੋ! ਬਾਧਕ ਖੰਡਰਾਂ ਦੀ ਦਵਾਈ ਦਾ ਕੰਮ ਨਵੀਂ ਉਸਾਰੀ ਨਾਲੋਂ ਘੱਟ ਦਰਜਾ ਨਹੀਂ ਰਖਦਾ। ਨਹੀਂ! ਨਹੀਂ! ਵਡੇਰਾ ਦਰਜਾ ਰੱਖਦਾ ਹੈ! ਕਿਉਂਕਿ ਇਸ ਢੁਆਈ ਤੇ ਸਫ਼ਾਈ ਤੋਂ ਪਹਿਲਾਂ ਨਵੀਂ ਉਸਾਰੀ ਦੀ ਇੱਕ ਇੱਟ ਵੀ ਧਰੀ ਨਹੀਂ ਜਾ ਸਕਦੀ।

ਜਦੋਂ ਮੈਂ ਸਵੇਰੇ ਉਠਿਆ, ਮੈਂ ਕੋਈ ਨਵਾਂ ਮਨੁੱਖ ਸਾਂ।

# Buddha Purnima Reflections: KBS SIDHU

## Parallels Between Buddha's Dhamma and Communism

### ..A Global Salute to the Light of Enlightenment:

Regarded by hundreds of millions as a leading and lasting apostle of peace, Gautama Buddha (circa 563 BCE – 483 BCE) remains inextricably woven into the Indian psyche. While only around 1.5% of Indians formally identify as Buddhists today, the cultural and philosophical legacy of Buddha transcends religious boundaries. His life story and teachings continue to inspire philosophers, reformers, revolutionaries, and the common person alike, cutting across lines of caste, class, religion, and ideology.

...In Sarnath (near modern-day Varanasi), ... he delivered his first sermon, known as the "Dharma Chakra Parivartana"—the Turning of the Wheel of the Law. This foundational act of expounding the Dhamma marked the beginning of the Buddhist Sangha and formal dissemination of his teachings.

### From Ashoka to Ambedkar:

The Dharma Chakra and India's Constitutional Soul

The symbol of that turning wheel— the Dharma Chakra—was later embraced by Emperor Ashoka (reigned circa 268–232 BCE), India's most famous Mauryan ruler and one of history's earliest examples of a sovereign who governed by moral conviction rather than force. After his conversion to Buddhism, Ashoka propagated the teachings of Buddha across Asia and beyond through edicts, stupas, and missionary efforts. It is from this period that the Ashokan Lion Capital and the Dharma Chakra were adopted into the official iconography of India.

..Ashoka Chakra—with its 24 spokes symbolising righteous action and universal moral order—now adorns the centre of the Indian National Flag, and the Ashokan Emblem has been enshrined as the official emblem of the Republic of India. These are not mere decorative artefacts—they represent a conscious embrace of Buddha's values into the modern Indian national psyche and constitutional identity.

The influence of Buddha's egalitarian ethos extended far beyond symbolism. The values of equity, equality, fraternity, and social justice—enshrined in the Preamble and core articles of the Indian Constitution—bear unmistakable traces of Buddhist moral philosophy. This resonance is especially evident in the life and thought of Dr. B.R. Ambedkar, the principal architect of the Indian Constitution. A lifelong admirer of Buddha's teachings and their rejection of caste hierarchy, Ambedkar embedded these humanist values into the very fabric of the Indian Republic.

Although Dr. Ambedkar did not formally convert to Buddhism until October 14, 1956, just two months before his passing, and well after the Constitution had been adopted in 1950 and his resignation as Law Minister in 1951, the intellectual and ethical framework he brought to the Constituent Assembly was deeply inspired by Buddhist ideals. For him, the Dhamma was not merely a religious path but a radical instrument of social transformation—precisely the kind of foundation he envisioned for an independent, democratic, and just India.

### Buddha Invented Communism? ...

thought on the similarities between Buddha's teachings and communist doctrines...how both sought to challenge entrenched hierarchies, propose egalitarian ideals, and reimagine human relations beyond the material.

### 1) Renunciation of Wealth:

Buddha famously renounced his princely riches and luxurious life in search of enlightenment, preaching detachment from material wealth as a path to spiritual liberation. This fundamental tenet mirrors the communist critique of wealth accumulation and capitalist excess, advocating for a society where wealth does not dictate one's value

or power. Buddha's rejection of caste-based privilege and economic inequality echoes in modern critiques of class divisions and exploitative systems that communism sought to dismantle.

### 2)Sanghas ..Communes:

The establishment of Sanghas by Buddha, communities where monks live and practise together, can be likened to communist "communes." These Sanghas operated on principles of collective living and mutual support, with lay followers encouraged to support these communities through donations and bequests, embodying a form of economic redistribution. Sanghas promoted simplicity, cooperation, and the idea that no one should hoard more than necessary— values that resonate deeply with Marxist visions of shared resources and collective well-being.

### 3) Centralised Authority:

In the Sangha, Buddha's word was paramount, akin to the General Secretary of the Communist Party whose directives are undisputed. This centralisation of authority under a single figure or ideology is a common feature in both systems, guiding the moral and practical life of the community. In both cases, this authority was not merely administrative but deeply philosophical—anchored in a belief system that promised liberation, whether from suffering or exploitation.

### 4) Ambivalence Towards Deities:

Buddhism emphasises personal enlightenment over deity worship, aligning with communism's secular focus. Both prioritise human agency in achieving societal or spiritual goals, with communism under Lenin and Stalin advocating state atheism to consolidate ideological authority. This parallel showcases a shared emphasis on self-reliance and rationalism in shaping human destiny. The Buddha's silence on metaphysical speculation mirrors communism's materialist stance, redirecting focus from the divine to the human condition.

### 5) Supremacy of the Dhamma:

Just as the Communist Manifesto is held as the ideological blueprint for a communist society, Buddha's Dhamma serves as the ultimate guide for achieving enlightenment and liberation from suffering. Both texts provide a comprehensive worldview and a path forward for adherents. They are not passive readings but active blueprints—meant to reshape minds, institutions, and collective futures with unwavering commitment.

### 6) Absence of Democracy:

Neither early Buddhist Sanghas nor communist regimes emphasised democratic decision-making, often favouring a hierarchical or centralised model of governance. ...a belief in the infallibility of the enlightened or ideologically pure leader(s). In both, the authority of the doctrine or leader ...viewed as superior to the will of the majority...

### 7) State Religion and Ideology:

Emperor Ashoka's conversion to Buddhism effectively made it a state religion in ancient India, similar to how communist ideologies became the sole political doctrine in countries like the Soviet Union. .. Ashoka's patronage allowed Buddhism to flourish beyond India, just as state machinery helped communism expand across continents—both proving that ideas, when coupled with power, can transcend borders.

### 8) Military Defence:

...the existence of Japan's warrior monks (sohei) illustrates that Buddhism was not entirely passive against external threats, reflecting complexities similar to those in the defence policies of communist states. The Buddhist commitment to non-violence was challenged in turbulent times, much as communist regimes

## KBS SIDHU

justified militarisation as a means to protect revolution and ideology. The absence of a defence strategy may have played a role in Buddhism's decline in its birthplace, while the Soviet Union's collapse was partly due to excessive military expenditure.

### 9) Idolisation and Legacy:

Despite Buddha's stance against idol worship, his statues and images proliferate worldwide. Similarly, figures like Lenin and Mao remain revered icons in countries that have moved towards market economies, symbolising the enduring power of ideology beyond the lives of its founders. The idols survive, while their ideals have been quietly buried... underscoring the paradox between doctrine and devotion.

### Ideologies in Exile:

From Bodh Gaya to Berlin and Beyond: One of the most intriguing parallels between Buddhism and communism lies in .. their global influence. Both systems of thought, though born in specific cultural and political settings, spread far beyond their geographic origins. Buddhism, while rooted in ancient India, flourished across East and Southeast Asia, becoming deeply entrenched in countries like Sri Lanka, China, Japan, Thailand, and Myanmar.




**Upon arriving in Brazil and witnessing slavery up close**

**Charles Darwin** wrote

Near Rio de Ja eiro, my neighbor across the street was an old lady who had thumb-screws with which she crushed the fingers of her slaves. In a house where I stayed before, a young mulatto servant was, every day and at all times, insulted, beaten, and pursued with a fury capable of discouraging even the lowest of animals.

I saw a child of six or seven years old struck on the head with a whip (before I could intervene) because he had served me a glass of water that was slightly muddy...

Ironically, its presence in India—the land of its birth—diminished significantly over the centuries, even as its influence reshaped civilisations abroad.

...Though its theoretical foundations were laid by Karl Marx, a German philosopher and economist, communism never found deep roots in Germany itself. ...The practical and revolutionary expressions of communism would instead take shape in Russia, China, Cuba, Vietnam, and elsewhere. ... __distant lands adopted, adapted, and sometimes even transformed those visions into formidable sociopolitical forces.

### Summing Up:

...Both Buddhism and communism sought in their ways to redefine the relationship between individuals, their societies, and the material world. Each questioned the status quo—be it through renunciation or revolution—and sought liberation from deeply entrenched suffering, whether spiritual or socio-economic.

.. we are reminded that ideas endure beyond empires, and that peace—like revolution—begins within.

[The KBS Chronicle

# 12 Clues You Might Have Heart Disease

## Heart disease may often start with subtle signs. From fatigue to chest pain, learn the clues that could reveal problems before they worsen.

**1. Sleep Apnea:** When your snoring is broken up by pauses in your breathing, your brain may not be getting enough oxygen. It will send signals to your blood vessels and heart to work harder to keep blood flow going. This raises your risk for high blood pressure, abnormal heart rhythms, strokes, and heart failure. Fortunately, sleep apnea is treatable.

**2. Yellow-Orange Bumpy Rash:** Extremely high triglyceride levels can make your skin break out around the knuckles of your fingers and toes and on your bottom. A lot of these fats in your blood may play a role in hardening your arteries, and high numbers are often related to other conditions that put you at risk for heart disease and strokes, too.

**3. Poor Grip Strength:**

The strength of your hand may tell you something about the strength of your heart. Research suggests the ability to squeeze something well may be associated with a lower risk of heart disease. If it's hard for you to grasp an object, odds are higher that you have or could develop problems. (But improving your grip strength alone won't necessarily make your heart healthier.)

**4. Dark Spot Under Nails:** If you haven't banged or hurt your finger or toe recently, little dots of blood trapped under your nail could point to an infection in the lining of your heart or valves, called endocarditis. You can also get these blood specks when you have diabetes, and people with that condition are two to four times more likely to have heart disease and strokes.

**5. Dizziness:** Lightheadedness is often a direct result of something wrong with your heart because it isn't pumping enough blood to your brain. Dizziness could be a symptom of an abnormal rhythm, called an arrhythmia. Heart failure, meaning the weakening of the muscle, can also make you unsteady. Feeling woozy is one of the many lesser-known symptoms of a heart attack, too.

**6. Sexual Problems:** Some troubles in the bedroom could mean you have heart disease and a greater risk for a heart attack or stroke. Men with erectile dysfunction may have circulation problems related to high blood pressure or narrow arteries from cholesterol buildup. These blood-flow problems can also lessen a woman's libido and ability to enjoy.

**7. Skin Color Changes:** Blue or gray fingers and toes could be from poor circulation of oxygen-rich blood, often due to a heart defect you were born with or narrowed or blocked blood vessels. A lacy, mottled, purple pattern shows up when bits of built-up cholesterol plaques break off, then get stuck in small blood vessels. You might get bloody splotches just under the skin on the inside of your hands and the soles of your feet when you have endocarditis.

**8. Bleeding Gums:** Experts don't totally understand the link between gum disease and heart disease. But studies suggest that bleeding, swollen, or tender gums may lead to trouble with your ticker. One theory is that bacteria from your gums gets into your bloodstream and sets off inflammation in your heart. Having gum disease, which can lead to tooth loss, may also raise your chances of a stroke.

**9. Dark, Velvety Skin Patches:** You may find these thick spots, called acanthosis nigricans, in skin folds and creases such as your neck, armpits, and groin when your body has trouble using the hormone insulin. The patches could have skin tags, too. If you aren't being treated for insulin resistance, metabolic syndrome, or type 2 diabetes, see your doctor for help controlling your blood sugar and protecting your heart.

**10. Trouble Breathing:** Feeling short of breath can be a symptom of heart failure, an abnormal heart rhythm, or a heart attack. Tell your doctor if you struggle to catch your breath after doing things that used to be easy for you, or if it's hard to breathe while lying down. Have chest pain, too? Call for Emergency help..

**11. Swelling In Lower Legs:** It happens when you stand or sit for a long time, and it's also common during pregnancy. Fluid build-up can also stem from heart failure and poor circulation in your legs. Swollen legs could be from a clot that's blocking the return of blood from your lower limbs to your heart. Call your doctor right away if swelling comes on suddenly.

**12. Fatigue:** Don't always chalk it up to poor sleep. Heart failure can leave you tired and drained, because the muscle no longer pumps well enough to meet your body's needs. Watch for other symptoms, such as coughing and swelling, too, since feeling wiped out and weak can be a warning sign of many different conditions, including anemia, cancer, or even depression. WEB MD Daily

# How Van Gogh's sister in law decided the world was wrong- that his paintings were of immense value




Her name was Johanna Bonger. Remember it.

In January 1891, she was 28 years old, standing alone in a cold Paris apartment, holding a newborn son. Her husband Theo had just died. Six months earlier, his older brother Vincent had died too.

She had almost nothing left.

Except the paintings.

Over 200 canvases stacked against every wall. Swirling skies. Burning sunflowers. Fields that seemed to move. Hundreds of letters the two brothers had written to each other across years of separation, love, and struggle.

Everyone she trusted told her the same thing: let them go. Dealers shrugged. Critics looked away. Vincent van Gogh was considered an eccentric failure — someone whose violent colors and restless brushwork had never sold, never impressed, never landed. His work was seen as the output of an unstable mind, not a genius one.

Johanna was advised to leave the paintings with dealers in Paris. To move on. To build a quiet life.

She packed every single one and took them home. She moved to a small town in the Netherlands called Bussum, opened a boarding house to support herself and her son, and hung Vincent's paintings on every wall — so that every guest who passed through would have to look at them.

Then she sat down with 902 letters and started reading.

What she found broke her open.

These were not the scattered writings of a madman. They were the words of a man who ached with sensitivity, who described color the way poets describe heartbreak, who loved his brother so completely that every letter felt like a lifeline thrown across distance. She realized something that the entire art world had missed: the paintings and the letters were one thing. To understand the work, you had to hear the man.

So she made sure the world could hear him.

She wrote to critics in Dutch, English, French, and German. She organized exhibitions — small ones at first, then larger. She placed paintings with care, always choosing venues where the most eyes could find them. She faced dismissal at every turn. She was called sentimental. Naive. A grieving widow who didn't understand what she had.

She kept working.

Slowly, something shifted. A critic softened. A collector leaned in. An exhibition drew a crowd. Then another.

In 1914, she published the letters — three volumes, Vincent's own words, unfiltered. Overnight, the tortured myth became a human being. Readers met a man of extraordinary tenderness and vision. And the world that had once ignored his paintings began to weep over them.

That same year, she had Theo's body moved from Utrecht to the small cemetery in Auvers-sur-Oise, France — so the brothers could rest beside each other, as they had always belonged.

By the time Johanna died in 1925, Vincent van Gogh was among the most celebrated artists in history. Her son, Vincent Willem, later founded the Van Gogh Museum in Amsterdam. It opened in 1973 and has welcomed tens of millions of visitors since.

None of it happens without her. Not the museum. Not the letters. Not the legend. A 28-year-old woman with a baby and a boarding house looked at what the world called worthless — and decided the world was wrong. Vincent painted the light that no one else could see.

Johanna made sure it was never put out.

informatify hpttps://www.facebook.com/people/informatify

“ਪਾਠਕਾਂ ਨੂੰ ਬੇਨਤੀ ਹੈ ਕਿ “ਪ੍ਰੀਤ ਲੜੀ ਦੀ ਕਿਸ ਗੱਲ ਨੇ ਮੇਰੇ ਜੀਵਨ ਨੂੰ ਬਦਲ ਦਿੱਤਾ” ਉੱਤੇ ਸਾਦਾ ਜਿਹੇ ਸਿਰਫ 200 ਸ਼ਬਦ ਛੇਤੀ ਤੋਂ ਛੇਤੀ ਭੇਜਣ। ਵੱਡੀ ਜਾਪਾਨੀ ਕੰਪਨੀ ਵੱਲੋਂ ਪ੍ਰੀਤ ਲੜੀ ਦੇ 100ਵੇਂ ਸਾਲ ਲਈ ਬਣ ਰਹੀ ਕੌਫੀ ਟੇਬਲ ਬੁਕ ਦੇ ਲਈ। ਲੰਮੀ ਲਿਖਤ ਭਾਵੇਂ ਫੇਰ ਕਦੇ ਲਿਖ ਲੈਣ। -ਸੰਪਾਦਕ।

JUNE 2026 PREET LARI REGN NO. L-1/ASR/004/2026-28 RNI No. 107/57